**Mitter Sain Meet De Novel 'Kaurav Sabha' 'ch Myth Rupantarn**

# ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' 'ਚ ਮਿੱਥ ਰੂਪਾਂਤਰਨ

**Mitter Sain Meet De Novel 'Kaurav Sabha' 'ch Myth Rupantarn**

Submitted To

## LOVELY PROFESSIONAL UNIVERSITY

in partial fulfillment of the requirements for the award of degree of

## MASTER OF PHILOSOPHY (M.Phil.) IN (PUNJABI)

**Supervisor**
Dr. Avtar Singh

**Investigator**
Ramandeep Singh
Reg. No - 11512458

**FACULTY OF BUSINESS AND ARTS**
**LOVELY PROFESSIONAL UNIVERSITY**
**PUNJAB**
**2016**

# ਘੋਸ਼ਣਾ-ਪੱਤਰ

ਮੈਂ ਰਮਨਦੀਪ ਸਿੰਘ ਇਹ ਬਿਆਨ ਕਰਦਾ ਹਾਂ ਕਿ ‘ਮਿੱਤਰ ਸੈਨ ਮੀਤ ਦੇ ਨਾਵਲ ‘ਕੌਰਵ ਸਭਾ’ ’ਚ ਮਿੱਥ ਰੂਪਾਂਤਰਨ’ ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਖੋਜਾਰਥੀ

ਰਮਨਦੀਪ ਸਿੰਘ

ਰਜਿ. ਨੰ. 11512458

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਰਮਨਦੀਪ ਸਿੰਘ ਨੇ ‘ਮਿੱਤਰ ਸੈਨ ਮੀਤ ਦੇ ਨਾਵਲ ‘ਕੌਰਵ ਸਭਾ’ ’ਚ ਮਿੱਥ ਰੂਪਾਂਤਰਨ’ ਵਿਸ਼ੇ ਉੱਤੇ ਐੱਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਹੇਠ ਖੋਜ ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐੱਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਨਿਗਰਾਨ

ਡਾ. ਅਵਤਾਰ ਸਿੰਘ

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਭੂਮਿਕਾ

ਮਿੱਤਰ ਸੈਨ ਮੀਤ ਨੇ ਆਪਣੇ ਵਿਸ਼ਾਲ ਅਨੁਭਵ ਨੂੰ ਇਕ ਖ਼ਾਸ ਦ੍ਰਿਸ਼ਟੀਕੋਣ ਤੇ ਖ਼ਾਸ ਵਿਸ਼ੇ-ਵਸਤੂ ਦੀ ਸਮਗਰੀ ਰਾਹੀਂ ਪੇਸ਼ ਕੀਤਾ ਹੈ। ਮਿੱਤਰ ਸੈਨ ਮੀਤ ਗਲਪ ਦੇ ਖੇਤਰ ਵਿਚ ਨਿਵੇਕਲੇ ਵਿਸ਼ਿਆਂ ਨੂੰ ਲੈ ਕੇ ਤੁਰਨ ਵਾਲਾ ਨਾਵਲਕਾਰ ਹੈ। ਪੰਜਾਬੀ ਨਾਵਲ ਜਗਤ ਵਿਚ ਉਸ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਦੀ ਪਰੰਪਰਾ ਵਿਚ ਵੱਡਾ ਪਰਿਵਰਤਨ ਦੇਖਣ ਨੂੰ ਮਿਲਦਾ ਹੈ। ਮੀਤ ਦੇ ਮੁੱਢਲੇ ਨਾਵਲ ਭਾਵੇਂ ਆਦਰਸ਼ਵਾਦੀ ਯਥਾਰਥ ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਰਚੇ ਗਏ ਹਨ ਪਰੰਤੂ ਉਸ ਦੇ ਬਾਅਦ ਵਾਲੇ ਨਾਵਲਾਂ ਵਿਚ ਜੋ ਪਰਿਵਰਤਨ ਦਿਖਾਈ ਦਿੰਦਾ ਹੈ, ਉਸ ਨਾਲ ਮਿੱਤਰ ਸੈਨ ਮੀਤ ਨੂੰ ਪੰਜਾਬੀ ਨਾਵਲ ਦੇ ਖੇਤਰ ਵਿਚ ਵਿਸ਼ੇ ਅਤੇ ਬਣਤਰ ਪੱਖੋਂ ਸਰੇਸ਼ਟਤਾ ਪ੍ਰਾਪਤ ਕਰਨ ਵਾਲੇ ਪ੍ਰਸਿੱਧ ਨਾਵਲਕਾਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਮਿੱਤਰ ਸੈਨ ਮੀਤ ਦਾ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਮਹੱਤਵਪੂਰਨ ਸਥਾਨ ਹੈ। ਉਸ ਨੇ ਆਪਣੇ ਨਾਵਲਾਂ ਵਿਚ ਅਜੋਕੇ ਸਮੇਂ ਦੀ ਯਥਾਰਥਿਕਤਾ ਅਤੇ ਅਨੈਤਿਕਤਾਵਾ ਨੂੰ ਵਿਸ਼ਾ ਬਣਾਇਆ ਹੈ। 'ਕੌਰਵ ਸਭਾ' ਮਿੱਤਰ ਸੈਨ ਮੀਤ ਦੁਆਰਾ ਰਚਿਤ ਬਹੁਤ ਹੀ ਚਰਚਿਤ ਨਾਵਲ ਹੈ ਇਸ ਨਾਵਲ ਵਿਚ ਉਸ ਨੇ ਅਜੋਕੇ ਸਮਾਜ-ਪ੍ਰਬੰਧ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਕੀਤੀ ਹੈ। ਇਸ ਨਾਵਲ ਦਾ ਆਧਾਰ ਮਹਾਂਭਾਰਤ ਵਿਚਲੇ ਕੌਰਵਾਂ ਅਤੇ ਪਾਂਡਵਾਂ ਦੀ ਕਥਾ ਹੈ। ਇਸ ਨਾਵਲ ਰਾਹੀਂ ਸਮਾਜ ਨੂੰ ਇਹ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਭ੍ਰਿਸ਼ਟ ਤੰਤਰ ਇਸੇ ਤਰ੍ਹਾਂ ਵਧਦਾ ਫੁੱਲਦਾ ਰਿਹਾ ਤਾਂ ਦੂਸਰੀ ਮਹਾਂਭਾਰਤ ਬਹੁਤ ਹੀ ਨਜ਼ਦੀਕ ਹੈ ਪਰ ਸਭ ਤੋਂ ਦੁੱਖ ਵਾਲੀ ਗੱਲ ਇਹ ਹੋਵੇਗੀ ਕਿ ਇਸ ਮਹਾਂਭਾਰਤ ਵਿਚ ਨੇਕੀ ਨੂੰ ਬਦੀ ਹੱਥੋਂ ਬਚਾਉਣ ਵਾਲਾ ਕੋਈ ਵੀ ਕ੍ਰਿਸ਼ਨ ਹਾਜ਼ਰ ਨਹੀਂ ਹੋਵੇਗਾ। ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਰਾਹੀਂ ਇੱਕ ਵੱਡਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿਚ ਆਪਣੇ ਸਮਾਜਕ ਸਿਸਟਮ ਨੂੰ ਇਕ ਸਹੀ ਸੇਧ ਦਿੱਤੀ ਜਾ ਸਕੇ ਅਤੇ ਇਹ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਸਕੇ।

'ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ' ਦਾ ਆਧਾਰ ਵੀ ਇਹੀ ਹੈ ਕਿ ਸਮਾਜਕ ਪ੍ਰਬੰਧ ਨੂੰ ਸੇਧ ਦੇਣਾ ਅੱਜ ਦੀ ਇੱਕ ਪ੍ਰਮੁੱਖ ਜ਼ਰੂਰਤ ਵੀ ਹੈ ਤੇ ਵੰਗਾਰ ਵੀ ਹੈ। ਐੱਮ.ਫਿਲ. ਦੇ ਖੋਜ-ਕਾਰਜ ਲਈ ਪ੍ਰਾਪਤ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਤੇ ਮਿੱਥ ਰੂਪਾਂਤਰਨ ਵਰਗੇ ਵੱਡੇ ਵਿਸ਼ੇ-ਖੇਤਰ ਕਾਰਨ ਹਥਲੇ ਖੋਜ ਕਾਰਜ ਲਈ ਮਿੱਤਰ ਸੈਨ ਮੀਤ ਦੇ ਕੇਵਲ ਇੱਕ ਹੀ ਨਾਵਲ 'ਕੌਰਵ ਸਭਾ' ਦੀ ਚੋਣ ਕੀਤੀ ਗਈ ਹੈ। ਇਸ ਖੋਜ-ਪ੍ਰਬੰਧ ਵਿਚ ਪੰਜਾਬੀ ਸ਼ਬਦ ਜੋੜਾਂ ਦੇ ਅਜੋਕੇ ਪ੍ਰਚੱਲਿਤ ਸ਼ਬਦ ਜੋੜਾਂ ਨੂੰ ਤਰਜੀਹ ਦਿੱਤੀ ਗਈ ਹੈ ਪਰੰਤੂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਪੁਸਤਕਾਂ ਦੇ ਨਾਮ, ਉਹਨਾ ਵਿਚੋਂ ਲਏ ਗਏ ਹਵਾਲਿਆਂ ਆਦਿ ਨੂੰ ਉਸੇ ਪ੍ਰਕਾਰ ਸ਼ਾਮਲ ਕੀਤਾ ਗਿਆ ਹੈ।

ਇਸ ਖੋਜ-ਕਾਰਜ ਨੂੰ ਪੂਰਾ ਕਰਨ ਲਈ ਇਸ ਨੂੰ ਮੁੱਖ ਪੰਜ ਭਾਗਾਂ ਵਿਚ ਵੰਡਿਆਂ ਗਿਆ ਹੈ, ਜਿਨ੍ਹਾਂ ਨੂੰ ਇਸ ਖੋਜ-ਕਾਰਜ ਦੀ ਅਧਿਆਇ ਵੰਡ ਦਾ ਨਾਮ ਦਿੱਤਾ ਗਿਆ ਹੈ।

ਪਹਿਲਾ ਅਧਿਆਇ 'ਸਿਧਾਂਤਕ ਪਿੱਠ ਭੂਮੀ' ਹੈ ਇਸ ਅਧਿਆਇ ਵਿਚ ਸੰਕਲਪਿਤ ਅਤੇ ਸਿਧਾਂਤਕ ਜਾਣਕਾਰੀ ਨੂੰ ਸੰਖੇਪ ਰੂਪ ਵਿਚ ਵਰਣਨ ਕੀਤਾ ਗਿਆ ਹੈ ਜਿਵੇਂ ਕਿ- ਮਿੱਥ, ਮਿੱਥ-ਵਿਗਿਆਨ, ਮਿੱਥ ਰੂਪਾਂਤਰਨ, ਸਾਹਿਤ ਅਤੇ ਸਾਹਿਤ ਸਿਧਾਂਤ ਦਾ ਅੰਤਰ-ਸੰਬੰਧ, ਪੰਜਾਬੀ ਨਾਵਲ ਦਾ ਆਰੰਭ ਤੇ ਵਿਕਾਸ, ਪੂਰਵ ਖੋਜ ਕਾਰਜ, ਵਿਸ਼ੇ ਦੀ ਸਾਰਥਿਕਤਾ, ਖੋਜ ਕਾਰਜ ਦੇ ਉਦੇਸ਼, ਖੋਜ ਕਾਰਜ ਦੀਆਂ ਵਿਧੀਆਂ, ਸੰਭਾਵਿਤ ਨਤੀਜੇ ਅਤੇ ਖੋਜ ਕਾਰਜ ਦੀ ਸਾਹਿਤਕ ਅਤੇ ਸਮਾਜਕ ਸਾਰਥਿਕਤਾ।

ਦੂਜਾ ਅਧਿਆਇ 'ਮਿੱਥ ਅਤੇ ਸਾਹਿਤ ਦਾ ਅੰਤਰ ਸੰਬੰਧ' ਹੈ ਇਸ ਵਿਚ ਮਿੱਥ-ਵਿਗਿਆਨ ਦੇ ਸਿਧਾਂਤਕ ਪਰਿਪੇਖ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮਿੱਥ ਦਾ, ਨਾਵਲ ਤੇ ਸਾਹਿਤ ਦੇ ਹੋਰ ਰੂਪਾਂ ਵਿਚਲੇ ਸਾਹਿਤਕ ਮਹੱਤਵ ਦਾ ਵਰਣਨ ਕੀਤਾ ਗਿਆ ਹੈ। ਲੋਕ ਸਾਹਿਤ ਤੋਂ ਲੈ ਕੇ ਵਿਸ਼ਿਸ਼ਟ ਸਾਹਿਤ ਤੱਕ ਮਿੱਥ ਪੇਸ਼ਕਾਰੀ ਦੀ ਵਿਕਾਸ ਪ੍ਰਕ੍ਰਿਆ ਨੂੰ ਵੀ ਇਸੇ ਹੀ ਅਧਿਆਇ ਵਿਚ ਪੇਸ਼ ਕੀਤਾ ਗਿਆ ਹੈ ਅਤੇ ਅਖੀਰ ਵਿਚ ਪੰਜਾਬੀ ਨਾਵਲ ਵਿਚ ਮਿੱਥ ਦੀ ਪੇਸ਼ਕਾਰੀ ਨੂੰ ਉਜਾਗਰ ਕੀਤਾ ਗਿਆ ਹੈ।

ਤੀਜਾ ਅਧਿਆਇ 'ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵ' ਵਿਚ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦਾ ਅਧਿਐਨ ਚਾਰ ਮੁੱਖ ਭਾਗਾਂ ਵਿਚ ਵੰਡ ਕੇ ਕੀਤਾ ਗਿਆ ਹੈ- ਸਮਾਜਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ, ਸਿਹਤ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ, ਕਾਨੂੰਨ ਅਤੇ ਨਿਆਇਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ ਅਤੇ ਰਾਜਨੀਤਿਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ।

ਚੌਥਾ ਅਧਿਆਇ 'ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ' ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਨਾਵਲ 'ਕੌਰਵ ਸਭਾ' ਵਿਚਲੇ ਮਿਥਿਕ ਸ਼ਬਦਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਤੋਂ ਬਾਅਦ ਇਸ ਨਾਵਲ ਵਿਚਲੇ ਮਿਥਿਕ ਪ੍ਰਤੀਕਾਂ ਅਤੇ ਬਿੰਬਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਅਖੀਰ ਵਿਚ ਇਸ ਨਾਵਲ ਵਿਚ ਲੇਖਕ ਨੇ ਜਿਸ ਪ੍ਰਕਾਰ ਪੁਰਾਤਨ ਮਿੱਥਾਂ ਦੇ ਰੂਪਾਂਤਰਿਤ ਰੂਪ ਦੀ ਪੇਸ਼ਕਾਰੀ ਕੀਤੀ ਹੈ ਉਸ ਦਾ ਅਧਿਐਨ ਕੀਤਾ ਗਿਆ ਹੈ।

ਪੰਜਵਾਂ ਅਧਿਆਇ 'ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੀ ਭਾਸ਼ਾ ਤੇ ਸ਼ੈਲੀ' ਇਸ ਅਧਿਆਇ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲਾ ਹੈ- ਨਾਵਲ 'ਕੌਰਵ ਸਭਾ' ਦੀ ਭਾਸ਼ਾ ਦਾ ਅਧਿਐਨ, ਇਸ ਭਾਗ ਵਿਚ ਨਾਵਲ ਵਿਚ ਵਰਤੀ ਗਈ ਤਕਨੀਕੀ ਸ਼ਬਦਾਵਲੀ ਅਤੇ ਨਾਵਲ ਵਿਚ ਵਰਤੇ ਗਏ ਮੁਹਾਵਰਿਆਂ ਨੂੰ ਉਜਾਗਰ ਕੀਤਾ ਗਿਆ ਹੈ। ਦੂਜੇ ਭਾਗ ਵਿਚ ਇਸ ਨਾਵਲ ਦੀ ਸ਼ੈਲੀ ਬਾਰੇ ਅਧਿਐਨ ਕੀਤਾ ਗਿਆ ਹੈ ਅਤੇ ਨਾਵਲ ਵਿਚ ਲੇਖਕ ਦੁਆਰਾ ਵਰਤੀਆਂ ਗਈਆਂ ਮੁੱਖ ਸ਼ੈਲੀਆਂ ਉਜਾਗਰ ਕੀਤਾ ਗਿਆ ਹੈ।

## ਤਤਕਰਾ

**ਭੂਮਿਕਾ** **i-iv**

**ਅਧਿਆਇ ਪਹਿਲਾ**

**1. ਸਿਧਾਂਤਕ ਪਿੱਠ ਭੂਮੀ** **1-21**

1.1 **ਮਿੱਥ**

1.2 **ਮਿੱਥ ਵਿਗਿਆਨ**

1.2.1 ਮਿੱਥ ਵਿਗਿਆਨ ਦਾ ਇਤਿਹਾਸ

1.3 **ਮਿੱਥ ਰੂਪਾਂਤਰਨ**

1.4 **ਸਾਹਿਤ ਅਤੇ ਸਾਹਿਤ ਸਿਧਾਂਤ ਦਾ ਅੰਤਰ-ਸੰਬੰਧ**

1.5 **ਪੰਜਾਬੀ ਨਾਵਲ ਦਾ ਆਰੰਭ ਤੇ ਵਿਕਾਸ**

1.6 **ਪੂਰਵ ਖੋਜ ਕਾਰਜ ਦਾ ਅਧਿਐਨ**

1.6.1 ਵਿਸ਼ੇ ਨਾਲ ਸੰਬੰਧਿਤ ਪੀ.ਐੱਚ.ਡੀ ਪੱਧਰ ਉੱਪਰ ਹੋ ਚੁੱਕਾ ਪੂਰਵ ਖੋਜ-ਕਾਰਜ

1.6.2 ਲੇਖਕ ਨਾਲ ਸੰਬੰਧਿਤ ਐੱਮ.ਫਿਲ ਪੱਧਰ ਉੱਪਰ ਹੋ ਚੁੱਕਾ ਖੋਜ-ਕਾਰਜ

1.6.3 ਵਿਸ਼ੇ ਨਾਲ ਸੰਬੰਧਿਤ ਆਲੋਚਨਾਤਮਿਕ ਪੁਸਤਕਾਂ

1.6.4 ਵਿਸ਼ੇ ਨਾਲ ਸੰਬੰਧਿਤ ਆਲੋਚਨਾਤਮਿਕ ਖੋਜ ਪੇਪਰ

1.7 **ਵਿਸ਼ੇ ਦੀ ਸਾਰਥਿਕਤਾ**

1.8 **ਖੋਜ ਕਾਰਜ ਦੇ ਉਦੇਸ਼**

1.9 **ਖੋਜ ਵਿਧੀ**

1.10 **ਸੰਭਾਵਿਤ ਨਤੀਜੇ**

1.11 **ਸਾਹਿਤਕ ਅਤੇ ਸਮਾਜਕ ਸਾਰਥਿਕਤਾ**

**ਅਧਿਆਇ ਦੂਜਾ**

**2. ਮਿੱਥ ਅਤੇ ਸਾਹਿਤ ਦਾ ਅੰਤਰ ਸੰਬੰਧ** 22-41

2.1 ਮਿੱਥ ਅਤੇ ਸਾਹਿਤ ਦਾ ਅੰਤਰ ਸੰਬੰਧ

2.2 ਪੰਜਾਬੀ ਸਾਹਿਤ ਦੇ ਰੂਪ ਨਾਵਲ ਵਿਚ ਮਿੱਥ ਦਾ ਪ੍ਰਯੋਗ

**ਅਧਿਆਇ ਤੀਜਾ**

**3. ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵ** 42-51

3.1 ਸਮਾਜਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

3.2 ਸਿਹਤ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

3.3 ਕਾਨੂੰਨ ਤੇ ਨਿਆਇਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

3.4 ਰਾਜਨੀਤਿਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

**ਅਧਿਆਇ ਚੌਥਾ**

**4. ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ** 52-89

4.1 ਕੌਰਵ ਸਭਾ ਵਿਚ ਮਿਥਿਕ ਸ਼ਬਦ

4.2 ਕੌਰਵ ਸਭਾ ਵਿਚ ਮਿਥਿਕ ਪ੍ਰਤੀਕ ਤੇ ਬਿੰਬ

4.3 ਕੌਰਵ ਸਭਾ ਵਿਚ ਮਿੱਥ ਰੂਪਾਂਤਰਨ

**ਅਧਿਆਇ ਪੰਜਵਾਂ**

**5. ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੀ ਭਾਸ਼ਾ ਤੇ ਸ਼ੈਲੀ** 90-100

5.1 ਕੌਰਵ ਸਭਾ ਦੀ ਭਾਸ਼ਾ

5.2 ਕੌਰਵ ਸਭਾ ਦੀ ਸ਼ੈਲੀ

ਸਿੱਟੇ ਤੇ ਸਥਾਪਨਾਵਾਂ 101-
108
ਮੁਲਾਕਾਤ 109-
116
ਪੁਸਤਕ ਸੂਚੀ 117-118

# ਅਧਿਆਇ - ਪਹਿਲਾ

## ਸਿਧਾਂਤਕ ਪਿੱਠ ਭੂਮੀ

ਹਥਲੇ ਖੋਜ ਕਾਰਜ ਦਾ ਵਿਸ਼ਾ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ ਹੈ। ਮਿੱਤਰ ਸੈਨ ਮੀਤ ਦਾ ਪੰਜਾਬੀ ਨਾਵਲ ਖੇਤਰ ਵਿਚ ਬਹੁਤ ਮਹੱਤਵਪੂਰਨ ਸਥਾਨ ਹੈ। ਉਸ ਨੇ ਆਪਣੇ ਨਾਵਲਾਂ ਵਿਚ ਅਜੋਕੇ ਸਮੇਂ ਦੀ ਯਥਾਰਥਿਕਤਾ ਅਤੇ ਅਨੈਤਿਕਤਾਵਾਂ ਨੂੰ ਵਿਸ਼ਾ ਬਣਾਇਆ ਹੈ। 'ਕੌਰਵ ਸਭਾ' ਮਿੱਤਰ ਸੈਨ ਮੀਤ ਦੁਆਰਾ ਰਚਿਤ ਇੱਕ ਅਜਿਹਾ ਨਾਵਲ ਹੈ ਜਿਸ ਵਿਚ ਉਸ ਨੇ ਅਜੋਕੇ ਸਮਾਜ ਦੀਆਂ ਸਮੱਸਿਆਵਾਂ ਨੂੰ ਮਿੱਥ ਰੂਪਾਂਤਰਨ ਰਾਹੀਂ ਪੇਸ਼ ਕੀਤਾ ਹੈ। 'ਕੌਰਵ ਸਭਾ' ਵਿਚਲੇ ਮਿੱਥ ਰੂਪਾਂਤਰਨ ਨੂੰ ਸਮਝਣ ਲਈ ਮਿੱਥ, ਮਿੱਥ ਵਿਗਿਆਨ ਅਤੇ ਮਿੱਥ ਦੇ ਸਾਹਿਤ ਨਾਲ ਅੰਤਰ-ਸੰਬੰਧਾਂ ਬਾਰੇ ਜਾਣਕਾਰੀ ਦਾ ਹੋਣਾ ਜ਼ਰੂਰੀ ਹੈ।

### ਮਿੱਥ

ਮਿੱਥ (myth) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਪੰਜਾਬੀ ਵਿਚ ਇਸ ਨੂੰ ਤਤਸਮ ਰੂਪ ਵਿਚ ਹੀ ਪ੍ਰਵਾਨਗੀ ਮਿਲ ਚੁੱਕੀ ਹੈ। ਅੰਗਰੇਜ਼ੀ ਭਾਸ਼ਾ ਦੀ ਆਧਾਰ ਭੂਮੀ ਲਾਤੀਨੀ ਅਤੇ ਯੂਨਾਨੀ ਭਾਸ਼ਾਵਾਂ ਵਿਚ ਨਿਹਿਤ ਹੋਣ ਕਾਰਨ ਇਸ ਦੇ ਬਹੁਤ ਸਾਰੇ ਸ਼ਬਦਾਂ ਦੀ ਉਤਪਤੀ ਇਹਨਾਂ ਭਾਸ਼ਾਵਾਂ ਤੋਂ ਹੋਈ ਹੈ। 'ਮਿੱਥ' ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਮਿਊਥਾਸ (mythos) ਤੋਂ ਬਣਿਆ ਹੈ। ਪੁਰਾਤਨ ਯੂਨਾਨੀ ਭਾਸ਼ਾ ਵਿਚ ਇਸ ਦੇ ਇਕ ਤੋਂ ਵਧੇਰੇ ਅਰਥ ਸਨ ਜਿਵੇਂ- ਕਥਨ, ਕਹਾਣੀ ਅਤੇ ਕਾਲਪਨਿਕ ਬਿਰਤਾਂਤ ਆਦਿ। ਆਧੁਨਿਕ ਯੁੱਗ ਵਿਚ 'ਮਿੱਥ' ਦੇ ਅਰਥ ਨਿਸਚਿਤਤਾ ਵਿਚ ਨਹੀਂ ਬੱਝ ਸਕੇ। ਇਸ ਬਾਰੇ ਸਪਸ਼ਟਤਾ ਨਾਲ ਵਿਚਾਰ ਕਰ ਸਕਣਾ ਅਤਿ ਕਠਿਨ ਕਾਰਜ ਹੈ।[1] ਧਰਮ-ਵਿਗਿਆਨੀਆਂ, ਸਮਾਜ-ਵਿਗਿਆਨੀਆਂ, ਮਾਨਵ ਵਿਗਿਆਨੀਆਂ ਅਤੇ ਲੋਕਯਾਨ-ਵਿਗਿਆਨੀਆਂ ਆਦਿ ਨੇ 'ਮਿੱਥ' ਦੇ ਅਰਥ-ਵਿਸਥਾਰ ਵਿਚ ਵਾਧਾ ਕਰਕੇ ਜਿੱਥੇ ਇਸ ਦੇ ਅਰਥ 'ਪਵਿੱਤਰ ਪਰੰਪਰਾ', 'ਦੈਵੀ ਸੰਦੇਸ਼', 'ਆਦਰਸ਼ਕ ਨਮੂਨਾ' ਆਦਿ ਕੀਤੇ ਹਨ, ਉੱਥੇ ਹਾਲੇ ਵੀ ਇਸ ਦੇ ਦੂਜੇ ਅਰਥ ਜਿਵੇਂ ਕਿ 'ਛਾਇਆ', 'ਕਲਪਨਾ', ਜਾਂ 'ਝੂਠ' ਨਾਲ-ਨਾਲ ਪ੍ਰਚਲਿਤ ਹਨ।[2] ਇਸ ਕਾਰਨ ਮਿੱਥ ਸ਼ਬਦ ਦੇ ਅਰਥ ਨਿਸ਼ਚਿਤ ਕਰਨ ਦੀ ਲੋੜ ਹੈ।

ਅੰਗਰੇਜ਼ੀ ਸ਼ਬਦ 'ਮਿੱਥ'(myth) ਦੇ ਸਮਾਨੰਤਰ ਯੂਨਾਨੀ ਭਾਸ਼ਾ ਵਿਚ 'ਮਾਇਥਾਸ' ਸ਼ਬਦ ਹੈ। ਇਸ ਸ਼ਬਦ ਦਾ ਪ੍ਰਯੋਗ ਉਚਾਰ ਦੇ ਅਰਥਾਂ ਵਿਚ ਕੀਤਾ ਜਾਂਦਾ ਸੀ[3], ਜਿਸ ਦਾ ਭਾਵ ਕਹਾਣੀ ਰੂਪ ਵਿਚ ਕਹੀ ਕੋਈ ਗੱਲ ਤੋਂ ਸੀ[4] ਸੀ. ਐਸ. ਲੁਇਜ਼ ਅੰਗਰੇਜ਼ੀ ਭਾਸ਼ਾ ਦੇ'ਮਿੱਥ' ਸ਼ਬਦ ਦੀ ਸੀਮਾ ਨੂੰ ਸਮਝਦਿਆਂ ਹੋਇਆ ਸੰਕੇਤ ਕੀਤਾ ਹੈ ਕਿ ਸਾਹਿਤ ਵਿਚ 'ਮਿੱਥ' ਤੋਂ ਜੋ ਭਾਵ ਲਿਆ ਜਾਂਦਾ ਹੈ, ਉਹ ਉਸ ਨੂੰ ਪੂਰੀ ਤਰ੍ਹਾਂ ਨਾਲ ਸਮੇਟਣ ਤੋਂ ਅਸਮਰਥ ਹੈ, ਪਰੰਤੂ ਇਸ ਸ਼ਬਦ ਦੀ ਥਾਂ ਕੋਈ ਨਵਾਂ ਸ਼ਬਦ ਘੜ ਲੈਣਾ ਉਨ੍ਹਾਂ ਹੀ ਭ੍ਰਾਂਤੀ ਜਨਕ ਹੋਵੇਗਾ, ਇਸ ਵਾਸਤੇ ਇਸ ਨਾਲੋਂ ਬਿਹਤਰ ਹੈ ਕਿ 'ਮਿੱਥ' ਸ਼ਬਦ ਨੂੰ ਜਿਵੇਂ ਦਾ

ਤਿਵੇਂ ਨਵੀਨ ਅਰਥਾਂ ਵਿਚ ਪ੍ਰਵਾਨ ਕਰ ਲਿਆ ਜਾਵੇ[5]। ਡਾ. ਕਰਨੈਲ ਸਿੰਘ ਥਿੰਦ ਨੇ ਆਪਣੇ ਪੀ.ਐੱਚ.ਡੀ. ਦੇ ਸੋਧ-ਪ੍ਰਬੰਧ ਵਿਚ 'ਮਿੱਥ' ਦੇ ਸਮਾਨੰਤਰ ਹਿੰਦੀ ਭਾਸ਼ਾ ਵਿਚ ਮਿਲਦੇ ਕਈ ਸ਼ਬਦ ਜਿਵੇਂ 'ਧਰਮ-ਕਥਾ', 'ਦੇਵ-ਕਥਾ', 'ਦੇਵ-ਮਾਲਾ' ਆਦਿ ਦਾ ਖੰਡਨ ਕਰਕੇ ਪੰਜਾਬੀ ਵਿਚ 'ਪੁਰਾਣ-ਕਥਾ' ਸ਼ਬਦ ਵਰਤਣਾ ਵਧੇਰੇ ਉਚਿੱਤ ਦਰਸਾਇਆ ਹੈ।[6] ਪਰ 'ਪੁਰਾਣ' ਸ਼ਬਦ ਭਾਰਤੀ ਪੁਰਾਣ ਪਰੰਪਰਾ ਨਾਲ ਇੰਨਾ ਜੁੜ ਚੁੱਕਿਆ ਹੈ ਕਿ ਇਸ ਸ਼ਬਦ ਦਾ ਪ੍ਰਯੋਗ ਇਸਲਾਮਿਕ ਜਾਂ ਯੂਨਾਨੀ ਮਿੱਥ-ਕਥਾਵਾਂ ਵਾਸਤੇ ਨਹੀਂ ਕੀਤਾ ਜਾ ਸਕਦਾ। ਇਸ ਪ੍ਰਸੰਗ ਵਿਚ ਡਾ. ਵਣਜਾਰਾ ਬੇਦੀ ਦਾ ਵਿਚਾਰ ਹੈ ਕਿ "ਪੁਰਾਣ ਕਥਾਵਾਂ ਤੋਂ ਬਾਹਰ ਜੋ ਲੌਕਿਕ ਪੱਧਰ ਉੱਪਰ ਮਿੱਥਾਂ ਸਿਰਜੀਆਂ ਜਾਂਦੀਆਂ ਰਹੀਆਂ, ਉਹ ਸਭ ਇਸ ਘੇਰੇ ਵਿਚ ਨਹੀਂ ਸਮਾਦੀਆਂ। ਸੋ ਇਹ ਸ਼ਬਦ ਭੁਲੇਖਾ ਪੈਦਾ ਕਰਨ ਵਾਲਾ ਹੋਣ ਕਰਕੇ ਮਿੱਥ ਦਾ ਬਦਲ ਨਹੀਂ ਹੋ ਸਕਦਾ"।[7] ਇਸ ਲਈ 'ਮਿੱਥ' ਵਾਸਤੇ 'ਪੁਰਾਣ ਕਥਾ' ਸ਼ਬਦ ਯੋਗ ਸਿੱਧ ਨਹੀਂ ਹੁੰਦਾ।

'ਮਿੱਥ' ਬਾਰੇ ਪ੍ਰਾਪਤ ਅਧਿਐਨ ਦੁਆਰਾ ਇਹ ਨਿਰਧਾਰਿਤ ਕੀਤਾ ਜਾ ਸਕਦਾ ਹੈ ਕਿ 'ਮਿੱਥ' ਦਾ ਅਸਲ ਆਧਾਰ ਕੋਈ ਕਥਾ ਜਾਂ ਬਿਰਤਾਂਤ ਹੁੰਦਾ ਹੈ (ਭਾਵੇਂ ਨਵੀਨ ਮਿੱਥ-ਅਧਿਐਨ ਵਿਚ ਇਸ ਦਾ ਕਥਾਤਮਕ ਆਧਾਰ ਹੋਣਾ ਲਾਜ਼ਮੀ ਪ੍ਰਵਾਨ ਨਹੀਂ ਕੀਤਾ ਗਿਆ)। ਭਾਰਤੀ ਸਾਹਿਤ ਵਿਚ 'ਕਥਾ' ਸਾਹਿਤ ਦੀ ਲੰਮੀ ਪਰੰਪਰਾ ਹੈ, ਇਸ ਦੇ ਆਧਾਰ 'ਤੇ ਹੀ ਚਰਚਾ ਕਰਦਿਆਂ ਡਾ. ਵਣਜਾਰਾ ਬੇਦੀ 'ਕਥਾ' ਸਾਹਿਤ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਧਾਰਮਿਕ ਬਿਰਤਾਂਤ ਕਹਿੰਦਾ ਹੈ। ਚਰਿੱਤਰ ਵਿਚ ਇਹ ਸਾਹਿਤ ਅਧਿਕਤਰ ਪੌਰਾਣਿਕ ਲੱਛਣਾਂ ਵਾਲਾ ਹੁੰਦਾ ਹੈ।[8] 'ਮਿੱਥ' ਦੇ ਚਰਿੱਤਰ ਨੂੰ ਵਧੇਰੇ ਸਪਸ਼ਟ ਕਰਨ ਵਾਸਤੇ ਇਸ ਸ਼ਬਦ ਦਾ ਸਮਾਸ ਰੂਪ ਵਿਚ ਪ੍ਰਯੋਗ ਕਰਨ ਨਾਲ ਮਿੱਥ ਨੂੰ ਲੋਕ-ਕਹਾਣੀ ਸਾਹਿਤ ਨਾਲੋਂ ਵਧੇਰੇ ਆਸਾਨੀ ਨਾਲ ਨਿਖੇੜਿਆ ਜਾ ਸਕਦਾ ਹੈ। ਇਸ ਲਈ 'ਮਿੱਥ' ਵਾਸਤੇ 'ਮਿੱਥ ਕਥਾ' ਸ਼ਬਦ ਵਧੇਰੇ ਢੁਕਵਾਂ ਤੇ ਭਾਵਪੂਰਨ ਹੈ।

## ਪਰਿਭਾਸ਼ਾ

- ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ, ਮਾਇਥਾਲੋਜੀ ਐਂਡ ਲੀਜੰਡ ਅਨੁਸਾਰ, 'ਮਿੱਥ-ਕਥਾ ਉਹ ਕਹਾਣੀ ਹੈ, ਜੋ ਪ੍ਰਾਚੀਨ ਕਾਲ ਵਿਚ ਵਾਪਰ ਚੁੱਕੀ ਹੁੰਦੀ ਹੈ। ਇਹ ਲੋਕਾਈ ਦੀਆਂ ਬ੍ਰਹਿਮੰਡਕ ਤੇ ਪਰਾ-ਪ੍ਰਾਕ੍ਰਿਤਕ ਪਰੰਪਰਾਵਾਂ, ਦੇਵਤਿਆਂ ਤੇ ਨਾਇਕਾਂ, ਸੰਸਕ੍ਰਿਤਕ ਲੱਛਣਾਂ ਅਤੇ ਧਾਰਮਿਕ ਵਿਸ਼ਵਾਸ ਆਦਿ ਦੀ ਵਿਆਖਿਆ ਕਰਦੀ ਹੈ'।[9]
- ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, 'ਮਿੱਥ-ਕਥਾਵਾਂ ਸੰਪੂਰਨ ਸੱਤਾ ਵਿਚ ਉਹ ਵਿਵਰਨ ਹਨ, ਜਿਹੜੇ ਕਥਨ ਨਾਲੋਂ ਵਧੇਰੇ ਪ੍ਰਯੋਗ ਵਿਚ ਲਿਆਂਦੇ ਗਏ ਹੁੰਦੇ ਹਨ। ਸਧਾਰਨ ਮਨੁੱਖੀ ਜਗਤ ਦੀਆਂ ਘਟਨਾਵਾਂ ਅਤੇ ਹਾਲਤਾਂ ਤੋਂ ਇਹ ਅਗਲੇਰੀਆਂ ਪਰੰਤੂ ਇਸ ਸੰਸਾਰ ਦੀਆਂ ਆਰੰਭਕ ਘਟਨਾਵਾਂ ਅਤੇ ਹਾਲਾਤ ਦਾ ਬਿਆਨ ਹੁੰਦੇ ਹਨ। ਇਨ੍ਹਾਂ ਵਿਚ ਵਰਣਿਤ ਸਮਾਂ ਮਾਨਵੀ ਇਤਿਹਾਸਕ ਸਮੇਂ ਦੇ ਅਨੁਭਵ ਤੋਂ ਬਿਲਕੁਲ ਭਿੰਨ ਹੁੰਦਾ ਹੈ (ਇਹ ਸਮਾਂ ਸਧਾਰਨ ਰੂਪ ਵਿਚ ਕਲਪਨਾ ਦੀ ਪਹੁੰਚ ਤੋਂ ਦੂਰ-ਦੁਰੇਡੇ ਦੇ ਭੂਤ ਵਿਚ ਚਿਤਰਿਆ ਗਿਆ ਹੁੰਦਾ ਹੈ)। ਇਨ੍ਹਾਂ ਦੇ ਬਿਰਤਾਂਤ

ਵਿਚਲੇ ਪਾਤਰ ਆਮ ਕਰਕੇ ਦੈਵੀ ਜੀਵ ਹੁੰਦੇ ਹਨ, ਜਿਵੇਂ ਪਸ਼ੂ, ਪੌਦੇ, ਆਦਿਮ-ਲੋਕ ਜਾਂ ਵਿਸ਼ੇਸ਼ ਕਰਕੇ ਉਹ ਵੱਡੇ ਲੋਕ ਜਿਨ੍ਹਾਂ ਮਨੁੱਖੀ ਹੋਣੀ ਨੂੰ ਤਬਦੀਲ ਕਰ ਦਿੱਤਾ ਹੋਵੇ'।[10]

- ਵਿਕੋ ਅਨੁਸਾਰ, 'ਮਿੱਥਾਂ ਨਾ ਤੇ ਝੂਠੇ ਬਿਰਤਾਂਤ ਹਨ ਤੇ ਨਾ ਹੀ ਅਨਿਉਕਤੀਆਂ, ਉਹ ਤਾਂ ਕਿਸੇ ਵਿਸ਼ੇਸ਼ ਇਤਿਹਾਸਕ-ਕਾਲ ਦੀ ਸਮੂਹਿਕ-ਮਾਨਸਿਕਤਾ ਨੂੰ ਅਭਿਵਿਅਕਤੀ ਦੇ ਰਹੀਆਂ ਹੁੰਦੀਆਂ ਹਨ। ਇਤਿਹਾਸਕ ਵਿਕਾਸ ਦੀ ਚਰਚਾ ਦੇ ਅੰਤਰਗਤ ਉਸ ਨੇ ਇਤਿਹਾਸ ਦੀਆਂ ਹੇਠ ਲਿਖਿਤ ਤਿੰਨ ਅਵਸਥਾਵਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ:-

  1 ਦੇਵਤਾ-ਯੁੱਗ

  2 ਨਾਇਕ-ਯੁੱਗ

  3 ਮਾਨਵ-ਯੁੱਗ

  ਇਨ੍ਹਾਂ ਤਿੰਨਾਂ ਅਵਸਥਾਵਾਂ ਦੇ ਨਾਲ ਉਸ ਨੇ ਇਨ੍ਹਾਂ ਦੀਆਂ ਆਪੋ ਆਪਣੀਆਂ ਵੱਖਰੀਆਂ ਭਾਸ਼ਾਵਾਂ ਵਲ ਵੀ ਸੰਕੇਤ ਕੀਤਾ ਹੈ'।[11]
- ਮਾਰਕ ਸ਼ੋਰਰ ਮਿੱਥ ਨੂੰ ਮਨੁੱਖ ਦੀਆਂ ਡੂੰਘੀਆਂ ਸੰਵੇਦਨਾਵਾਂ ਤੇ ਦੁਨੀਆ ਸੰਬੰਧੀ ਮੁੱਢਲੀ ਸੂਝ ਜਿਸ ਉੱਤੇ ਅੱਜ ਵੀ ਉਸ ਦੇ ਵਿਚਾਰ ਤੇ ਸੰਸਕਾਰ ਨਿਰਭਰ ਕਰਦੇ ਹਨ, ਦੀ ਮੂਲ ਤੇ ਨਾਟਕੀ ਪੇਸ਼ਕਾਰੀ ਮੰਨਦਾ ਹੈ। ਉਸ ਅਨੁਸਾਰ ਇਹ ਇਕ ਅਜਿਹਾ ਵਡੇਰਾ ਨਿਯੰਤਰਨ ਜਾ ਸੰਚਾਲਕ ਬਿੰਬ ਹੁੰਦਾ ਹੈ ਜੋ ਸਾਧਾਰਨ ਜੀਵਨ-ਸੱਚ ਨੂੰ ਦਾਰਸ਼ਨਿਕ ਅਰਥ ਵੀ ਪ੍ਰਦਾਨ ਕਰਦਾ ਹੈ ਤੇ ਜਿਸ ਵਿਚ ਤਜਰਬੇ ਨੂੰ ਸੰਗਠਿਤ ਕਰਨ ਦੀ ਕਾਬਲੀਅਤ ਵੀ ਹੁੰਦੀ ਹੈ।[12]

## ਮਿੱਥ-ਵਿਗਿਆਨ

ਮਿੱਥ ਮਨੁੱਖ ਦੀਆਂ ਸੰਵੇਦਨਾਵਾਂ, ਵਿਚਾਰਾਂ ਤੇ ਸੰਸਕਾਰਾਂ ਨੂੰ ਉਜਾਗਰ ਕਰਨ ਵਾਲੀ ਡੂੰਘੀ ਸੂਝ ਦੀ ਵਿਧੀ ਪੂਰਵਕ ਪ੍ਰਸਤੁਤੀ ਮੰਨੀ ਗਈ ਹੈ। ਇਹ ਮਨੁੱਖ ਦੀ ਮੁੱਢਲੀ ਸਮਝ ਨੂੰ ਨਿਰਧਾਰਿਤ ਵੀ ਕਰਦੀ ਹੈ ਤੇ ਅਭਿਵਿਅਕਤ ਵੀ ਕਰਦੀ ਹੈ। ਮਾਨਵੀ ਸੰਸਕ੍ਰਿਤੀ ਨੂੰ ਸਿਰਜਣ ਦੀਆਂ ਬਹੁਤ ਸੰਭਾਵਨਾਵਾਂ ਮਿੱਥ ਵਿਚ ਨਿਹਿਤ ਹੁੰਦੀਆਂ ਹਨ। ਇਹ ਮਨੁੱਖ ਦੀ ਸਾਂਸਕ੍ਰਿਤਿਕ ਸਿਰਜਨਾ ਵੀ ਹੈ ਤੇ ਸਿਰਜਣਹਾਰੀ ਵੀ। ਮਿੱਥਾਂ ਵਿਚਲੇ ਵਿਸ਼ੇਸ਼ ਵੇਰਵੇ ਸਮਾਜਕ ਕਦਰਾਂ ਦੀ ਸ਼ਕਲ ਧਾਰਨ ਕਰ ਮਾਨਵੀ ਸੰਸਕ੍ਰਿਤੀ ਦਾ ਅਟੁੱਟ ਅੰਗ ਬਣ ਜਾਂਦੇ ਹਨ ਅਤੇ ਮੁੱਲਾਂ ਦੀ ਸਿਰਜਣਾ ਤੋਂ ਅੱਗੇ ਮੁੱਲਾਂ ਦੀ ਸਥਾਪਤੀ ਮਿੱਥ ਦਾ ਵਿਸ਼ੇਸ਼ ਹਾਸਿਲ ਹੋ ਨਿੱਬੜਦੀ ਹੈ। ਮਿੱਥ ਦੇ ਐਸੇ ਗੁੰਝਲਦਾਰ ਤੇ ਬਹੁ-ਪ੍ਰਕਾਰਜੀ ਚਰਿੱਤਰ ਨੂੰ ਸਮਝਣ ਦੀ ਜਿਗਿਆਸਾ ਵਿੱਚੋਂ ਹੀ ਮਿੱਥ-ਵਿਗਿਆਨ ਜਨਮ ਲੈਂਦਾ ਹੈ।[13]

## ਅਰਥ

'ਮਿੱਥ-ਵਿਗਿਆਨ' ਸ਼ਬਦ ਦਾ ਅਰਥ ਹੈ ਮਿੱਥ ਦਾ ਵਿਗਿਆਨਕ ਅਧਿਐਨ ਕਰਨਾ। ਮਿੱਥ ਵਿਗਿਆਨ ਮਿੱਥਾਂ ਦੀ ਡੀ ਕੋਡਿੰਗ ਭਾਵ ਮਿੱਥਾਂ ਨੂੰ ਖੋਲ੍ਹਣ ਦਾ ਵਿਧੀਵਤ ਤੇ ਸੰਗਠਿਤ ਪ੍ਰਕਾਰਜ ਹੈ। ਸਾਹਿਤਕ ਕਿਰਤਾਂ ਦੀ ਸਾਰਥਿਕਤਾ ਪਛਾਣਨੀ ਹੋਵੇ ਤਾਂ ਇਹ ਕਿਰਤਾਂ ਵਿਚੋਂ ਉੱਸਰਦੇ ਗਿਆਨ-ਪ੍ਰਬੰਧ ਤੋਂ ਪਛਾਣੀ ਜਾ ਸਕਦੀ ਹੈ। ਗਿਆਨ ਦੇ ਇਸ ਖ਼ਜ਼ਾਨੇ ਨੂੰ ਵਿਧੀਵਤ ਸੰਗਠਨ ਦੀ ਸ਼ਕਲ ਵਿਚ ਉਸਾਰਨਾ ਆਲੋਚਨਾ ਦੇ ਘੇਰੇ ਵਿਚ ਆਉਂਦਾ ਹੈ ਅਤੇ ਇਸ ਸਮੁੱਚੇ ਪ੍ਰਕਾਰਜ ਦੇ ਵਿਉਂਤਬੱਧ ਤੇ ਸੰਗਠਿਤ ਹੋਣ ਸਦਕਾ ਆਲੋਚਨਾ ਵਿਗਿਆਨ ਦੇ ਨੇੜੇ ਜਾ ਢੁਕਦੀ ਹੈ। ਇੰਝ ਹੀ ਵੱਖ-ਵੱਖ ਸਮਾਜਾਂ ਤੇ ਸਭਿਆਚਾਰ ਦੀਆਂ ਮਿੱਥਾਂ ਦਾ ਸਿਲਸਲੇਬੱਧ ਤੇ ਸੰਗਠਿਤ ਅਧਿਐਨ ਮਿੱਥ-ਵਿਗਿਆਨ ਅਖਵਾਉਂਦਾ ਹੈ। ਭਾਵੇਂ ਕਿ ਇਹ ਸ਼ੁੱਧ ਵਿਗਿਆਨ ਨਹੀਂ ਹੁੰਦਾ ਪਰੰਤੂ ਇਸ ਵਿਚਲਾ ਤਰਕ ਓਨਾ ਹੀ ਸ਼ਕਤੀਸ਼ਾਲੀ ਹੁੰਦਾ ਹੈ ਜਿੰਨਾ ਕਿ ਸਾਇੰਸ ਵਿਚਲਾ।

ਮਿੱਥ ਦਾ ਵਿਸ਼ਲੇਸ਼ਣ ਹਰ ਅਨੁਸ਼ਾਸਨ ਦੇ ਵਿਸ਼ੇਸ਼ੱਗਾਂ ਨੇ ਕੀਤਾ ਹੈ। ਧਰਮ-ਸ਼ਾਸਤਰ, ਸਮਾਜ ਮਾਨਵ-ਵਿਗਿਆਨ, ਭਾਸ਼ਾ-ਵਿਗਿਆਨ, ਦਰਸ਼ਨ-ਸ਼ਾਸਤਰ, ਮਨੋ-ਵਿਗਿਆਨ, ਚਿਹਨ-ਵਿਗਿਆਨ, ਆਦਿ ਹਰ ਦ੍ਰਿਸ਼ਟੀ ਤੋਂ ਇਸ ਦਾ ਗੰਭੀਰ ਅਧਿਐਨ ਹੋਇਆ ਹੈ। ਵਿਭਿੰਨ ਅਨੁਸ਼ਾਸਨਾਂ ਦੇ ਸਿਧਾਂਤਕ ਅਧਿਐਨ ਦੇ ਮੂਲ ਬਿੰਦੂ ਤੱਕ ਪਹੁੰਚਣ ਦੀ ਜਿਗਿਆਸਾ ਹੀ ਮਿੱਥ ਤੱਕ ਪਹੁੰਚਣ ਦਾ ਕਾਰਨ ਬਣਦੀ ਹੈ ਤੇ ਹਰ ਅਨੁਸ਼ਾਸਨ ਦਾ ਮੂਲ ਮਿੱਥ ਨਾਲ ਜਾ ਜੁੜਦਾ ਹੈ। ਮਿੱਥਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਚਲੀਆਂ ਆ ਰਹੀਆਂ ਲੋਕ-ਸਿਆਣਪਾਂ ਅਤੇ ਗਿਆਨ ਦਾ ਭਰਪੂਰ ਖ਼ਜ਼ਾਨਾ ਮੰਨਿਆ ਜਾਂਦਾ ਹੈ।

## ਮਿੱਥ-ਵਿਗਿਆਨ ਦਾ ਇਤਿਹਾਸ

ਮਿੱਥ-ਵਿਗਿਆਨ ਸ਼ਬਦ ਦਾ ਅਰਥ ਹੈ, ਮਿੱਥ ਦਾ ਵਿਗਿਆਨਕ ਅਧਿਐਨ। ਮਿੱਥ ਦਾ ਨਿਕਟ ਅਧਿਐਨ ਕਰਨ ਦੀਆਂ ਵਿਧੀਆਂ ਪੱਛਮ ਵਿਚ ਅਠਾਰ੍ਹਵੀਂ ਸਦੀ ਤੋਂ ਵਿਵਸਥਿਤ ਰੂਪ ਵਿਚ ਸਾਹਮਣੇ ਆਈਆਂ, ਭਾਵੇਂ ਕਿ ਮਿੱਥਾਂ ਦੀ ਹੋਂਦ ਯੂਨਾਨੀ ਫ਼ਲਸਫ਼ੇ ਦੇ ਇਤਿਹਾਸ ਤੋਂ ਵੀ ਬਹੁਤ ਪਹਿਲਾਂ ਦੀ ਹੈ। ਯੂਨਾਨ ਵਿਚ ਪਹਿਲਾ ਮਿੱਥਾਂ ਪੈਦਾ ਹੋਈਆਂ ਅਤੇ ਫਿਰ ਦਰਸ਼ਨ ਪੈਦਾ ਹੋਇਆ। ਭਾਰਤ ਵਿਚ ਵੀ ਪਹਿਲਾਂ ਮਿੱਥ/ਪੁਰਾਣ ਸਾਹਿਤ ਪੈਦਾ ਹੋਇਆ ਤੇ ਫਿਰ ਦਰਸ਼ਨ ਦਾ ਸ਼ਾਸਤਰੀ ਰੂਪ ਸਾਹਮਣੇ ਆਇਆ। ਲੰਮੇ ਅਰਸੇ ਤੋਂ ਵਿਭਿੰਨ ਸਿਧਾਂਤ ਕਾਰ ਤੇ ਵਿਦਵਾਨ ਜੋ ਕਿ ਵੱਖ-ਵੱਖ ਅਨੁਸ਼ਾਸਨਾਂ ਨਾਲ ਸੰਬੰਧਿਤ ਸਨ ਅਤੇ ਮਿੱਥ ਬਾਰੇ ਖੋਜਾਂ ਕਰ ਰਹੇ ਸਨ, ਉਨ੍ਹਾਂ ਨੇ ਇਸ ਵਿਸ਼ੇ ਦੀਆਂ ਸੂਖਮ ਰਮਜ਼ਾਂ ਨੂੰ ਮਨੁੱਖੀ ਬੁੱਧੀ ਦੀ ਪਕੜ ਵਿਚ ਲਿਆਉਣ ਲਈ ਇਕ ਵਿਗਿਆਨ ਪੈਦਾ ਕੀਤਾ, ਹੁਣ ਇਹ ਮਿੱਥ-ਵਿਗਿਆਨ ਦੇ ਰੂਪ ਵਿਚ ਇਕ ਸੰਪੂਰਨ ਤੇ ਸੁਤੰਤਰ ਅਨੁਸ਼ਾਸਨ ਬਣ ਚੁੱਕਾ ਹੈ। ਇਸ ਵਿਗਿਆਨ ਦਾ ਇਤਿਹਾਸ ਬਹੁਤ ਰੋਚਕ ਹੈ ਅਤੇ ਪੱਛਮੀ ਫ਼ਲਸਫ਼ੇ ਦੇ ਸੰਦਰਭ ਵਿਚ ਇਹ ਯੂਨਾਨੀ ਕਲਾਸੀਕਲ ਸਾਹਿਤ ਦੇ ਅਧਿਐਨ ਤੋਂ ਆਰੰਭ ਹੋਇਆ।

ਵਿਸ਼ਵ ਫ਼ਲਸਫ਼ੇ ਦੇ ਇਤਿਹਾਸ ਵਿਚ ਮਿੱਥ ਦੀ ਗਿਆਨ ਮੂਲਕ ਵਿਆਖਿਆ ਕਰਨ ਵਾਲਾ ਪਹਿਲਾ ਵਿਦਵਾਨ ਗਿਆਮ ਵਿਕੋ (Giambatista Vico, 1630 ਈ. 1744 ਈ.) ਹੈ। ਵਿਕੋ ਤੋਂ ਪਹਿਲਾਂ ਮਿੱਥ ਦੀ ਵਿਗਿਆਨਕ ਜਾਂ ਇਤਿਹਾਸਕ

ਸਾਰਥਿਕਤਾ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਵਿਕੋ ਦੁਆਰਾ ਰਚਿਤ ਪੁਸਤਕ 'ਨਵ ਵਿਗਿਆਨ' (The New Science) 1730 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਉਸ ਨੇ ਮਿੱਥ ਨੂੰ ਇਤਿਹਾਸਕ ਵਿਕਾਸ ਮਾਡਲ ਦੇ ਪਰਿਪੇਖ ਵਿਚ ਰੱਖ ਕੇ ਇਸ ਦੀ ਵਿਗਿਆਨਕ ਸਾਰਥਿਕਤਾ ਨੂੰ ਉਭਾਰਿਆ। ਵਿਕੋ ਨੇ ਮਨੁੱਖੀ ਸਮਾਜ ਦਾ ਵਿਗਿਆਨ ਉਸਾਰਨ ਲਈ ਮਿੱਥ ਨੂੰ ਨਵ-ਵਿਗਿਆਨ ਦੇ ਅਰਥਾਂ ਵਿਚ ਸਥਾਪਿਤ ਕੀਤਾ। 'ਉਸ ਦੀ ਵਿਚਾਰਧਾਰਾ ਦਾ ਮੂਲ ਧੁਰਾ ਹੀ ਇਹ ਹੈ ਕਿ ਮਨੁੱਖ ਜਾਤੀ ਦਾ ਇਤਿਹਾਸ ਅਮੂਰਤ ਵਿਚਾਰਾਂ ਜਾਂ ਤਰਕਸ਼ੀਲ ਭਾਸ਼ਾ ਤੋਂ ਸ਼ੁਰੂ ਨਹੀਂ ਹੁੰਦਾ। ਇਸ ਨੂੰ ਮਿੱਥ ਅਤੇ ਕਵਿਤਾ ਦੀ ਪ੍ਰਤੀਕਾਤਮਿਕ ਭਾਸ਼ਾ ਦੇ ਯੁੱਗ ਵਿਚੋਂ ਹੋ ਕੇ ਗੁਜ਼ਰਨਾ ਹੀ ਪੈਂਦਾ ਹੈ। ਇਹ ਸਮੁੱਚੀ ਮਨੁੱਖੀ ਸਭਿਅਤਾ ਦੇ ਵਿਕਾਸ ਦੀ ਸਾਂਝੀ ਪ੍ਰਕਿਰਿਆ ਹੈ'।[14] ਇਸ ਪ੍ਰਕਾਰ ਵਿਕੋ ਮਿੱਥ ਨੂੰ ਮੁੱਢਲਾ ਵਿਗਿਆਨ ਅਤੇ ਇਤਿਹਾਸ ਮੰਨਦਾ ਹੈ।

ਗਿਆਮ ਵਿਕੋ ਤੋ ਬਾਅਦ ਬਹੁਤ ਸਾਰੇ ਵਿਦਵਾਨਾਂ ਨੇ ਮਿੱਥ ਨੂੰ ਵੱਖ-ਵੱਖ ਨਜ਼ਰੀਏ ਤੋਂ ਵਰਣਨ ਕੀਤਾ ਹੈ, ਜਿਵੇਂ ਕਿ- ਮਿੱਥ ਨੂੰ ਧਾਰਮਿਕ, ਸਭਿਆਚਾਰਕ, ਦਾਰਸ਼ਨਿਕ, ਮਨੋਵਿਗਿਆਨਕ, ਪਰਾਭੌਤਿਕ ਅਤੇ ਵਿਗਿਆਨਕ ਨਜ਼ਰੀਏ ਤੋਂ ਵਿਸ਼ਲੇਸ਼ਿਤ ਕੀਤਾ ਗਿਆ। ਸੋਸਿਊਰ ਦੇ ਭਾਸ਼ਾ-ਵਿਗਿਆਨਕ ਸਿਧਾਂਤ ਜਦ ਅਧਿਐਨ ਵਿਧੀ ਵਜੋਂ ਅਪਣਾਏ ਗਏ ਤਾਂ ਮਿੱਥ ਦਾ ਸੰਰਚਨਾ ਵਾਦੀ ਅਤੇ ਚਿਹਨ-ਵਿਗਿਆਨਕ ਅਧਿਐਨ ਆਰੰਭ ਹੋਇਆ, ਰੋਲਾਂ ਬਾਰਥ ਦੁਆਰਾ ਆਪਣੇ ਅਧਿਐਨ ਵਿਚ ਮਿੱਥ ਨੂੰ ਮੈਟਾ-ਭਾਸ਼ਾ ਕਿਹਾ ਗਿਆ।[15] ਇਸ ਤਰ੍ਹਾਂ ਮਿੱਥ ਇਕ ਭਾਸ਼ਾਈ ਪ੍ਰਬੰਧ ਵਜੋਂ ਸਥਾਪਿਤ ਹੁੰਦੀ ਹੈ। ਇਸ ਅਧਿਐਨ ਤੋਂ ਮਿੱਥ ਅਤੇ ਸਾਹਿਤ ਦੀ ਪਰੰਪਰਾਗਤ (geneological) ਸਾਂਝ ਦਾ ਇਸ਼ਾਰਾ ਮਿਲਦਾ ਹੈ।

## ਮਿੱਥ ਰੂਪਾਂਤਰਨ

ਸਾਹਿਤ ਜੀਵਨ ਦੀ ਪ੍ਰਸਤੁਤੀ ਹੈ ਤੇ ਜੀਵਨ ਸਦਾ ਚੱਕਰ ਵਿਚ ਚਲਦਾ ਹੈ, ਰੇਖਾ ਵਿਚ ਨਹੀਂ। ਜਨਮ ਤੇ ਮੌਤ ਦਾ ਚੱਕਰ, ਦੁੱਖ-ਸੁੱਖ ਦਾ ਚੱਕਰ, ਪੈਦਾਵਾਰ ਤੇ ਨਾਸ਼ ਦਾ ਚੱਕਰ, ਰੁੱਤਾਂ ਦਾ ਚੱਕਰ, ਮੌਸਮਾਂ ਦਾ ਚੱਕਰ। ਫ਼ਰਾਈ ਸਾਰੀਆਂ ਮਿੱਥਾਂ ਨੂੰ ਉਨ੍ਹਾਂ ਦੀ ਬੰਜਰਤਾ, ਵਿਕਾਸ ਅਤੇ ਫ਼ਲਦਾਇਕਤਾ ਦੇ ਸੰਦਰਭ ਵਿਚ ਕਾਲ/ਰਿਤੂ ਚੱਕਰ ਅਨੁਸਾਰ ਢੁਕਵੇਂ ਥਾਂ ਤੇ ਰੱਖਦਾ ਹੈ। ਸਾਹਿਤ ਮਿੱਥ 'ਚੋਂ ਉਪਜਦਾ ਹੈ ਤੇ ਸਾਹਿਤਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਸ ਪ੍ਰਕ੍ਰਿਆ ਨੂੰ ਕਾਲ/ਰਿਤੂ ਚੱਕਰ ਵਾਂਗ ਹੀ ਬਿਆਨਿਆ ਜਾਂਦਾ ਹੈ। ਜੀਵਨ-ਚੱਕਰ ਨਾਲ ਸੰਬੰਧਿਤ ਰਚਨਾ ਵਿਚੋਂ ਮਿਲਦਾ ਪ੍ਰਤੀਕ-ਪ੍ਰਬੰਧ ਹੀ ਮੂਲ ਵੱਲ ਪਰਤਣ ਵਿਚ ਸਹਾਈ ਹੁੰਦਾ ਹੈ। ਫ਼ਰਾਈ ਅਨੁਸਾਰ ਹਰ ਵਿਅਕਤੀ ਕੁਝ ਨਿੱਜੀ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ ਪਰ ਜਦ ਇਹ ਪ੍ਰਤੀਕ ਮੁੜ-ਮੁੜ ਦੁਹਰਾਏ ਜਾਂਦੇ ਹਨ ਤਾਂ ਨਿੱਜੀ ਨਾ ਰਹਿ ਕੇ ਸਮੂਹਿਕ ਅਵਚੇਤਨ ਦਾ ਹਿੱਸਾ ਤਾਂ ਬਣਦੇ ਹੀ ਹਨ, ਨਾਲ ਹੀ ਸਮੇਂ ਤੇ ਸਥਾਨ ਨੂੰ ਪਾਰ ਕਰ ਆਦਰਸ਼ ਆਦਿ-ਰੂਪਾਂ ਦਾ ਰੂਪ ਵੀ ਅਖ਼ਤਿਆਰ ਕਰ ਲੈਂਦੇ ਹਨ ਤੇ ਸਾਹਿਤ ਵਿਚ ਦਾਖ਼ਲ ਹੋ ਜਾਂਦੇ ਹਨ ਇਹੀ ਪ੍ਰਕ੍ਰਿਆ ਮਿੱਥਾਂ ਦੇ ਰੂਪਾਂਤਰਨ ਦੀ ਪ੍ਰਕਿਰਿਆ ਅਖਵਾਉਂਦੀ ਹੈ।[16]

ਮਿੱਥ ਦਾ ਰੂਪਾਂਤਰਨ ਸਮੇਂ ਵਿਚ ਵੀ ਵਾਪਰਦਾ ਹੈ ਤੇ ਸਥਾਨ ਵਿਚ ਵੀ। ਇਹ ਰੂਪਾਂਤਰਨ ਮਿੱਥ ਦੇ ਭਿੰਨ-ਭਿੰਨ ਅੰਸ਼ਾਂ ਦਾ ਵੀ ਹੋ ਸਕਦਾ ਹੈ। ਇਕ ਮਿੱਥ ਤੋਂ ਦੂਸਰੀ ਮਿੱਥ ਤੇ ਇਕ ਸਮਾਜ ਤੋਂ ਦੂਜੇ ਸਮਾਜ ਵਿਚ ਵੀ ਵਾਪਰ ਸਕਦਾ ਹੈ। ਰੂਪਾਂਤਰਨ ਦੀ

ਇਹ ਪ੍ਰਕਿਰਿਆ ਮਿੱਥ ਵਿਚਲੀ ਸਮਗਰੀ ਨੂੰ ਸੰਭਾਲਣ ਦੇ ਸਿਧਾਂਤ ਦੀ ਕਦਰ ਕਰਦੀ ਹੈ ਭਾਵੇਂ ਕਿ ਇਸ ਪ੍ਰਕਿਰਿਆ ਵਿਚ ਅਸਲ ਫ਼ਾਰਮੂਲੇ ਦੀ ਅਖੰਡਤਾ ਖੰਡਿਤ ਹੁੰਦੀ ਹੋਵੇ। ਇਸ ਤਰ੍ਹਾਂ ਮਿੱਥ ਵਿਚ ਰੂਪਾਂਤਰਨ ਦੀ ਇਹ ਪ੍ਰਕਿਰਿਆ ਮਿੱਥ ਦੇ ਵਿਗਾੜ ਤੇ ਮਿੱਥ ਦੇ ਵਿਕਾਸ ਦੇ ਸੰਦਰਭ ਵਿਚ ਵਾਪਰਦੀ ਹੈ।[17]

## ਸਾਹਿਤ ਅਤੇ ਸਾਹਿਤ ਸਿਧਾਂਤ ਦਾ ਅੰਤਰ-ਸੰਬੰਧ

ਸਾਹਿਤ ਅਤੇ ਸਾਹਿਤ ਸਮਾਜ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਸਾਹਿਤ ਦਾ ਜਨਮ ਉਸ ਦੇ ਸਮਕਾਲੀ ਸਮਾਜ ਨੂੰ ਆਧਾਰ ਬਣਾ ਕੇ ਹੀ ਕੀਤਾ ਜਾਂਦਾ ਹੈ। ਸਾਹਿਤ ਜ਼ਿੰਦਗੀ ਦਾ ਸੱਚ ਹੈ ਅਤੇ ਇਹ ਜ਼ਿੰਦਗੀ ਵਿਚੋਂ ਹੀ ਉਪਜਦਾ ਹੈ। ਸਾਹਿਤਕਾਰ ਅੰਦਰ ਇਕ ਵਿਸ਼ੇਸ਼ ਕਿਸਮ ਦੀ ਚੇਤਨਾ ਹੁੰਦੀ ਹੈ ਜਿਸ ਦੁਆਰਾ ਉਹ ਬਹੁਤ ਡੂੰਘੀਆਂ ਗੱਲਾਂ ਨੂੰ ਸਮਝ ਕੇ ਵਧੀਆ ਸ਼ੈਲੀ ਵਿਚ ਬਿਆਨ ਕਰਦਾ ਹੈ। ਮਹਾਨ ਵਿਚਾਰਾਂ ਤੋਂ ਬਿਨਾਂ ਰਚਿਆ ਗਿਆ ਕੋਈ ਵੀ ਸਮਗਰ ਰੂਪ ਸਾਹਿਤ ਨਹੀਂ ਹੋ ਸਕਦਾ ਅਤੇ ਚੰਗੇ ਵਿਚਾਰਾਂ ਦੀ ਪ੍ਰਾਪਤੀ ਲਈ ਸਾਹਿਤਕਾਰ ਨੂੰ ਆਪਣੇ ਜੀਵਨ ਦੇ ਤਜਰਬੇ ਨੂੰ ਆਧਾਰ ਬਣਾਉਣਾ ਹੁੰਦਾ ਹੈ। ਉਸ ਨੇ ਜੀਵਨ ਦੇ ਦੁੱਖ-ਸੁੱਖ ਭੋਗੇ ਹੁੰਦੇ ਹਨ। ਹੋਰਨਾਂ ਦੇ ਤਜਰਬਿਆਂ ਤੋਂ ਵੀ ਉਹ ਲਾਭ ਉਠਾਉਂਦਾ ਹੈ। ਉਹ ਜਦੋਂ ਵੀ ਸਫ਼ਰ ਕਰ ਰਿਹਾ ਹੁੰਦਾ ਹੈ, ਉਹ ਆਪਣੇ ਆਲੇ-ਦੁਆਲੇ ਦੀ ਸਥਿਤੀ ਨੂੰ ਡੂੰਘੀ ਨੀਝ ਨਾਲ ਵੇਖਦਾ ਹੈ। ਇਸ ਤਰ੍ਹਾਂ ਸਾਹਿਤ ਦਾ ਜਨਮ ਸਾਹਿਤਕਾਰ ਦੇ ਆਪਣੇ ਨਿੱਜੀ ਤਜਰਬਿਆਂ, ਹੋਰਨਾਂ ਦੇ ਸੁਣੇ ਵੇਖੇ ਤਜਰਬਿਆਂ ਅਤੇ ਲੇਖਕ ਦੀ ਮਹਿਸੂਸ ਕਰਨ ਦੀ ਸ਼ਕਤੀ ਵਿਚੋਂ ਹੁੰਦਾ ਹੈ।

ਸਾਹਿਤ ਐਸੀਆਂ ਸਥਿਤੀਆਂ ਪਰਿਸਥਿਤੀਆਂ ਦੀ ਕਲਾਤਮਕ ਪ੍ਰਸਤੁਤੀ ਹੁੰਦਾ ਹੈ ਜੋ ਸਮਾਜ ਵਿਚ ਪ੍ਰਚੱਲਿਤ ਮਨੁੱਖੀ ਕਾਰ-ਵਿਹਾਰ, ਕਦਰਾਂ-ਕੀਮਤਾਂ, ਮਿੱਥਾਂ ਤੇ ਮਨੋਸਥਿਤੀ ਦਾ ਪ੍ਰਤੀਬਿੰਬ ਹੁੰਦੀਆਂ ਹਨ। ਇਹ ਬਿੰਬ ਜਾਪਦਾ ਤਾਂ ਜੀਵਨ ਵਰਗਾ ਹੀ ਹੈ ਪਰੰਤੂ ਹੁੰਦਾ ਵਾਸਤਵਿਕ ਜਗਤ ਦਾ ਕਲਾਤਮਕ ਪੁਨਰ-ਉਸਾਰ ਹੈ। ਹੈਨਰੀ ਏ ਮਰੇ ਮਿੱਥ ਦਾ ਸੁਭਾਅ ਪਰਿਵਰਤਨਸ਼ੀਲ ਹੋਣ ਕਾਰਨ ਇਸ ਨੂੰ ਝੂਠ, ਕਲਪਨਾ, ਮਿਥਿਆ, ਨਾ ਮੰਨਣ ਯੋਗ ਕਹਿੰਦਾ ਹੈ।[18] ਪਰੰਤੂ, ਮਿੱਥ ਸ਼ਬਦ ਦੀ ਵਿਉਤਪਤੀ ਮਾਈਥੋਸ ਤੋਂ ਹੋਣ ਕਰਕੇ ਇਸ ਵਿਚਲੇ ਸੱਚ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਮਾਈਥੋਸ ਦੀ ਵਰਤੋਂ ਅਰਸਤੂ ਸਾਹਿਤ ਦੇ ਐਸੇ ਅਨਿੱਖੜਵੇਂ ਸੰਰਚਨਾਤਮਿਕ ਤੱਤ ਵਜੋਂ ਕਰਦਾ ਹੈ ਜੋ ਰਚਨਾਵਾਂ ਨੂੰ ਸੰਗਠਿਤ ਤੇ ਨਿਯੰਤਰਿਤ ਵੀ ਕਰਦਾ ਹੈ ਤੇ ਗਤੀਸ਼ੀਲਤਾ ਵੀ ਬਖ਼ਸ਼ਦਾ ਹੈ। ਇਉਂ ਮਿੱਥ ਯਥਾਰਥ ਤੇ ਕਲਪਨਾ ਦਾ ਮਿਸ਼ਰਨ ਹੋ ਨਿੱਬੜਦੀ ਹੈ। ਸਾਹਿਤ, ਵਿਸ਼ੇਸ਼ ਕਰਕੇ ਗਲਪ, ਵਾਸਤਵਿਕ ਜੀਵਨ ਦਾ ਪੁਨਰ-ਸਿਰਜਣ ਹੁੰਦਾ ਹੈ ਜੋ ਕਲਾਤਮਕ ਸੰਭਾਵਿਕਤਾ ਨਾਲ ਸਿਰਜਿਆ ਜਾਂਦਾ ਹੈ। ਸਾਹਿਤ ਨੂੰ ਇਕ ਐਸੀ ਪੂਰਨ ‘ਸਾਧਨਾ’ ਮੰਨਿਆ ਗਿਆ ਹੈ, ਜਿਸ ਲਈ ‘ਉੱਚ-ਪੱਧਰ ਦੀ ਪ੍ਰਤਿਭਾ ਤੇ ਕਲਪਨਾ’ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਇਸ ਤਰ੍ਹਾਂ ਮਿੱਥ ਅਤੇ ਸਾਹਿਤ ਨਾਲ ਸੰਬੰਧਿਤ ਵਿਸਥਾਰਪੂਰਵਕ ਚਰਚਾ ਇਸ ਖੋਜ ਕਾਰਜ ਦੇ ਅਗਲੇ ਅਧਿਆਇ ‘ਮਿੱਥ ਅਤੇ ਸਾਹਿਤ ਦਾ ਅੰਤਰ ਸੰਬੰਧ’ ਵਿਚ ਕੀਤੀ ਗਈ ਹੈ।

# Mitter Sain Meet De Novel ‘Kaurav Sabha’ ‘ch Myth Rupantarn

## ਪੰਜਾਬੀ ਨਾਵਲ ਦਾ ਆਰੰਭ ਤੇ ਵਿਕਾਸ

ਨਾਵਲ, ਗਲਪ ਸਾਹਿਤ ਦਾ ਸਭ ਤੋਂ ਪ੍ਰਮੁੱਖ ਅਤੇ ਲੋਕਪ੍ਰਿਆ ਸਾਹਿਤ-ਰੂਪ ਹੈ। ਇਹ ਅਠਾਰ੍ਹਵੀਂ ਸਦੀ ਵਿਚ ਪ੍ਰਚਲਿਤ ਹੋਇਆ। ਇਸ ਸਾਹਿਤ-ਰੂਪ ਦਾ ਨਾਂ ਬੋਕਾਚਿਓ (Boccaccio) ਦੀ ਇਕ ਬਿਰਤਾਂਤਿਕ ਪੁਸਤਕ ਦੇ ਸਿਰਲੇਖ ਤੋਂ ਲਿਆ ਗਿਆ, ਜਿਸ ਦੇ ਅਰਥ ਸਨ, ਨਵੀਆਂ ਕਥਾਵਾਂ। ਭਾਵੇਂ ਇੰਗਲੈਂਡ ਵਿਚ ਸਾਹਿਤ ਦੇ ਇਸ ਨਵੇਂ ਰੂਪ ਦਾ ਜਨਮ ਜਾਹਨ ਬੁਨੀਅਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗ੍ਰੈਸ' ਨਾਲ ਹੋਇਆ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਨਾਵਲ ਪਰੰਪਰਾ ਡੈਨੀਅਲ ਡੇਫ਼ੋ ਦੇ ਨਾਵਲ 'ਰਾਬਿਨਸਨ ਕਰੂਸੋ' (Robinson Crusoe, 1719) ਨਾਲ ਸ਼ੁਰੂ ਹੁੰਦੀ ਹੈ।

ਨਾਵਲ ਦੀ ਪਰਿਭਾਸ਼ਾ ਅਤੇ ਸਰੂਪ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਉੱਤਰ ਪੂਰਬੀ ਤੇ ਪੱਛਮੀ ਆਲੋਚਕਾਂ ਨੇ ਆਪਣੇ-ਆਪਣੇ ਢੰਗ ਨਾਲ ਦਿੱਤਾ ਹੈ। ਨਿਰਸੰਦੇਹ ਭਾਰਤੀ ਬੋਲੀਆਂ ਵਿਚ ਇਸ ਸਾਹਿਤ-ਰੂਪ ਦੀ ਉਪਜ ਪੱਛਮੀ ਸਾਹਿਤ ਦੇ ਸੰਪਰਕ ਵਿਚ ਆਉਣ ਨਾਲ ਹੋਈ ਹੈ। ਭਾਰਤ ਵਿਚ ਜਿਉਂ-ਜਿਉਂ ਅੰਗਰੇਜ਼ਾਂ ਦੇ ਸੰਪਰਕ ਵਿਚ ਭਾਰਤ ਦੇ ਲੋਕ ਆਉਂਦੇ ਰਹੇ, ਉਸੇ ਤਰਤੀਬ ਵਿਚ ਭਾਰਤੀ ਭਾਸ਼ਾਵਾਂ ਵਿਚ ਨਾਵਲ ਦੀ ਰਚਨਾ ਹੁੰਦੀ ਰਹੀ। ਸਭ ਤੋਂ ਪਹਿਲਾਂ ਬੰਗਲਾ ਭਾਸ਼ਾ ਤੇ ਫਿਰ ਬਾਕੀ ਭਾਸ਼ਾਵਾਂ ਵਿਚ ਨਾਵਲ ਦੀ ਰਚਨਾ ਹੋਈ।

'ਨਾਵਲ' ਦੇ ਡਿਕਸ਼ਨਰੀ ਸ਼ਬਦ 'Novella' ਦੁਆਰਾ ਪ੍ਰਗਟ ਹੋਏ ਹਨ। ਇਸ ਸ਼ਬਦ ਦਾ ਮੂਲ ਇਤਾਲਵੀ ਭਾਸ਼ਾ ਵਿਚ 'ਨਵੇਂ' ਦੇ ਅਰਥਾਂ ਵਿਚ ਪ੍ਰਾਪਤ ਹੈ। Novella ਸ਼ਬਦ ਛੋਟੀ ਕਹਾਣੀ ਲਈ ਵੀ ਵਰਤਿਆ ਜਾਂਦਾ ਸੀ। ਅੰਗਰੇਜ਼ੀ ਵਿਚ ਇਹ 'Novel' ਅਤੇ ਇਸ ਦਾ ਪਰਿਆਇਵਾਚੀ ਹਿੰਦੀ ਸ਼ਬਦ 'ਉਪਨਿਆਸ' ਹੈ। ਪੰਜਾਬੀ ਵਿਚ ਇਸ ਦਾ ਅੰਗਰੇਜ਼ੀ ਵਾਲਾ ਰੂਪ 'ਨਾਵਲ' ਹੀ ਪ੍ਰਸਿੱਧ ਹੈ ਅਤੇ ਇਸੇ ਸ਼ਬਦ ਦੀ ਇਸ ਸਾਹਿਤ ਰੂਪ ਲਈ ਵਰਤੋਂ ਕੀਤੀ ਜਾਂਦੀ ਹੈ।[19]

ਡਾ. ਟੀ. ਆਰ. ਵਿਨੋਦ ਅਨੁਸਾਰ, 'ਉਪਨਿਆਸ ਗੱਦ ਵਿਚ ਲਿਖੀ ਹੋਈ ਕਾਫ਼ੀ ਲੰਬੀ (ਅੱਜ-ਕੱਲ੍ਹ ਇੰਨੀ ਕੁ ਲੰਬੀ ਕਿ ਇਕ ਜਾਂ ਦੋ ਜਿਲਦਾਂ ਬਣ ਸਕਣ) ਗਲਪਾਤਮਿਕ ਕਥਾ ਜਾਂ ਕਹਾਣੀ ਹੈ ਜਿਸ ਵਿਚ ਵੱਧ ਜਾਂ ਘੱਟ ਕਥਾਨਕ ਰਾਹੀਂ ਅਤੀਤ ਜਾਂ ਵਰਤਮਾਨ ਦੇ ਵਾਸਤਵਿਕ ਜੀਵਨ ਦੇ ਪ੍ਰਤੀਨਿਧ ਪਾਤਰ ਅਤੇ ਕਾਰਜ ਪੇਸ਼ ਕੀਤੇ ਜਾਂਦੇ ਹਨ'।[20]

ਪੰਜਾਬੀ ਸਾਹਿਤ ਵਿਚ ਨਾਵਲ ਦਾ ਉਦੇ ਅੰਗਰੇਜ਼ੀ ਸਾਮਰਾਜ ਦੇ ਬਸਤੀਵਾਦੀ ਪ੍ਰਬੰਧ ਦੀ ਪ੍ਰਸਾਰ ਵਾਦ ਦੀ ਨੀਤੀ ਦੇ ਵਿਰੋਧ ਵਿਚ ਹੁੰਦਾ ਹੈ। ਸਮਕਾਲੀ ਸਮਾਜ ਵਿਚ ਵਿਗਿਆਨਕ ਉੱਨਤੀ ਤੇ ਪਦਾਰਥਕ ਵਿਕਾਸ ਦੇ ਫਲਸਰੂਪ ਆਈਆਂ ਵਿਆਪਕ ਤਬਦੀਲੀਆਂ ਵੀ ਪੰਜਾਬੀ ਸਾਹਿਤ ਵਿਚ ਨਾਵਲ ਦੇ ਆਗਮਨ ਦਾ ਆਧਾਰ ਬਣਦੀਆਂ ਹਨ। 'ਨਾਵਲ ਕਿਸੇ ਸਮਾਜ ਦੇ ਸਮੇਂ ਅਤੇ ਜੀਵਨ ਦਾ ਸੁੱਚਾ ਚਿੱਤਰ ਹੈ। ਇਸ ਰਾਹੀਂ ਸਮਾਜ ਆਪਣੇ ਗੁਨਾਹ ਇਕਬਾਲ ਕਰਦਾ ਅਤੇ ਸੁਪਨੇ ਤੇ ਵਸਤੂ ਦੀ ਗੁੰਝਲ ਪੇਸ਼ ਕਰਦਾ ਹੈ। ਸੁਪਨ-ਜਗਤ ਅਤੇ ਵਸਤੂ-ਜਗਤ ਦੇ ਆਪਸੀ ਸੰਬੰਧਾਂ ਦੇ ਤਣਾਉ ਵਿਚੋਂ ਹੀ ਨਾਵਲ ਦਾ ਜਨਮ ਹੁੰਦਾ ਹੈ।[21]

ਨਿਰਸੰਦੇਹ, ਮੁੱਢਲਾ ਪੰਜਾਬੀ ਨਾਵਲ ਆਦਰਸ਼ ਨੂੰ ਪ੍ਰਮੁੱਖ ਜੁਗਤ ਦੇ ਰੂਪ ਵਿਚ ਵਰਤਦਾ ਹੈ ਪਰ ਆਦਰਸ਼ ਦੀ ਪਰਤ ਹੇਠਾਂ ਜੀਵਨ ਦੇ ਤਣਾਉ ਤੇ ਯਥਾਰਥ ਦੀ ਪੇਸ਼ਕਾਰੀ ਨਾਲੋ-ਨਾਲ ਚਲਦੀ ਹੈ।

ਪੰਜਾਬੀ ਦੇ ਮੁੱਢਲੇ ਨਾਵਲ ਵਿਚ ਧਾਰਮਿਕ-ਆਦਰਸ਼ਵਾਦ ਅਤੇ ਸਮਾਜਕ-ਸੁਧਾਰਵਾਦ ਦੇ ਮਨੋਰਥ ਦੀ ਪੇਸ਼ਕਾਰੀ ਹਿਤ ਮਨਮਰਜ਼ੀ ਦਾ ਘਟਨਾ-ਉਸਾਰ ਤੇ ਪਾਤਰ-ਵਿਧਾਨ ਪ੍ਰਮੁੱਖ ਰਿਹਾ। ਬਿਰਤਾਂਤਿਕ ਵਰਣਨ ਸਿੱਧੀ ਬਿਆਨਬਾਜ਼ੀ ਤੋਂ ਅੱਗੇ ਨਾ ਟੱਪ ਸਕਿਆ। ਮੁੱਢਲੇ ਬਿਰਤਾਂਤ ਕਾਰ ਆਪ ਆਪਣੀਆਂ ਰਚਨਾਵਾਂ ਵਿਚ ਹਾਜ਼ਰ ਰਹਿੰਦੇ ਹਨ। ਵਿਕਾਸ ਦੇ ਅਗਲੇਰੇ ਪੜਾਅ 'ਤੇ ਇਹ ਵਰਤਾਰਾ ਟੁੱਟਦਾ ਹੈ ਤੇ ਯਥਾਰਥ ਨੂੰ ਇੰਨ-ਬਿੰਨ ਪੇਸ਼ ਕਰਨ ਤੋਂ ਲੈ ਕੇ ਆਲੋਚਨਾਤਮਿਕ ਯਥਾਰਥ ਦੀ ਪ੍ਰਸਤੁਤੀ ਤੱਕ ਦਾ ਸਫ਼ਰ ਤੈਅ ਕੀਤਾ ਜਾਂਦਾ ਹੈ। ਇਸ ਪ੍ਰਾਪਤੀ ਵਿਚ ਪ੍ਰਾਕ੍ਰਿਤਕ ਵਾਦ, ਪ੍ਰਤੀਕਾਤਮਕਤਾ, ਆਂਚਲਿਕ ਵਰਣਨ ਅਤੇ ਚਿੰਨ੍ਹਾਤਮਕ ਪ੍ਰਗਟਾਉ ਵਰਗੀਆਂ ਵਿਧੀਆਂ ਮਹੱਤਵਪੂਰਨ ਕਾਰਜ ਨਿਭਾਉਂਦੀਆਂ ਹਨ। ਸਮੇਂ-ਸਮੇਂ ਨਵੇਂ ਪ੍ਰਯੋਗਾਂ ਦੇ ਨਾਲ-ਨਾਲ ਕਟਾਖਸ਼, ਵਿਡੰਬਣਾ, ਅੰਤਰ-ਪਾਠ, ਚੇਤਨਾ-ਪ੍ਰਵਾਹ, ਫ਼ੰਤਾਸੀ ਵਰਗੀਆਂ ਜੁਗਤਾਂ ਪ੍ਰਭਾਵੀ ਹੁੰਦੀਆਂ ਨਜ਼ਰ ਆਉਂਦੀਆਂ ਹਨ।

ਬਿਰਤਾਂਤਿਕ ਜੁਗਤਾਂ ਵਿਚ ਵਾਪਰਦੀ ਇਸ ਤਬਦੀਲੀ ਦੌਰਾਨ ਜੋ ਰੂੜ੍ਹੀ ਸਦਾ ਹੀ ਕਿਸੇ ਨਾ ਕਿਸੇ ਢੰਗ ਨਾਲ ਅਭਿਵਿਅਕਤੀ ਦਾ ਮਾਧਿਅਮ ਬਣਦੀ ਰਹੀ ਹੈ, ਉਹ ਹੈ ਮਿਥਿਕ ਪ੍ਰਕਰਨਾਂ ਦੀ ਪ੍ਰਸਤੁਤੀ। ਆਧੁਨਿਕ ਕਾਲ ਵਿਚ ਇਸ ਜੁਗਤ ਦੀ ਵਰਤੋਂ ਵੱਲ ਸਾਹਿਤਕਾਰ ਖ਼ਾਸ ਤੌਰ ਤੇ ਧਿਆਨ ਦੇ ਰਹੇ ਹਨ। ਆਮ ਸਾਧਾਰਨ ਵੇਰਵੇ ਤਾਂ ਸਦਾ ਹੀ ਸਾਹਿਤ ਦਾ ਹਿੱਸਾ ਬਣਦੇ ਰਹੇ ਹਨ। ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਮਿਥਿਹਾਸ ਵਿਚ ਪਏ ਮਹੱਤਵਪੂਰਨ ਗਿਆਨ ਸਰੋਤਾਂ ਦੀ ਵਰਤੋਂ ਅਜੋਕੀਆਂ ਗੁੰਝਲਦਾਰ ਸਥਿਤੀਆਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਸਾਹਿਤਕ ਕਿਰਤਾਂ ਵਿਚ ਢਾਲਣ ਵਿਚ ਬੇਹੱਦ ਸਹਾਈ ਹੋ ਰਹੀ ਹੈ। ਬਲਦੇਵ ਸਿੰਘ ਧਾਲੀਵਾਲ ਮਿੱਥ ਤੇ ਬਿਰਤਾਂਤ ਦੇ ਆਪਸੀ ਸੰਬੰਧ ਨੂੰ ਆਰੀਆ ਲੋਕਾਂ ਦੀ ਜੀਵਨ-ਸ਼ੈਲੀ ਨਾਲ ਜੋੜਦਾ ਹੈ। ਉਸ ਅਨੁਸਾਰ 'ਮੁੱਢਲੇ ਆਰੀਆ ਲੋਕਾਂ ਦੁਆਰਾ ਸਿਰਜੀਆਂ ਗਈਆਂ ਮਿੱਥਾਂ ਉਨ੍ਹਾਂ ਦੇ ਸਮੂਹਿਕ ਅਵਚੇਤਨ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਇਕ ਪਾਸੇ ਤਾਂ ਉਨ੍ਹਾਂ ਦੇ ਵਿਵਹਾਰ ਮੁਖੀ ਜੀਵਨ ਦਾ ਪ੍ਰਗਟਾਵਾ ਕਰਦੀਆਂ ਹਨ ਅਤੇ ਦੂਜੇ ਪਾਸੇ ਉਸ ਸੁਪਨ-ਸੰਸਾਰ ਦਾ ਬੋਧ ਕਰਾਉਂਦੀਆਂ ਹਨ ਜਿਸ ਦੀ ਪ੍ਰਾਪਤੀ ਲਈ ਉਹ ਸੰਘਰਸ਼ਸ਼ੀਲ ਰਹਿੰਦੇ ਹਨ। ਉਨ੍ਹਾਂ ਦਾ ਜੀਵਨ ਨੂੰ ਭਰਪੂਰ ਰੂਪ ਵਿਚ ਮਾਣ ਸਕਣ ਦਾ ਸੁਪਨਾ ਉਨ੍ਹਾਂ ਨੂੰ ਗਤੀਸ਼ੀਲ ਬਣਾਈ ਰੱਖਦਾ ਹੈ। ਇਸ ਵਿਵਹਾਰਕਤਾ ਅਤੇ ਸੁਪਨ-ਸੰਸਾਰ ਵਿਚ ਅਜਿਹੇ ਬੁਨਿਆਦੀ ਲੱਛਣ (archetype) ਪਏ ਹਨ ਜਿਹੜੇ ਅੱਗੇ ਜਾ ਕੇ ਪੰਜਾਬੀ ਜੀਵਨ-ਜਾਂਚ ਦੀ ਆਧਾਰਸ਼ੀਲਤਾ ਬਣਦੇ ਹਨ। ਪੰਜਾਬੀ ਬਿਰਤਾਂਤਿਕ ਪ੍ਰਵਚਨ ਵਿਚ ਇਨ੍ਹਾਂ ਬੁਨਿਆਦੀ ਮੋਟਿਫ਼ਾਂ ਦੀ ਹੋਂਦ ਕਿਸੇ ਨਾ ਕਿਸੇ ਰੂਪ ਵਿਚ ਹੁਣ ਤੱਕ ਵੀ ਬਣੀ ਨਜ਼ਰ ਆਉਂਦੀ ਹੈ'।[22] ਨਿਸ਼ਚੇ ਹੀ, ਮਿੱਥ ਮਾਨਵੀ ਵਿਹਾਰ ਤੇ ਦ੍ਰਿਸ਼ਟੀ ਦਾ ਨਿਰਧਾਰਨ ਕਰਨ ਦੇ ਨਾਲ-ਨਾਲ ਉਸ ਦੇ ਪ੍ਰਗਟਾਵੇ ਦਾ ਮਾਧਿਅਮ ਵੀ ਹੋ ਨਿੱਬੜਦੀ ਹੈ।

ਆਧੁਨਿਕ ਦੌਰ ਵਿਚ ਸੁਰਜੀਤ ਸਿੰਘ ਸੇਠੀ, ਨਿਰੰਜਨ ਤਸਨੀਮ, ਸੁਖਬੀਰ, ਸ. ਸੋਜ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਤੇ ਮਿੱਤਰ ਸੈਨ ਮੀਤ ਜਿਹੇ ਨਾਵਲਕਾਰਾਂ ਨੇ ਪੰਜਾਬੀ ਨਾਵਲ ਦੇ ਮੁਹਾਂਦਰੇ ਨੂੰ ਬਦਲਣ ਵਿਚ ਵਿਸ਼ੇਸ਼ ਯੋਗਦਾਨ

ਪਾਇਆ ਹੈ। ਇਨ੍ਹਾਂ ਵਿਚੋਂ ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਜਿਹੇ ਨਾਂ ਹਨ ਜੋ ਵਸਤੂ ਜਗਤ ਦੇ ਦਵੰਦਾਤਮਿਕ ਸੰਬੰਧਾਂ ਨੂੰ ਉਘਾੜਨ ਲਈ ਲਗਾਤਾਰ ਮਿੱਥਾਂ ਜਾਂ ਮਿਥਿਕਾਂ ਦਾ ਰੂਪਾਂਤਰਨ ਕਰਦੇ ਰਹੇ ਹਨ।

1970 ਦੇ ਦੌਰ ਵਿਚ ਪੰਜਾਬੀ ਨਾਵਲ ਵਿਚ ਮਿੱਤਰ ਸੈਨ ਮੀਤ ਆਪਣੇ ਨਾਵਲ 'ਅੱਗ ਦੇ ਬੀਜ'ਨਾਲ ਪ੍ਰਵੇਸ਼ ਕਰਦਾ ਹੈ। ਇਸ ਤੋਂ ਇਲਾਵਾ ਹੁਣ ਤਕ ਉਸ ਦੇ ਪੰਜ ਹੋਰ ਨਾਵਲ ਕਾਫ਼ਲਾ, ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ ਪ੍ਰਕਾਸ਼ਿਤ ਹੋ ਚੁੱਕੇ ਹਨ। ਮਿੱਤਰ ਸੈਨ ਮੀਤ ਦੇ ਇਨ੍ਹਾਂ ਛੇ ਨਾਵਲਾਂ ਵਿਚੋਂ ਉਸ ਦੇ ਨਾਵਲ 'ਸੁਧਾਰ ਘਰ' ਨੂੰ ਸਾਹਿਤ ਅਕਾਦਮੀ ਦਾ ਸਰਵੋਤਮ ਐਵਾਰਡ ਮਿਲ ਚੁੱਕਾ ਹੈ। ਪਰ ਇਨ੍ਹਾਂ ਛੇ ਨਾਵਲਾਂ ਵਿਚੋਂ ਜੋ ਸਭ ਤੋਂ ਵੱਧ ਚਰਚਿਤ ਰਿਹਾ ਉਹ ਹੈ 'ਕੌਰਵ ਸਭਾ'।

'ਕੌਰਵ ਸਭਾ' ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਮਹਾਂਭਾਰਤ ਵਿਚ ਹਸਤਨਾਪੁਰ ਦੀ ਰਾਜ-ਸੱਤਾ ਉੱਤੇ ਕਾਬਜ਼ ਭਾਵੇਂ ਕੌਰਵ ਸਨ ਪਰੰਤੂ ਉਸ ਸਭਾ ਵਿਚ ਭੀਸ਼ਮ ਪਿਤਾਮਾ, ਵਿਦੁਰ, ਕਿਰਪਾਚਾਰੀਆ, ਦਰੋਣਾਚਾਰੀਆ ਅਤੇ ਦਾਨ ਵੀਰ ਕਰਨ ਵਰਗੇ ਯੁੱਗ ਪੁਰਸ਼ ਵੀ ਸ਼ਾਮਲ ਸਨ। ਇਹ ਯੁੱਗ ਪੁਰਸ਼ ਭਾਵੇਂ ਸੱਤਾ ਦਾ ਹਿੱਸਾ ਸਨ ਪਰ ਦਿਲੋਂ ਸੱਤਾ ਦੀ ਬੇਇਨਸਾਫ਼ੀ ਨਾਲ ਸਹਿਮਤ ਨਹੀਂ ਸਨ ਪਰੰਤੂ ਅਜੋਕੇ ਕੌਰਵ ਸ਼ਾਸਕ ਵਰਗ ਵਿਚ ਅਜਿਹਾ ਕੋਈ ਯੁੱਗ ਪੁਰਸ਼ ਨਹੀਂ ਬਲਕਿ ਸਾਰੇ ਹੀ ਕੌਰਵ ਹਨ।[23]

ਇਸ ਪ੍ਰਕਾਰ ਹੀ ਨਾਵਲ 'ਕੌਰਵ ਸਭਾ' ਦੇ ਪੀੜਤ ਪਾਤਰ ਆਮ ਵਿਅਕਤੀ ਹਨ ਉਹ ਕਿਸੇ ਖ਼ਾਸ ਕਲਾ ਵਿਚ ਨਿਪੁੰਨ ਨਹੀਂ। ਮਹਾਂਭਾਰਤ ਵਿਚ ਦਰੋਪਤੀ ਨੂੰ ਤਾਂ ਨਗਨ ਹੋਣ ਤੋਂ ਮਾਇਆਵੀ ਕ੍ਰਿਸ਼ਨ ਨੇ ਬਚਾ ਲਿਆ ਸੀ ਪਰੰਤੂ ਨਾਵਲ ਦੀ ਪਾਤਰ ਨੇਹਾ ਨੂੰ ਬਚਾਉਣ ਲਈ ਕੋਈ ਨਹੀਂ ਬਹੁੜਦਾ, ਉਸ ਦਾ ਬਲਾਤਕਾਰ ਹੋ ਜਾਂਦਾ ਹੈ। ਮਹਾਂਭਾਰਤ ਦੇ ਅਖੀਰ ਵਿਚ ਪਾਂਡਵ ਧਰਮਯੁੱਧ ਜਿੱਤ ਕੇ ਨਾਇਕ ਬਣ ਜਾਂਦੇ ਹਨ ਪਰੰਤੂ ਨਾਵਲ 'ਕੌਰਵ ਸਭਾ' ਦੇ ਪਾਤਰ ਇਨਸਾਫ਼ ਲਈ ਲੜਦੇ-ਲੜਦੇ ਘੋਰ ਸੰਕਟ ਵਿਚ ਜਕੜੇ ਜਾਂਦੇ ਹਨ। ਮਹਾਂਭਾਰਤ ਦੇ ਅੰਤ ਵਿਚ ਨੇਕੀ ਦੀ ਬਦੀ ਉੱਤੇ ਜਿੱਤ ਹੁੰਦੀ ਹੈ ਪਰ 'ਕੌਰਵ ਸਭਾ' ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿੱਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ ਬਦੀ ਉੱਤੇ ਨੇਕੀ ਦੀ ਜਿੱਤ ਦੀ ਮਿੱਥ ਨੂੰ ਤੋੜਦਾ ਹੋਇਆ ਇਹ ਵਿਅੰਗ ਕਰਦਾ ਹੈ ਕਿ ਆਧੁਨਿਕ ਲੋਕਤੰਤਰੀ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੋ ਚੁੱਕੀ ਹੈ, ਇਸ ਨੂੰ ਹਰਾਉਣਾ ਜੇਕਰ ਅਸੰਭਵ ਨਹੀਂ ਤਾਂ ਅਤਿ ਮੁਸ਼ਕਿਲ ਜ਼ਰੂਰ ਹੈ।

## ਵਿਸ਼ੇ ਸੰਬੰਧੀ ਪੂਰਵ ਖੋਜ ਕਾਰਜ

ਵਿਸ਼ੇ ਨਾਲ ਸੰਬੰਧਿਤ ਹੁਣ ਤੱਕ ਹੋ ਚੁੱਕੇ ਖੋਜ ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ:-

**ਵਿਸ਼ੇ ਨਾਲ ਸੰਬੰਧਿਤ ਪੀ.ਐੱਚ.ਡੀ ਪੱਧਰ ਉੱਪਰ ਹੋ ਚੁੱਕਾ ਖੋਜ ਕਾਰਜ**

ਵੱਖ-ਵੱਖ ਯੂਨੀਵਰਸਿਟੀਆਂ ਵਿਚ ਵਿਸ਼ੇ ਨਾਲ ਸੰਬੰਧਿਤ ਪੀ.ਐੱਚ.ਡੀ ਪੱਧਰ ਉੱਪਰ ਹੋ ਚੁੱਕੇ ਸਾਰੇ ਪ੍ਰਮੁੱਖ ਖੋਜ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਵੀਰਪਾਲ ਕੌਰ, ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਮਿੱਥ, ਰੀਤ ਅਤੇ ਯਥਾਰਥ ਦੇ ਅੰਤਰ-ਸੰਬੰਧਾਂ ਵਿਚੋਂ ਉੱਭਰਦੇ ਪੈਟਰਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,** 2005

ਵੀਰਪਾਲ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਸਤਿੰਦਰ ਔਲਖ ਦੀ ਨਿਗਰਾਨੀ ਹੇਠ ਇਹ ਖੋਜ ਕਾਰਜ ਪੂਰਾ ਕੀਤਾ ਹੈ। ਇਸ ਖੋਜ ਕਾਰਜ ਦੇ **ਅਧਿਆਇ ਪਹਿਲੇ** ਵਿਚ ਮਿੱਥ, ਰੀਤ ਅਤੇ ਯਥਾਰਥ ਦੇ ਸੰਕਲਪ ਅਤੇ ਅੰਤਰ-ਸੰਬੰਧ ਦਾ ਵਰਣਨ ਕੀਤਾ ਹੈ। **ਦੂਜੇ ਅਧਿਆਇ** ਵਿਚ ਮਿੱਥ, ਰੀਤ ਅਤੇ ਯਥਾਰਥ ਦੇ ਅੰਤਰ-ਸੰਬੰਧਾਂ ਵਿਚੋਂ ਉੱਭਰਦੇ ਸਾਹਿਤਕ ਪੈਟਰਨ ਦਾ ਵਰਣਨ ਕੀਤਾ ਹੈ। **ਤੀਜੇ ਅਧਿਆਇ** ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਅਧਿਐਨ (ਮਿੱਥ, ਰੀਤ ਅਤੇ ਯਥਾਰਥ ਦੇ ਅੰਤਰ-ਸੰਬੰਧਾਂ ਦੇ ਸੰਦਰਭ ਵਿਚ) ਮੜ੍ਹੀ ਦਾ ਦੀਵਾ, ਅੰਨ੍ਹੇ ਘੋੜੇ ਦਾ ਦਾਨ, ਪਰਸਾ। ਇਸ ਖੋਜ ਕਾਰਜ ਦੇ **ਚੌਥੇ ਅਧਿਆਇ** ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਸਮਾਜ-ਸਭਿਆਚਾਰਕ ਅਤੇ ਇਤਿਹਾਸਕ ਪੈਰਾਡਾਈਮ ਦਾ ਵਰਣਨ ਕੀਤਾ ਹੈ।

**ਸਿਮਰਜੀਤ ਕੌਰ, ਮਿੱਤਰ ਸੈਨ ਮੀਤ ਦਾ ਨਾਵਲ ਜਗਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ,** 2011

ਸਿਮਰਜੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਬਲਵਿੰਦਰ ਕੌਰ ਸਿੱਧੂ ਦੀ ਨਿਗਰਾਨੀ ਹੇਠ ਇਸ ਖੋਜ ਕਾਰਜ ਨੂੰ ਪੂਰਾ ਕੀਤਾ ਹੈ। ਸਿਮਰਜੀਤ ਕੌਰ ਨੇ ਆਪਣੇ ਇਸ ਖੋਜ ਕਾਰਜ ਨੂੰ ਕੁੱਲ ਪੰਜ ਅਧਿਆਵਾਂ ਵਿਚ ਵੰਡਿਆ ਹੈ। **ਪਹਿਲਾ ਅਧਿਆਇ ਹੈ** 'ਮਿੱਤਰ ਸੈਨ ਮੀਤ ਤੇ ਪੰਜਾਬੀ ਨਾਵਲ' ਜਿਸ ਨੂੰ ਉਸ ਨੇ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਨਾਵਲ ਦੀ ਪਰਿਭਾਸ਼ਾ, ਪ੍ਰਕਿਰਤੀ, ਇਤਿਹਾਸ ਅਤੇ ਪ੍ਰਵਿਰਤੀਆਂ ਦਾ ਵਰਣਨ ਕੀਤਾ ਹੈ। ਦੂਜੇ ਭਾਗ ਵਿਚ ਮਿੱਤਰ ਸੈਨ ਮੀਤ ਦੀ ਦੂਜੇ ਨਾਵਲਕਾਰਾਂ ਨਾਲੋਂ ਵੱਖਰਤਾ, ਵਿਲੱਖਣਤਾ ਤੇ ਸਮਕਾਲੀਨਤਾ ਦਾ ਵਰਣਨ ਕੀਤਾ ਹੈ। **ਦੂਜਾ ਅਧਿਆਇ ਹੈ** 'ਮਿੱਤਰ ਸੈਨ ਮੀਤ ਦਾ ਸਾਂਸਕ੍ਰਿਤਿਕ ਪਿਛੋਕੜ ਤੇ ਰਚਨਾ ਸੰਸਾਰ' ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲਾ ਭਾਗ ਹੈ ਬਚਪਨ ਤੇ ਮੁੱਢਲੀ ਸਿੱਖਿਆ, ਦੂਜਾ ਭਾਗ ਹੈ ਮਿੱਤਰ ਸੈਨ ਮੀਤ ਦੀ ਰਚਨਾਤਮਿਕ ਸ਼ਖ਼ਸੀਅਤ ਦੇ ਪ੍ਰੇਰਨਾ-ਸਰੋਤ, ਤੀਜਾ ਭਾਗ ਹੈ ਜ਼ਿੰਦਗੀ ਦਾ ਸਮੁੱਚਾ ਅਨੁਭਵ ਤੇ ਰਚਨਾ ਸੰਸਾਰ। **ਤੀਜਾ ਅਧਿਆਇ ਹੈ** 'ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਵਿਸ਼ੇ ਗਤ ਅਧਿਐਨ' ਇਸ ਅਧਿਆਇ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲੇ ਭਾਗ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਮੂਲ ਵਿਸ਼ਿਆਂ ਦਾ ਵਰਣਨ ਕੀਤਾ ਹੈ, ਦੂਜੇ ਭਾਗ ਵਿਚ ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਦੇ ਵਿਭਿੰਨ ਵਿਸ਼ਿਆਂ ਦੇ ਥਮਿਕ ਪਾਸਾਰਾਂ ਦਾ ਵਰਣਨ ਕੀਤਾ ਗਿਆ ਹੈ।

**ਅਧਿਆਇ ਚੌਥਾ ਹੈ** 'ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ' ਇਸ ਅਧਿਆਇ ਨੂੰ ਸੱਤ ਭਾਗਾਂ ਵਿਚ ਵੰਡਿਆ ਹੈ। ਜਿਵੇਂ ਕਿ- (ੳ) ਵਿਚਾਰਧਾਰਾ: ਸੰਕਲਪ ਅਤੇ ਸਰੂਪ (ਅ) ਵਿਚਾਰਧਾਰਾ ਤੇ ਸਾਹਿਤ (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਮਾਰਕਸਵਾਦੀ ਵਿਚਾਰਧਾਰਾ (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ (ਹ)

ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਯਥਾਰਥਵਾਦੀ ਵਿਚਾਰਧਾਰਾ (ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਸਮਾਜਵਾਦੀ ਵਿਚਾਰਧਾਰਾ (ਖ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਮਾਨਵਵਾਦੀ ਵਿਚਾਰਧਾਰਾ। **ਅਧਿਆਇ ਪੰਜਵਾਂ ਹੈ** 'ਮਿੱਤਰ ਸੈਨ ਮੀਤ ਦੇ ਨਾਵਲਾਂ ਦੀਆਂ ਵਿਲੱਖਣ ਕਲਾਤਮਕ ਜੁਗਤਾਂ' ਇਸ ਅਧਿਆਇ ਨੂੰ ਸੱਤ ਭਾਗਾਂ ਵਿਚ ਵੰਡਿਆ ਗਿਆ ਹੈ ਜੋ ਹਨ- (ੳ) ਮਿੱਤਰ ਸੈਨ ਮੀਤ ਦੇ ਨਾਵਲ ਜਗਤ ਦੇ ਵਿਸ਼ੇ-ਵਸਤੂ ਦੇ ਖੇਤਰ ਦੀ ਵਿਸ਼ਾਲਤਾ (ਅ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਪਾਤਰਾਂ ਦੀ ਅੰਦਰੂਨੀ ਅਤੇ ਬਾਹਰੀ ਸ਼ਖ਼ਸੀਅਤ ਦੇ ਵਿਭਿੰਨ ਪੱਖ ਅਤੇ ਵਿਲੱਖਣਤਾਵਾਂ (ੲ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਬਿਰਤਾਂਤ ਵਿਚ ਵਿਅੰਗ ਸਿਰਜਣ ਦੀ ਵਿਧੀ ਦੀ ਵਿਸ਼ੇਸ਼ਤਾ (ਸ) ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਭਾਸ਼ਾਈ ਪ੍ਰਗਟਾਅ ਵਿਧੀ (ਹ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਲੋਕ ਸਾਹਿਤ ਦੇ ਸੰਦਰਭ ਵਿਚ ਮੁਹਾਵਰੇ, ਅਖਾਉਤਾਂ, ਮਿੱਥ ਅਤੇ ਕਥਾਨਕ-ਰੂੜ੍ਹੀਆਂ ਦੀ ਪ੍ਰਾਸੰਗਿਕਤਾ ਦੀ ਵਿਧੀ (ਕ) ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਵਾਤਾਵਰਣ ਤੇ ਦ੍ਰਿਸ਼ ਸਿਰਜਣ ਦੀ ਵਿਸ਼ੇਸ਼ਤਾ (ਖ) ਹੋਰ ਗਲਪੀ ਜੁਗਤਾਂ (ਪਿਛਲ-ਝਾਤ, ਵਾਰਤਾਲਾਪ, ਭਾਸ਼ਾਈ ਟਿੱਪਣੀਆਂ ਆਦਿ) (ਗ) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਢੁਕਵੇਂ ਸਿਰਲੇਖ ਸਿਰਜਣ ਦੀ ਵਿਭਿੰਨਤਾ, ਵਿਲੱਖਣਤਾ ਤੇ ਸਾਰਥਿਕਤਾ। ਅਖੀਰ ਵਿਚ ਸਿਮਰਜੀਤ ਕੌਰ ਦੁਆਰਾ ਨਾਵਲਕਾਰ ਮਿੱਤਰ ਸੈਨ ਮੀਤ ਨਾਲ ਕੀਤੀ ਮੁਲਾਕਾਤ ਦਾ ਵਰਣਨ ਹੈ। ਇਸ ਤੋਂ ਬਾਅਦ ਨਿਸ਼ਕਰਸ਼ ਅਤੇ ਪੁਸਤਕ ਸੂਚੀ ਹੈ।

ਇਸ ਖੋਜ ਕਾਰਜ ਨੂੰ ਆਧਾਰ ਬਣਾ ਕੇ ਵਾਰਿਸ ਸ਼ਾਹ ਫਾਊਂਡੇਸ਼ਨ ਵੱਲੋਂ ਦੋ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁੱਕਾ ਹੈ-

- ਮਿੱਤਰ ਸੈਨ ਮੀਤ: ਨਾਵਲ ਰਚਨਾ
- ਨਾਵਲਕਾਰ ਮਿੱਤਰ ਸੈਨ ਮੀਤ(ਵਿਚਾਰਧਾਰਾਈ ਆਧਾਰ ਅਤੇ ਕਲਾਤਮਕ-ਜੁਗਤਾਂ)

**ਬਲਵਿੰਦਰ ਸਿੰਘ, 1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿਚ ਮਨੁੱਖ ਉੱਤੇ ਪੁਲਿਸ, ਨਿਆਂ ਵਿਵਸਥਾ ਅਤੇ ਰਾਜਸੀ ਤਸ਼ੱਦਦ ਦੇ ਬਿਰਤਾਂਤ ਦਾ ਅਧਿਐਨ (ਜ਼ਖਮੀ ਦਰਿਆ, ਕਟਹਿਰਾ, ਪੁਰਜ਼ਾ-ਪੁਰਜ਼ਾ ਕੱਟ ਮਰੈ, ਕੌਰਵ ਸਭਾ ਅਤੇ ਸ਼ਹੀਦ ਦੇ ਵਿਸ਼ੇਸ਼ ਸੰਦਰਭ ਵਿਚ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,** 2012

ਬਲਵਿੰਦਰ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਕੇਸਰ ਸਿੰਘ ਕੇਸਰ ਤੇ ਡਾ. ਨਾਹਰ ਸਿੰਘ ਦੀ ਨਿਗਰਾਨੀ ਹੇਠ ਇਹ ਖੋਜ ਕਾਰਜ ਪੂਰਾ ਕੀਤਾ ਹੈ। ਇਸ ਖੋਜ ਕਾਰਜ ਦੇ **ਅਧਿਆਇ ਪਹਿਲੇ** ਵਿਚ ਪੁਲਿਸ, ਨਿਆਂ-ਵਿਵਸਥਾ ਅਤੇ ਰਾਜਸੀ ਤਸ਼ੱਦਦ: ਸਿਧਾਂਤਕ ਪਰਿਪੇਖ ਦਾ ਵਰਣਨ ਕੀਤਾ ਹੈ। **ਦੂਜੇ ਅਧਿਆਇ** ਵਿਚ ਪੰਜਾਬੀ ਨਾਵਲ ਵਿਚ ਪੁਲਿਸ, ਨਿਆਂ-ਵਿਵਸਥਾ ਅਤੇ ਰਾਜਸੀ ਤਸ਼ੱਦਦ: ਇਤਿਹਾਸਕ ਸਭਿਆਚਾਰਕ ਪਰਿਪੇਖ ਦਾ ਵਰਣਨ ਕੀਤਾ ਹੈ। **ਤੀਜੇ ਅਧਿਆਇ** ਵਿਚ 1990 ਤੋਂ ਬਾਅਦ ਰਚਿਤ ਪੰਜਾਬੀ ਨਾਵਲ ਵਿਚ ਮਨੁੱਖ ਉੱਤੇ ਪੁਲਿਸ, ਨਿਆਂ-ਵਿਵਸਥਾ ਅਤੇ ਰਾਜਸੀ ਤਸ਼ੱਦਦ ਦੇ ਬਿਰਤਾਂਤ ਦਾ ਅਧਿਐਨ ਕੀਤਾ ਹੈ। **ਚੌਥੇ ਅਧਿਆਇ** ਵਿਚ 1990 ਤੋਂ ਬਾਅਦ ਰਚਿਤ ਪੰਜਾਬੀ ਨਾਵਲ ਵਿਚ ਪੁਲਿਸ, ਨਿਆਂ-ਵਿਵਸਥਾ ਅਤੇ ਰਾਜਸੀ ਤਸ਼ੱਦਦ ਦੇ ਵਿਭਿੰਨ ਰੂਪਾਂ ਦਾ ਵਰਣਨ ਕੀਤਾ ਹੈ। **ਅਧਿਆਇ ਪੰਜਵੇਂ** ਵਿਚ 1990 ਤੋਂ

ਬਾਅਦ ਰਚਿਤ ਪੰਜਾਬੀ ਨਾਵਲ ਵਿਚ ਪੁਲਿਸ, ਨਿਆਂ-ਵਿਵਸਥਾ ਅਤੇ ਰਾਜਸੀ ਤਸ਼ੱਦਦ ਦੇ ਬਿਰਤਾਂਤ ਦੀਆਂ ਰੂਪ ਗਤ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਹੈ।

**ਵਿਨੀਤ ਕੁਮਾਰ, ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਨਿਆਇ ਦਾ ਸੰਕਲਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,** 2013

ਵਿਨੀਤ ਕੁਮਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐੱਚ.ਡੀ ਦੀ ਡਿਗਰੀ ਲਈ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੀ ਨਿਗਰਾਨੀ ਅਧੀਨ ਕੀਤੇ ਆਪਣੇ ਇਸ ਖੋਜ ਪ੍ਰਬੰਧ ਵਿਚ ਮਿੱਤਰ ਸੈਨ ਮੀਤ ਦੇ ਮੁੱਖ ਨਾਵਲਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਵਿਚਲੇ ਨਿਆਇ ਦੇ ਸੰਕਲਪ ਨੂੰ ਆਧਾਰ ਬਣਾਇਆ ਹੈ। ਇਸ ਖੋਜ ਕਾਰਜ ਦੇ **ਪਹਿਲੇ ਅਧਿਆਇ** ਵਿਚ ਕਾਨੂੰਨ ਤੇ ਨਿਆਂ ਦਾ ਸੰਕਲਪ: ਇਤਿਹਾਸਕ ਸਿਧਾਂਤਕ ਪਰਿਪੇਖ ਦਾ ਵਰਣਨ ਕੀਤਾ ਹੈ। ਇਸ ਖੋਜ ਕਾਰਜ ਦੇ **ਦੂਜੇ ਅਧਿਆਇ** ਵਿਚ ਪੰਜਾਬੀ ਨਾਵਲ ਵਿਚ ਨਿਆਂ ਦੀ ਬਿਰਤਾਂਤ ਕਾਰੀ ਦਾ ਵਰਣਨ ਕੀਤਾ ਹੈ। ਇਸ ਖੋਜ ਕਾਰਜ ਦੇ **ਤੀਜੇ ਅਧਿਆਇ** ਵਿਚ ਮਿੱਤਰ ਸੈਨ ਮੀਤ ਦੇ ਮੁੱਢਲੇ ਨਾਵਲ ਵਿੱਚ ਨਿਆਂ ਦੀ ਬਿਰਤਾਂਤ ਕਾਰੀ ਦਾ ਵਰਣਨ ਕੀਤਾ ਹੈ। ਇਸ ਖੋਜ ਕਾਰਜ ਦੇ **ਚੌਥੇ ਅਧਿਆਇ** ਵਿਚ ਮਿੱਤਰ ਸੈਨ ਮੀਤ ਦੇ ਤ੍ਰੈ-ਲੜੀ ਨਾਵਲਾਂ ਵਿਚ ਨਿਆਂ ਦੀ ਬਿਰਤਾਂਤ ਕਾਰੀ ਦਾ ਵਰਣਨ ਕੀਤਾ ਹੈ। **ਪੰਜਵੇਂ ਅਧਿਆਇ** ਵਿਚ ਮਿੱਤਰ ਸੈਨ ਮੀਤ ਦੇ ਕੌਰਵ ਸਭਾ ਨਾਵਲ ਵਿਚ ਨਿਆਂ ਦੀ ਬਿਰਤਾਂਤ ਕਾਰੀ ਦਾ ਵਰਣਨ ਕੀਤਾ ਹੈ।

**ਪਰਦੀਪ ਕੌਰ, ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਮਿੱਥ ਰੂਪਾਂਤਰਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,** 2014

ਪਰਦੀਪ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ.ਐੱਚ.ਡੀ ਦੀ ਡਿਗਰੀ ਲਈ ਡਾ. ਸੁਖਬੀਰ ਕੌਰ ਦੀ ਨਿਗਰਾਨੀ ਅਧੀਨ ਇਸ ਵਿਸ਼ੇ ਨੂੰ ਆਪਣੇ ਖੋਜ ਕਾਰਜ ਦਾ ਆਧਾਰ ਬਣਾਇਆ ਹੈ। ਪਰਦੀਪ ਕੌਰ ਦੇ ਇਸ ਖੋਜ ਕਾਰਜ ਦਾ **ਪਹਿਲਾ ਅਧਿਆਇ**- ਮਿੱਥ ਅਧਿਐਨ: ਸਿਧਾਂਤਕ ਪਰਿਪੇਖ, ਇਸ ਵਿਚ ਮਿੱਥ ਅਧਿਐਨ ਦੇ ਸਿਧਾਂਤ ਅਤੇ 'ਮਿੱਥ ਵਿਗਿਆਨ' ਬਾਰੇ ਚਰਚਾ ਕੀਤੀ ਹੈ। **ਦੂਜਾ ਅਧਿਆਇ**- ਮਿੱਥ ਅਤੇ ਸਾਹਿਤ: ਅੰਤਰ ਸੰਬੰਧ, ਇਸ ਵਿਚ ਮਿੱਥ, ਨਾਵਲ ਅਤੇ ਸਾਹਿਤ ਦੇ ਹੋਰ ਰੂਪਾਂ ਦੇ ਅੰਤਰ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਹੈ। **ਤੀਜਾ ਅਧਿਆਇ**- ਟਿਵਾਣਾ ਦੇ ਮਿਥਿਹਾਸ ਸਿਰਲੇਖ ਵਾਲੇ ਨਾਵਲਾਂ ਵਿਚ ਮਿੱਥ ਰੂਪਾਂਤਰਨ, ਇਸ ਵਿਚ ਟਿਵਾਣਾ ਦੇ ਨਾਵਲ ਅਗਨੀ ਪ੍ਰੀਖਿਆ, ਦੂਸਰੀ ਸੀਤਾ, ਰਿਣ ਪਿਤਰਾਂ ਦਾ ਅਤੇ ਕਥਾ ਕਹੋ ਉਰਵਸ਼ੀ ਨੂੰ ਆਧਾਰ ਬਣਾ ਕੇ ਮਿੱਥ ਰੂਪਾਂਤਰਨ ਦੀ ਪੇਸ਼ਕਾਰੀ ਕੀਤੀ ਹੈ। **ਚੌਥਾ ਅਧਿਆਇ**- ਟਿਵਾਣਾ ਦੇ ਬਾਕੀ ਨਾਵਲਾਂ ਵਿਚ ਮਿੱਥ ਰੂਪਾਂਤਰਨ, ਇਸ ਵਿਚ ਟਿਵਾਣਾ ਦੇ ਹੋਰ ਨਾਵਲ ਜਿਵੇਂ ਕਿ 'ਏਹੁ ਹਮਾਰਾ ਜੀਵਣਾ' ਤੋਂ ਗੱਲ ਜੁਗਨੂਆਂ ਦੀ ਤੱਕ' ਦਾ ਵਰਣਨ ਕੀਤਾ ਗਿਆ ਹੈ। **ਪੰਜਵਾਂ ਅਧਿਆਇ**- ਮਿੱਥ ਰੂਪਾਂਤਰਨ: ਪ੍ਰਸਤੁਤੀ ਤੇ ਪ੍ਰਾਪਤੀ, ਇਸ ਵਿਚ ਨਿਕਲੇ ਗਏ ਸਿੱਟਿਆਂ ਦਾ ਵਰਣਨ ਕੀਤਾ ਗਿਆ ਹੈ।

ਇਸ ਖੋਜ ਕਾਰਜ ਨੂੰ ਆਧਾਰ ਬਣਾ ਕੇ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਵੱਲੋਂ ਇਕ ਪੁਸਤਕ 'ਮਿੱਥ ਵਿਗਿਆਨ ਅਤੇ ਸਾਹਿਤ (ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਸੰਦਰਭ ਵਿਚ)' ਦਾ ਪ੍ਰਕਾਸ਼ਨ ਕੀਤਾ ਗਿਆ ਹੈ।

**ਲੇਖਕ ਨਾਲ ਸੰਬੰਧਿਤ ਐੱਮ.ਫਿਲ ਪੱਧਰ ਉੱਪਰ ਹੋ ਚੁੱਕਾ ਖੋਜ ਕਾਰਜ**

ਮਿੱਤਰ ਸੈਨ ਮੀਤ ਨਾਲ ਸੰਬੰਧਿਤ ਐੱਮ.ਫਿਲ ਪੱਧਰ ਉੱਪਰ ਹੋਇਆ ਖੋਜ ਕਾਰਜ-

**ਰੁਪਿੰਦਰ ਕੌਰ, ਮਿੱਤਰ ਸੈਨ ਮੀਤ ਦੇ ਨਾਵਲ 'ਕਟਹਿਰਾ' ਦਾ ਆਲੋਚਨਾਤਮਿਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**, 1992-93

ਰੁਪਿੰਦਰ ਕੌਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ. ਫਿਲ. ਦੀ ਡਿਗਰੀ ਲਈ ਪ੍ਰੋ. ਰਘਬੀਰ ਸਿੰਘ ਦੀ ਨਿਗਰਾਨੀ ਅਧੀਨ ਇਸ ਵਿਸ਼ੇ ਉੱਪਰ ਖੋਜ ਕਾਰਜ ਕੀਤਾ ਹੈ। ਰੁਪਿੰਦਰ ਕੌਰ ਨੇ ਆਪਣੇ ਇਸ ਖੋਜ ਕਾਰਜ ਦੀ ਅਧਿਆਇ ਵੰਡ ਨੂੰ ਪ੍ਰਮੁੱਖ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲਾ ਅਧਿਆਇ- 'ਮਿੱਤਰ ਸੈਨ ਮੀਤ ਤੇ ਉਸ ਦੀ ਗਲਪ ਰਚਨਾ', ਦੂਜਾ ਅਧਿਆਇ- 'ਕਟਹਿਰਾ ਦਾ ਵਿਸ਼ੇਗਤ ਅਧਿਐਨ', ਤੀਜਾ ਅਧਿਆਇ- 'ਕਟਹਿਰਾ ਦਾ ਰੂਪ ਗਤ ਅਧਿਐਨ'।

**ਜਸਵਿੰਦਰ ਕੌਰ, ਮਿੱਤਰ ਸੈਨ ਮੀਤ ਰਚਿਤ ਨਾਵਲ 'ਕਟਹਿਰਾ' ਦਾ ਆਲੋਚਨਾਤਮਿਕ ਅਧਿਐਨ, ਦਿੱਲੀ ਯੂਨੀਵਰਸਿਟੀ, ਦਿੱਲੀ**, 1993.

ਜਸਵਿੰਦਰ ਕੌਰ ਨੇ ਦਿੱਲੀ ਯੂਨੀਵਰਸਿਟੀ ਤੋਂ ਐੱਮ.ਫਿਲ ਦੀ ਡਿਗਰੀ ਲਈ ਡਾ. ਜਗਬੀਰ ਸਿੰਘ ਦੀ ਨਿਗਰਾਨੀ ਅਧੀਨ ਇਸ ਖੋਜ ਕਾਰਜ ਨੂੰ ਪੂਰਾ ਕੀਤਾ ਹੈ। ਇਸ ਖੋਜ ਕਾਰਜ ਦੀ ਅਧਿਆਇ ਵੰਡ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲਾ ਅਧਿਆਇ- 'ਪੰਜਾਬੀ ਨਾਵਲ ਦੀ ਪਰੰਪਰਾ ਤੇ ਮਿੱਤਰ ਸੈਨ ਮੀਤ', ਦੂਜਾ ਅਧਿਆਇ- 'ਕਟਹਿਰਾ: ਨਾਵਲ ਦਾ ਕਥਾ ਜਗਤ', ਤੀਜਾ ਅਧਿਆਇ- 'ਕਟਹਿਰਾ: ਵਿਸ਼ੇ ਗਤ ਅਧਿਐਨ', ਚੌਥਾ ਅਧਿਆਇ- 'ਕਟਹਿਰਾ: ਨਾਵਲੀ ਵਿਧੀ'।

**ਸਵਰਨ ਸਿੰਘ, ਮਿੱਤਰ ਸੈਨ ਮੀਤ ਦੀ ਨਾਵਲ ਕਲਾ 'ਸੁਧਾਰ ਘਰ' ਦੇ ਪ੍ਰਸੰਗ ਵਿਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ,** 2005-06

ਸਵਰਨ ਸਿੰਘ ਨੇ ਡਾ. ਰਾਜਿੰਦਰ ਸਿੰਘ ਦੀ ਨਿਗਰਾਨੀ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਫਿਲ ਦੀ ਡਿਗਰੀ ਲਈ ਇਸ ਵਿਸ਼ੇ ਉੱਪਰ ਖੋਜ ਕਾਰਜ ਕੀਤਾ ਹੈ। ਸਵਰਨ ਸਿੰਘ ਨੇ ਆਪਣੇ ਇਸ ਖੋਜ ਕਾਰਜ ਦੀ ਅਧਿਆਇ ਵੰਡ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲਾ ਅਧਿਆਇ- 'ਮਿੱਤਰ ਸੈਨ ਮੀਤ ਦਾ ਨਾਵਲ-ਜਗਤ', ਦੂਜਾ ਅਧਿਆਇ- 'ਸੁਧਾਰ ਘਰ: ਮੂਲ ਸਰੋਕਾਰ', ਤੀਜਾ ਅਧਿਆਇ- 'ਸੁਧਾਰ ਘਰ: ਨਾਵਲੀ-ਜੁਗਤਾਂ'।

**ਅਮੋਲਕ ਚੰਦ, ਮਿੱਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ' ਵਿਚ ਨਿਆਂ-ਪ੍ਰਬੰਧ ਦੀ ਹਕੀਕਤ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**, 2006-07

ਅਮੋਲਕ ਚੰਦ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ.ਫਿਲ ਦੀ ਡਿਗਰੀ ਲਈ ਡਾ. ਜੁਗਿੰਦਰ ਸਿੰਘ ਨਹਿਰੂ ਦੀ ਨਿਗਰਾਨੀ ਹੇਠ ਇਸ ਵਿਸ਼ੇ ਉੱਪਰ ਖੋਜ ਕਾਰਜ ਕੀਤਾ ਹੈ। ਅਮੋਲਕ ਚੰਦ ਨੇ ਆਪਣੇ ਇਸ ਖੋਜ ਕਾਰਜ ਵਿਚਲੀ ਅਧਿਆਇ ਵੰਡ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲਾ ਅਧਿਆਇ- 'ਭਾਰਤੀ ਰਾਜ ਪ੍ਰਬੰਧ ਅਤੇ ਨਿਆਂਪਾਲਿਕਾ', ਦੂਜਾ ਅਧਿਆਇ-

'ਸੁਧਾਰ ਘਰ ਵਿਚ ਪੇਸ਼ ਨਿਆਂਪਾਲਿਕਾ ਤੇ ਪੁਲਿਸ ਦਾ ਵਾਸਤਵਿਕ ਚਿੱਤਰ ਅਤੇ ਇਸ ਵਿਰੁੱਧ ਉਤਪੰਨ ਹੋ ਰਿਹਾ ਵਰਗ-ਸੰਘਰਸ਼', ਤੀਜਾ ਅਧਿਆਇ- 'ਸੁਧਾਰ ਘਰ ਵਿਚ ਪੇਸ਼ ਹੋਇਆ ਵਿਵਹਾਰਿਕ ਜੇਲ੍ਹ ਜੀਵਨ ਦਾ ਗਲਪੀ ਚਿਤਰਨ'।

**ਵਿਸ਼ੇ ਨਾਲ ਸੰਬੰਧਿਤ ਆਲੋਚਨਾਤਮਿਕ ਪੁਸਤਕਾਂ**

ਇਸ ਖੋਜ ਕਾਰਜ ਨਾਲ ਸੰਬੰਧਿਤ ਪ੍ਰਮੁੱਖ ਆਲੋਚਨਾਤਮਿਕ ਪੁਸਤਕਾਂ ਦਾ ਵਰਣਨ ਇਸ ਪ੍ਰਕਾਰ ਹੈ:-

**ਹਰਿਭਜਨ ਸਿੰਘ ਭਾਟੀਆ (ਸੰਪਾ.), ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਦੀਆਂ ਪਰਤਾਂ, ਪਹਿਲਾ ਐਡੀਸ਼ਨ, ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ, ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ, 2006**

ਕੌਰਵ ਸਭਾ ਦੀਆਂ ਪਰਤਾਂ ਪੁਸਤਕ ਕੌਰਵ ਸਭਾ ਨਾਵਲ ਸੰਬੰਧੀ ਤੀਸਰੀ ਅਤੇ ਮਿੱਤਰ ਸੈਨ ਮੀਤ ਦੇ ਨਾਵਲਾਂ ਸੰਬੰਧੀ ਪੰਜਵੀਂ ਆਲੋਚਨਾਤਮਿਕ ਪੁਸਤਕ ਹੈ। ਜਿਸ ਦਾ ਸੰਪਾਦਨ ਹਰਿਭਜਨ ਸਿੰਘ ਭਾਟੀਆ ਨੇ ਕੀਤਾ ਹੈ। ਇਸ ਪੁਸਤਕ ਵਿਚ ਕੁੱਲ ਬਾਈ ਲੇਖ ਦਰਜ ਹਨ ਤੇ ਅਖੀਰ ਵਿਚ ਸੰਪਾਦਕ ਦੁਆਰਾ ਮਿੱਤਰ ਸੈਨ ਮੀਤ ਨਾਲ ਕੀਤੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ। ਲਾਗ-ਲਗਾਓ ਜਾਂ ਪ੍ਰਸੰਸਾ-ਨਿੰਦਾ ਤੋਂ ਇਕ ਫ਼ਾਸਲਾ ਸਥਾਪਿਤ ਕਰਦੇ ਹੋਏ ਹਥਲੀ ਪੁਸਤਕ ਵਿਚਲੇ ਕੌਰਵ ਸਭਾ ਦੀਆਂ ਪਰਤਾਂ ਨਾਲ ਸੰਬੰਧਿਤ ਵੱਖ-ਵੱਖ ਅਧਿਐਨ ਨਾਵਲ ਦੇ ਪਾਠ ਉੱਪਰ ਕੇਂਦਰਿਤ ਵੀ ਹਨ ਅਤੇ ਉਸ ਤੋਂ ਪਾਰ ਵੀ ਫੈਲਦੇ ਹਨ। ਇਹ ਅਧਿਐਨ ਨਾਵਲ ਦੇ ਥੀਮ ਦੇ ਵੱਖ-ਵੱਖ ਪਾਸਾਰਾਂ ਤੋਂ ਇਲਾਵਾ ਤਕਨੀਕ, ਭਾਸ਼ਾ ਅਤੇ ਲੇਖਕ ਦੀ ਜੀਵਨ-ਦ੍ਰਿਸ਼ਟੀ ਦੇ ਵਿਸ਼ਲੇਸ਼ਣ ਤਕ ਸਰਕਦੇ ਹਨ। ਇਸ ਪੁਸਤਕ ਵਿਚਲਾ ਪਹਿਲਾ ਭਾਗ ਜਿੱਥੇ ਕੌਰਵ ਸਭਾ ਨਾਵਲ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਦਾ ਹੈ ਉੱਥੇ ਦੂਜੇ ਭਾਗ ਵਿਚ ਵੱਖ-ਵੱਖ ਸਵਾਲਾਂ ਰਾਹੀਂ ਲੇਖਕ ਦੀ ਕਲਾ ਦੇ ਵੱਖ-ਵੱਖ ਪੱਖਾਂ ਤੇ ਪਾਸਾਰਾਂ ਨੂੰ ਉਭਾਰਿਆ ਗਿਆ ਹੈ।

**ਐੱਸ. ਤਰਸੇਮ (ਸੰਪਾ.), ਰਵੀ ਰਵਿੰਦਰ (ਸ.ਸੰਪਾ.), ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ ਦਰ ਸੰਵਾਦ (ਆਲੋਚਨਾ), ਪਹਿਲਾ ਐਡੀਸ਼ਨ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰ ਕੋਟਲਾ, 2008**

ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ ਦਰ ਸੰਵਾਦ ਇੱਕ ਆਲੋਚਨਾਤਮਿਕ ਪੁਸਤਕ ਹੈ। ਜਿਸ ਦਾ ਸੰਪਾਦਕ ਡਾ.ਐੱਸ. ਤਰਸੇਮ ਅਤੇ ਸਹਾਇਕ ਸੰਪਾਦਕ ਡਾ. ਰਵੀ ਰਵਿੰਦਰ ਹੈ। ਇਸ ਪੁਸਤਕ ਵਿਚ ਵੱਖ-ਵੱਖ ਪੰਜਾਬੀ ਅਤੇ ਹਿੰਦੀ ਆਲੋਚਕਾਂ ਦੁਆਰਾ ਮਿੱਤਰ ਸੈਨ ਮੀਤ ਦੀ ਨਾਵਲਕਾਰੀ ਉੱਪਰ ਲਿਖੇ ਆਲੋਚਨਾਤਮਿਕ ਲੇਖਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਵਿਚ ਕੁੱਲ ਸਤਾਈ ਲੇਖ ਦਰਜ ਕੀਤੇ ਗਏ ਹਨ। ਜਿਨ੍ਹਾਂ ਵਿਚੋਂ ਪੱਚੀ ਲੇਖ ਪੰਜਾਬੀ ਭਾਸ਼ਾ ਵਿਚ ਹਨ ਅਤੇ ਦੋ ਲੇਖ ਹਿੰਦੀ ਭਾਸ਼ਾ ਵਿਚ ਹਨ।

**ਅਮਰਜੀਤ ਸਿੰਘ ਗਰੇਵਾਲ, ਪ੍ਰਸੰਗ ਕੌਰਵ ਸਭਾ (ਆਲੋਚਨਾ), ਪਹਿਲਾ ਐਡੀਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014**

ਪ੍ਰਸੰਗ ਕੌਰਵ ਸਭਾ ਇਕ ਆਲੋਚਨਾਤਮਿਕ ਪੁਸਤਕ ਹੈ। ਜਿਸ ਦੀ ਰਚਨਾ ਅਮਰਜੀਤ ਸਿੰਘ ਗਰੇਵਾਲ ਨੇ ਕੀਤੀ ਹੈ। ਇਸ ਪੁਸਤਕ ਵਿਚ ਲੇਖਕ ਨੇ ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਨੂੰ ਆਧਾਰ ਬਣਾ ਕੇ ਜੋ ਆਲੋਚਨਾਤਮਿਕ ਟਿੱਪਣੀਆਂ ਕੀਤੀਆਂ ਹਨ, ਉਹਨਾ ਦਾ ਵਰਣਨ ਇਸ ਪ੍ਰਕਾਰ ਹੈ-

- ਨਿਆਂ ਦੀ ਰਾਜਨੀਤੀ
- ਸਿਹਤ ਦੀ ਰਾਜਨੀਤੀ
- ਵਿਕਾਸ ਦੀ ਰਾਜਨੀਤੀ
- ਸਮਾਜਕ ਤਬਦੀਲੀ ਦੀ ਰਾਜਨੀਤੀ
- ਬਹੁ ਵਾਦੀ ਜਮਹੂਰੀਅਤ ਦੀ ਕ੍ਰਾਂਤੀਕਾਰੀ ਲਹਿਰ

ਇਸ ਪੁਸਤਕ ਵਿਚ ਮਿੱਤਰ ਸੈਨ ਮੀਤ ਦੇ ਪ੍ਰਸਿੱਧ ਅਤੇ ਚਰਚਿਤ ਨਾਵਲ ਕੌਰਵ ਸਭਾ ਨੂੰ ਆਧਾਰ ਬਣਾ ਕੇ ਅਜੋਕੇ ਸਮਾਜਿਕ ਸਿਸਟਮ ਵਿਚ ਫੈਲੀ ਭ੍ਰਿਸ਼ਟ ਰਾਜਨੀਤੀ ਦੀ ਅਵਸਥਾ ਨੂੰ ਪੇਸ਼ ਕੀਤਾ ਗਿਆ ਹੈ।

**ਸੁਖਦੇਵ ਸਿੰਘ ਖਾਹਰਾ (ਸੰਪਾ.), ਕੌਰਵ ਸਭਾ: ਆਲੋਚਨਾਤਮਿਕ ਵਿਸ਼ਲੇਸ਼ਣ, ਦੂਜਾ ਐਡੀਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014**

'ਕੌਰਵ ਸਭਾ: ਆਲੋਚਨਾਤਮਿਕ ਵਿਸ਼ਲੇਸ਼ਣ' ਨਾਵਲ ਕੌਰਵ ਸਭਾ ਦੇ ਆਲੋਚਨਾਤਮਿਕ ਵਿਸ਼ਲੇਸ਼ਣ ਨਾਲ ਸੰਬੰਧਿਤ ਪੁਸਤਕ ਹੈ। ਜਿਸ ਦਾ ਸੰਪਾਦਨ ਸੁਖਦੇਵ ਸਿੰਘ ਖਾਹਰਾ ਨੇ ਕੀਤਾ ਹੈ। ਇਸ ਪੁਸਤਕ ਵਿਚ ਖਾਹਰਾ ਨੇ ਵੱਖ-ਵੱਖ ਆਲੋਚਕਾਂ ਦੁਆਰਾ ਇਸ ਨਾਵਲ ਉੱਪਰ ਕੀਤੀਆਂ ਆਲੋਚਨਾਤਮਿਕ ਟਿੱਪਣੀਆਂ ਨੂੰ ਸ਼ਾਮਲ ਕੀਤਾ ਹੈ। ਇਸ ਪੁਸਤਕ ਵਿਚ ਦਰਜ ਕੁੱਲ ਪੱਚੀ ਲੇਖਾਂ ਵਿਚੋਂ ਤੇਈ ਲੇਖ ਪੰਜਾਬੀ ਭਾਸ਼ਾ ਵਿਚ ਹਨ ਅਤੇ ਦੋ ਲੇਖ ਅੰਗਰੇਜ਼ੀ ਭਾਸ਼ਾ ਵਿਚ ਹਨ। ਇਸ ਪੁਸਤਕ ਦੇ ਅਖੀਰ ਵਿਚ ਕੌਰਵ ਸਭਾ ਦੇ 'ਲੇਖਕ ਦੇ ਨਾਂ ਪਾਠਕਾਂ ਦੇ ਖ਼ਤ' ਸਿਰਲੇਖ ਅਧੀਨ ਕੁਝ ਖ਼ਤਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਇਸ ਨਾਵਲ ਵਿਚਲੀਆਂ ਕੁਝ ਕਮੀਆਂ ਦਾ ਵਰਣਨ ਕੀਤਾ ਗਿਆ ਹੈ। ਇਸ ਪੁਸਤਕ ਦੇ ਅਖੀਰ ਵਿਚ ਮਿੱਤਰ ਸੈਨ ਮੀਤ ਨਾਲ ਕੀਤੀ ਗਈ ਵਿਸ਼ੇਸ਼ ਮੁਲਾਕਾਤ ਨੂੰ ਦਰਜ ਕੀਤਾ ਗਿਆ ਹੈ ਜੋ ਕਿ 'ਬੋਦੀ ਵਾਲੇ ਤਾਰੇ ਮਿੱਤਰ ਸੈਨ ਮੀਤ ਨਾਲ ਇੱਕ ਵਿਸ਼ੇਸ਼ ਮੁਲਾਕਾਤ' ਸਿਰਲੇਖ ਹੇਠ ਦਰਜ ਹੈ। ਇਸ ਮੁਲਾਕਾਤ ਵਿਚ ਮਿੱਤਰ ਸੈਨ ਮੀਤ ਦੀ ਨਾਵਲ ਰਚਨਾ ਬਾਰੇ ਸਵਾਲ ਜਵਾਬ ਕੀਤੇ ਗਏ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਵਿਚ ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਦਾ ਹਰ ਪੱਖ ਤੋਂ ਆਲੋਚਨਾਤਮਿਕ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਜੋ ਇਸ ਨਾਵਲ ਵਿਚ ਕੁਝ ਕਮੀਆਂ ਹਨ ਉਹਨਾ ਨੂੰ ਦੂਰ ਕਰਨ ਦੇ ਸੁਝਾਅ ਵੀ ਦਿੱਤੇ ਗਏ ਹਨ।

**ਵਿਸ਼ੇ ਨਾਲ ਸੰਬੰਧਿਤ ਆਲੋਚਨਾਤਮਿਕ ਖੋਜ ਪੇਪਰ**

ਇਸ ਖੋਜ ਕਾਰਜ ਨਾਲ ਸੰਬੰਧਿਤ ਆਲੋਚਨਾਤਮਿਕ ਖੋਜ ਪੇਪਰਾਂ ਦਾ ਵਰਣਨ ਇਸ ਪ੍ਰਕਾਰ ਹੈ:-

**ਸੁਰਜੀਤ ਬਰਾੜ, ਕੌਰਵ ਸਭਾ ਦਾ ਜਮਾਤੀ ਵਿਸ਼ਲੇਸ਼ਣ, ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ (ਆਲੋਚਨਾ), ਪੰਨਾ ਨੰ-75, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।**

ਸੁਰਜੀਤ ਬਰਾੜ ਨੇ ਆਪਣੇ ਇਸ ਲੇਖ ਰਾਹੀ ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਵਿਚ ਪੇਸ਼ ਸਮਾਜ ਵਿਚ ਫੈਲੀ ਅਨੈਤਿਕਤਾ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਰਾਹੀਂ ਪੇਸ਼ ਕੀਤਾ ਹੈ। ਬਰਾੜ ਅਨੁਸਾਰ ਸਮੁੱਚਾ ਨਾਵਲੀ ਬਿਰਤਾਂਤ ਜਮਾਤੀ ਵਖਰੇਵਿਆਂ, ਧੱਕਿਆਂ ਨਾਲ ਓਤ-ਪੋਤ ਹੈ। ਉਸ ਅਨੁਸਾਰ ਹਰ ਬੇਇਨਸਾਫ਼ੀ ਵਿਰੁੱਧ ਹੀ ਨਹੀਂ ਸਗੋਂ ਨਵ-ਆਰਥਕ ਵਿਵਸਥਾ ਵਿਰੁੱਧ ਜਥੇਬੰਧਕ ਸੰਘਰਸ਼ ਹੀ ਇਸ ਨਾਵਲ ਦਾ ਸੁਨੇਹਾ ਹੈ। ਉਸ ਅਨੁਸਾਰ 'ਕੌਰਵ ਸਭਾ' ਦਾ ਸੁਨੇਹਾ ਨਿਮਨ ਦਲਿਤ ਜਮਾਤ ਲਈ ਅੱਖਾਂ ਖੋਲ੍ਹਣ ਵਾਲਾ ਹੈ।

**ਸੁਤਿੰਦਰ ਸਿੰਘ ਨੂਰ, ਮਿੱਤਰ ਸੈਨ ਮੀਤ ਦਾ ਨਾਵਲ 'ਕੌਰਵ ਸਭਾ', ਪੰਜਾਬੀ ਗਲਪ ਚੇਤਨਾ (ਆਲੋਚਨਾ), ਪੰਨਾ ਨੰ-90, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।**

ਇਸ ਲੇਖ ਅਨੁਸਾਰ ਮੀਤ ਦਾ ਇਹ ਨਾਵਲ ਇਸ ਗੱਲ ਨੂੰ ਪਰਪੱਕ ਕਰਦਾ ਹੈ ਕਿ ਸਾਡੀ ਨਿਆਂ-ਪ੍ਰਣਾਲੀ ਤੇ ਉਸ ਦੇ ਆਲੇ-ਦੁਆਲੇ ਦੇ ਸਾਰੇ ਸਮਾਜਕ ਤੇ ਰਾਜਸੀ-ਪ੍ਰਬੰਧ ਬਾਰੇ ਉਸ ਨੇ ਜਿਸ ਗਲਪੀ-ਪੈਰਾਡਾਈਮ ਨੂੰ ਸਿਰਜਣਾ ਸ਼ੁਰੂ ਕੀਤਾ ਸੀ, ਉਸ ਨੂੰ ਉਸ ਨੇ ਨਾਵਲੀ-ਚੇਤਨਾ ਨਾਲ ਉਸਾਰਨ ਤੇ ਉਸ ਦੇ ਵਿਸਤਾਰਾਂ ਨੂੰ ਪੂਰੀ ਜਾਣਕਾਰੀ ਨਾਲ ਨੰਗਿਆਂ ਕੀਤਾ ਹੈ। ਉਹ ਪਾਠਕ ਨੂੰ ਇਨ੍ਹਾਂ ਵਿਸਤਾਰਾਂ ਨਾਲ-ਨਾਲ ਤੋਰਦਾ ਹੈ।

**ਮਨਜੀਤ ਸਿੰਘ, ਨਾਵਲ 'ਕੌਰਵ ਸਭਾ': ਅਨਿਆਂ ਅਤੇ ਨਿਆਂ-ਪ੍ਰਣਾਲੀ ਦਾ ਬਿਰਤਾਂਤ, ਨਵਾਂ ਪੰਜਾਬੀ ਨਾਵਲ ਇੱਕ ਅਧਿਐਨ, ਪੰਨਾ ਨੰ-130, ਸੁਤਿੰਦਰ ਸਿੰਘ ਨੂਰ ਅਤੇ ਰਵੇਲ ਸਿੰਘ (ਸੰਪਾ.), ਪੰਜਾਬੀ ਅਕਾਦਮੀ, ਦਿੱਲੀ, ਡੀ.ਡੀ.ਏ. ਕਮਿਊਨਿਟੀ ਸੈਂਟਰ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-55**

ਇਸ ਲੇਖ ਦੇ ਲੇਖਕ ਡਾ. ਮਨਜੀਤ ਸਿੰਘ ਅਨੁਸਾਰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਵਿਚ ਫ਼ੋਕਸੀਕਰਨ ਦੀ ਜੁਗਤ ਨੂੰ ਕਾਰਜਸ਼ੀਲ ਰੱਖਿਆ ਹੈ। ਇਸ ਜੁਗਤ ਦੀ ਮਦਦ ਨਾਲ ਉਹ ਉੱਤਰ-ਬਸਤੀਵਾਦੀ ਦੌਰ ਵਿਚ ਕਾਰਜਸ਼ੀਲ ਬਸਤੀਵਾਦ ਦੌਰ ਦੀ ਦੋਸ਼ ਯੁਕਤ ਨਿਆਂ-ਪ੍ਰਣਾਲੀ ਦੀ ਸਾਰਥਿਕਤਾ ਦੇ ਸਾਹਮਣੇ ਪ੍ਰਸ਼ਨ-ਚਿੰਨ੍ਹ ਲਾਉਂਦਾ ਹੈ। ਫ਼ੋਕਸੀਕਰਨ ਦੀ ਜੁਗਤ ਨਾਲ ਉਹ ਅਦਾਲਤੀ-ਸਿਸਟਮ ਦੇ ਅੰਦਰੂਨੀ ਚਰਿੱਤਰ ਨੂੰ ਉਭਾਰਦਾ ਹੈ ਜੋ ਬਸਤੀਵਾਦੀ ਸੋਚ ਦਾ ਧਾਰਨੀ ਹੈ ਲੋਕ-ਹਿਤੈਸ਼ੀ ਨਹੀਂ। ਇਹ ਨਿਆਂ-ਪ੍ਰਣਾਲੀ ਲੋਕਾਂ ਨੂੰ ਇਨਸਾਫ਼ ਦੇਣ ਦੀ ਥਾਂ, ਉਨ੍ਹਾਂ ਦਾ ਸ਼ੋਸ਼ਣ ਕਰਨ ਦੇ ਰਾਹੇ ਤੁਰਦੀ ਹੈ।

**ਮਾਨ ਸਿੰਘ ਢੀਂਡਸਾ, ਭਾਰਤੀ ਲੋਕਤੰਤਰ ਦੀ ਮਿੱਥ ਅਤੇ ਮੀਤ ਦਾ ਨਾਵਲ 'ਕੌਰਵ ਸਭਾ', ਪੰਜਾਬੀ ਨਾਵਲ: ਪਰੰਪਰਾ ਅਤੇ ਪ੍ਰਵਾਹ, ਪੰਨਾ ਨੰ-201, ਸ਼ਿਵ ਪ੍ਰਕਾਸ਼ਨ 984, ਮਾਡਲ ਹਾਊਸ, ਜਲੰਧਰ**

ਲੇਖਕ ਅਨੁਸਾਰ ਇਹ ਨਾਵਲ ਭਾਰਤੀ ਸਮਾਜ ਦੀ ਭਵਿੱਖ ਵਿਚ ਸੰਭਾਵਿਤ ਡੂੰਘੀ ਹੋ ਰਹੀ ਸੰਕਟਮਈ ਸਥਿਤੀ ਨੂੰ ਮੁਖ਼ਾਤਬ ਹੈ। ਕੌਰਵ ਸਭਾ ਨਾਵਲ ਦਾ ਸਮੁੱਚਾ ਬਿਰਤਾਂਤ ਪ੍ਰਮੁੱਖ ਤੌਰ 'ਤੇ ਇਤਿਹਾਸਕ ਕਾਲ ਕ੍ਰਮ ਅਨੁਸਾਰ ਸਿਰਜਿਆ ਗਿਆ ਹੈ। ਇਤਿਹਾਸਕ ਕਾਲ ਕ੍ਰਮ ਵਿਚ ਸਿਰਜੀਆਂ ਗਈਆਂ ਘਟਨਾਵਾਂ ਸਮਾਨੰਤਰ ਤੌਰ 'ਤੇ ਦੋ ਵਿਰੋਧੀ ਧਿਰਾਂ ਨੂੰ ਪੇਸ਼ ਕਰਦੀਆਂ ਹਨ। ਦੋਵੇਂ ਵਿਰੋਧੀ ਧਿਰਾਂ ਦੋ ਵਿਰੋਧੀ ਵਿਚਾਰਧਾਰਾਵਾਂ ਦਾ ਸਿਰਜਣ ਕਰਦੀਆਂ ਹਨ। ਦੋਵਾਂ ਧਿਰਾਂ ਦੇ ਇਸ ਸੰਘਰਸ਼ ਨੂੰ ਸਿਰਜਦਾ ਇਹ ਨਾਵਲ ਭਾਰਤੀ ਪੂੰਜੀਵਾਦੀ ਪ੍ਰਬੰਧ ਦੇ ਕਰੂਰ ਯਥਾਰਥ ਨੂੰ ਪ੍ਰਗਟਾਉਂਦਾ ਹੈ। ਕੌਰਵ ਸਭਾ ਨਾਵਲ ਦਾ ਮਹੱਤਵ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ-ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਲੇਖਕ ਅਨੁਸਾਰ ਇਸ ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਆਧੁਨਿਕ ਭਾਰਤੀ ਸਮਾਜ ਦੇ ਵਿਆਪਕ ਯਥਾਰਥ ਦਾ ਪੱਲਾ ਨਹੀਂ ਛੱਡਦਾ।

## ਵਿਸ਼ੇ ਦੀ ਸਾਰਥਿਕਤਾ

ਮਿੱਤਰ ਸੈਨ ਮੀਤ ਦਾ ਪੰਜਾਬੀ ਗਲਪ ਦੇ ਨਾਵਲ ਖੇਤਰ ਵਿਚ ਬਹੁਤ ਮਹੱਤਵਪੂਰਨ ਸਥਾਨ ਹੈ। ਉਸ ਨੇ ਆਪਣੇ ਨਾਵਲਾਂ ਵਿਚ ਅਜੋਕੇ ਸਮੇਂ ਦੀ ਯਥਾਰਥਿਕਤਾ ਅਤੇ ਅਨੈਤਿਕਤਾਵਾ ਨੂੰ ਆਪਣੇ ਨਾਵਲਾਂ ਦੇ ਵਿਸ਼ੇ ਬਣਾਇਆ ਹੈ। ਇਸੇ ਤਰ੍ਹਾਂ 'ਕੌਰਵ ਸਭਾ' ਮਿੱਤਰ ਸੈਨ ਮੀਤ ਦੁਆਰਾ ਰਚਿਤ ਬਹੁਤ ਹੀ ਚਰਚਿਤ ਨਾਵਲ ਹੈ। ਜਿਸ ਵਿਚ ਉਸ ਨੇ ਅਜੋਕੇ ਸਮਾਜ-ਪ੍ਰਬੰਧਾਂ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਕੀਤੀ ਹੈ। ਜਿਸ ਦਾ ਆਧਾਰ ਮਹਾਂਭਾਰਤ ਵਿਚਲੇ ਕੌਰਵਾਂ ਅਤੇ ਪਾਂਡਵਾਂ ਦੀ ਕਥਾ ਨੂੰ ਬਣਾਇਆ ਹੈ। ਇਸ ਨਾਵਲ ਰਾਹੀਂ ਸਮਾਜ ਨੂੰ ਇਹ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਭ੍ਰਿਸ਼ਟ ਤੰਤਰ ਇਸੇ ਤਰ੍ਹਾਂ ਵਧਦਾ ਫੁੱਲਦਾ ਰਿਹਾ ਤਾਂ ਦੂਸਰੀ ਮਹਾਂਭਾਰਤ ਬਹੁਤ ਹੀ ਨਜ਼ਦੀਕ ਹੈ ਪਰ ਸਭ ਤੋਂ ਦੁੱਖ ਵਾਲੀ ਗੱਲ ਇਹ ਹੋਵੇਗੀ ਕਿ ਇਸ ਮਹਾਂਭਾਰਤ ਵਿਚ ਨੇਕੀ ਨੂੰ ਬਦੀ ਹੱਥੋਂ ਬਚਾਉਣ ਵਾਲਾ ਕ੍ਰਿਸ਼ਨ ਵੀ ਹਾਜ਼ਰ ਨਹੀਂ ਹੋਵੇਗਾ। ਸੋ ਇਸ ਤਰ੍ਹਾਂ ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਰਾਹੀਂ ਇਕ ਵੱਡਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿਚ ਸਮਾਜਕ ਸਿਸਟਮ ਨੂੰ ਇਕ ਸਹੀ ਸੇਧ ਪ੍ਰਾਪਤ ਹੋ ਸਕੇ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਸਮਾਜ ਦੀ ਸਿਰਜਣਾ ਹੋ ਸਕੇ।

## ਖੋਜ ਕਾਰਜ ਦੇ ਉਦੇਸ਼

ਹਥਲੇ ਖੋਜ ਕਾਰਜ ਦੀ ਪੂਰਤੀ ਨੂੰ ਸਹੀ ਦਿਸ਼ਾ ਦੇਣ ਲਈ ਕੁਝ ਉਦੇਸ਼ ਨਿਰਧਾਰਿਤ ਕੀਤੇ ਹਨ-

1) ਮਿੱਥ ਅਤੇ ਸਾਹਿਤ ਦੇ ਅੰਤਰ ਸੰਬੰਧਾਂ ਨੂੰ ਉਜਾਗਰ ਕਰਨਾ।

2) ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨਾ।

3) ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ ਨੂੰ ਸਮਝਣਾ।

4) ਮਿੱਤਰ ਸੈਨ ਮੀਤ ਦੀ ਭਾਸ਼ਾ ਤੇ ਸ਼ੈਲੀ ਨੂੰ ਉਜਾਗਰ ਕਰਨਾ।

## ਖੋਜ ਵਿਧੀ

ਖੋਜ ਕਾਰਜ ਨੂੰ ਪੂਰਾ ਕਰਨ ਲਈ ਹੇਠ ਲਿਖੀਆਂ ਖੋਜ ਵਿਧੀਆਂ ਦੀ ਸਹਾਇਤਾ ਲਈ ਜਾਵੇਗੀ-

1) ਵਿਵਹਾਰਿਕ ਅਧਿਐਨ

ਮਿੱਥ ਰੂਪਾਂਤਰਨ ਦੇ ਸੰਦਰਭ ਵਿਚ ਵਿਵਹਾਰਿਕ ਅਧਿਐਨ ਕੀਤਾ ਜਾਵੇਗਾ।

2) ਤਰਕਵਾਦੀ-ਵਿਧੀ

ਤਰਕਵਾਦੀ-ਵਿਧੀ ਤਰਕ ਵਿਰਤਕ ਦੇ ਆਸਰੇ ਚਲਦੀ ਹੈ। ਇੱਕ ਜਾਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆਂ ਤੇ ਅੱਪੜਨਾ ਤਰਕਵਾਦ ਹੈ। ਗੁਰਬਾਣੀ ਵਿਚ ਵੀ ਲਿਖਿਆ ਗਿਆ ਹੈ ਕਿ 'ਖ਼ੋਜੀ ਉਪਜੈ ਬਾਦੀ ਬਿਨਸੈ', ਸੋ ਖੋਜਾਰਥੀ ਹਮੇਸ਼ਾ ਤਰਕਵਾਦੀ ਵਿਧੀ ਨੂੰ ਆਧਾਰ ਬਣਾ ਕੇ ਹੀ ਆਪਣੀ ਖੋਜ ਨੂੰ ਪੂਰਾ ਕਰਦਾ ਹੈ। ਹਥਲੇ ਖੋਜ-ਕਾਰਜ ਵਿਚ ਤਰਕਵਾਦੀ ਵਿਧੀ ਨੂੰ ਅਪਣਾਇਆ ਗਿਆ ਹੈ।

3) ਮਿੱਥ-ਵਿਗਿਆਨ

‘ਮਿੱਥ-ਵਿਗਿਆਨ’ ਸ਼ਬਦ ਦਾ ਅਰਥ ਹੈ ਮਿੱਥ ਦਾ ਵਿਗਿਆਨਕ ਅਧਿਐਨ ਕਰਨਾ। ਮਿੱਥ ਵਿਗਿਆਨ ਮਿੱਥਾਂ ਦੀ ਡੀ ਕੋਡਿੰਗ ਭਾਵ ਮਿੱਥਾਂ ਨੂੰ ਖੋਲ੍ਹਣ ਦਾ ਵਿਧੀਵਤ ਤੇ ਸੰਗਠਿਤ ਪ੍ਰਕਾਰਜ ਹੈ। ਸਾਹਿਤਕ ਕਿਰਤਾਂ ਦੀ ਸਾਰਥਿਕਤਾ ਪਛਾਣਨੀ ਹੋਵੇ ਤਾਂ ਇਹ ਕਿਰਤਾਂ ਵਿਚੋਂ ਉੱਸਰਦੇ ਗਿਆਨ-ਪ੍ਰਬੰਧ ਤੋਂ ਪਛਾਣੀ ਜਾ ਸਕਦੀ ਹੈ। ਗਿਆਨ ਦੇ ਇਸ ਖ਼ਜ਼ਾਨੇ ਨੂੰ ਵਿਧੀਵਤ ਸੰਗਠਨ ਦੀ ਸ਼ਕਲ ਵਿਚ ਉਸਾਰਨਾ ਆਲੋਚਨਾ ਦੇ ਘੇਰੇ ਵਿਚ ਆਉਂਦਾ ਹੈ ਅਤੇ ਇਸ ਸਮੁੱਚੇ ਪ੍ਰਕਾਰਜ ਦੇ ਵਿਉਂਤਬੱਧ ਤੇ ਸੰਗਠਿਤ ਹੋਣ ਸਦਕਾ ਆਲੋਚਨਾ ਵਿਗਿਆਨ ਦੇ ਨੇੜੇ ਜਾ ਢੁਕਦੀ ਹੈ। ਇੰਞ ਹੀ ਵੱਖ-ਵੱਖ ਸਮਾਜਾਂ ਤੇ ਸਭਿਆਚਾਰ ਦੀਆਂ ਮਿੱਥਾਂ ਦਾ ਸਿਲਸਲੇਬੱਧ ਤੇ ਸੰਗਠਿਤ ਅਧਿਐਨ ਮਿੱਥ-ਵਿਗਿਆਨ ਅਖਵਾਉਂਦਾ ਹੈ। ਭਾਵੇਂ ਕਿ ਇਹ ਸ਼ੁੱਧ ਵਿਗਿਆਨ ਨਹੀਂ ਹੁੰਦਾ ਪਰੰਤੂ ਇਸ ਵਿਚਲਾ ਤਰਕ ਓਨਾ ਹੀ ਸ਼ਕਤੀਸ਼ਾਲੀ ਹੁੰਦਾ ਹੈ ਜਿੰਨਾ ਕਿ ਸਾਇੰਸ ਵਿਚਲਾ।

4) ਇਤਿਹਾਸਕ ਵਿਧੀ- ਇਸ ਵਿਧੀ ਰਾਹੀਂ ਕਿਸੇ ਇਤਿਹਾਸਕ ਘਟਨਾ ਨੂੰ ਪਿਛੋਕੜ ਵਿਚ ਰੱਖ ਕੇ ਨਾਵਲ ਵਿਚਲੀ ਘਟਨਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਅਧਿਐਨ ਵਿਧੀ ਰਾਹੀਂ ਅਧਿਐਨ ਕਰਤਾ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਕਿ ਜਿਵੇਂ ਉਹ ਕਿਸੇ ਵਿਸ਼ੇਸ਼ ਯੁੱਗ ਵਿਚ ਪ੍ਰਵੇਸ਼ ਕਰ ਗਿਆ ਹੋਵੇ।

5) ਸਮਾਜ-ਸ਼ਾਸਤਰੀ ਵਿਧੀ- ਸਮਾਜ ਸ਼ਾਸਤਰੀ ਵਿਧੀ ਦਾ ਪ੍ਰਯੋਗ ਸਮਾਜਕ ਢਾਂਚੇ ਦਾ ਅਧਿਐਨ ਕਰਨ ਲਈ ਕੀਤਾ ਜਾਂਦਾ ਹੈ। ਜਿਸ ਵਿਚ ਸਾਰੇ ਸਮਾਜਕ ਸਿਸਟਮ ਸ਼ਾਮਲ ਹੁੰਦੇ ਹਨ, ਜੋ ਸਮਾਜਕ ਢਾਂਚੇ ਨੂੰ ਚਲਾਉਣ ਵਿਚ ਸਹਾਇਕ ਹੁੰਦੇ ਹਨ।

## ਸੰਭਾਵਿਤ ਨਤੀਜੇ

ਖੋਜ ਕਾਰਜ ਦੀ ਪੂਰਤੀ ਉਪਰੰਤ ਹੇਠ ਲਿਖੇ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ-

1) ਮਿੱਥ ਅਤੇ ਸਾਹਿਤ ਦੇ ਅੰਤਰ ਸੰਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।

2) ਨਾਵਲ ਵਿਚ ਪੇਸ਼ ਭ੍ਰਿਸ਼ਟ-ਤੰਤਰ ਰਾਹੀਂ ਸਮਕਾਲੀ ਸਮਾਜਕ, ਰਾਜਨੀਤਕ ਤੰਤਰ ਵਿਚਲੇ ਭ੍ਰਿਸ਼ਟਾਚਾਰ ਦਾ ਮੁਲਾਂਕਣ ਹੋ ਸਕੇਗਾ।

3) ਨਾਵਲ ਵਿਚ ਹੋਏ ਮਿੱਥ ਰੂਪਾਂਤਰਨ ਦੇ ਪ੍ਰਕਰਨ ਅਤੇ ਪ੍ਰਕਾਰਜ ਦੀ ਜਾਣਕਾਰੀ ਪ੍ਰਾਪਤ ਹੋਵੇਗੀ।

4) ਨਾਵਲ ਦੀ ਭਾਸ਼ਾ ਤੇ ਸ਼ੈਲੀ ਸਪਸ਼ਟ ਹੋ ਸਕੇਗੀ।

## ਸਾਹਿਤਕ ਅਤੇ ਸਮਾਜਕ ਸਾਰਥਿਕਤਾ

ਪੰਜਾਬੀ ਨਾਵਲ ਸੰਬੰਧੀ ਹੋਏ ਖੋਜ-ਕਾਰਜ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਨਾਵਲ ਤੇ ਮਿੱਥ ਦੇ ਅੰਤਰ-ਸੰਬੰਧਾਂ ਬਾਰੇ ਅਧਿਐਨ ਬਹੁਤ ਘੱਟ ਹੋਇਆ ਹੈ। ਜੇਕਰ ਪੰਜਾਬੀ ਨਾਵਲ ਜਗਤ ਦੇ ਮੋਢੀ ਮੰਨੇ ਜਾਂਦੇ ਨਾਵਲਕਾਰ ਭਾਈ ਵੀਰ ਸਿੰਘ ਦੇ ਨਾਵਲਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਕਈ ਨਾਵਲਾਂ ਵਿਚ ਹਿੰਦੂ ਮਿਥਿਆਸ ਵਿਚੋਂ

ਸ਼ਬਦਾਂ ਨੂੰ ਲੈ ਕੇ ਆਪਣੇ ਨਾਵਲਾਂ ਵਿਚ ਰੂਪਾਂਤਰਿਤ ਕੀਤਾ ਹੈ ਜਿਵੇਂ ਕਿ ਆਪਣੇ ਨਾਵਲ ਦੀ ਪਾਤਰ ਸੁੰਦਰੀ ਲਈ 'ਦੇਵੀ' ਸ਼ਬਦ ਦੀ ਵਿਆਖਿਆ ਕੀਤੀ ਹੈ। ਦੇਵੀ ਕਸ਼ਟ-ਭੰਜਕ, ਬਹੁ-ਭੁਜਾਵੀ, ਗੈਬੀ-ਸ਼ਕਤੀਆਂ ਦੀ ਮਾਲਕ ਹੁੰਦੀ ਹੈ। ਇਸ ਤਰ੍ਹਾਂ ਉਹ ਸੁੰਦਰੀ ਦੀ ਬਹਾਦਰੀ ਦਰਸਾਉਣ ਲਈ ਉਹ ਦੁਰਗਾ ਦੀ ਸੰਗਿਆ ਵਰਤਦਾ ਹੈ। ਭਾਈ ਵੀਰ ਸਿੰਘ ਤੋਂ ਬਾਅਦ ਨਾਨਕ ਸਿੰਘ ਦੇ ਨਾਵਲਾਂ ਵਿਚ 'ਬਲੀਦਾਨ' ਦੀ ਮਿੱਥ ਕਈ ਰੂਪਾਂ ਵਿਚ ਪੇਸ਼ ਹੁੰਦੀ ਵੇਖੀ ਜਾ ਸਕਦੀ ਹੈ, ਇਸੇ ਤਰ੍ਹਾਂ ਉਸ ਦੇ ਨਾਵਲਾਂ ਪਵਿੱਤਰ ਪਾਪੀ ਅਤੇ ਨਾਸੂਰ ਵਿਚ ਈਡੀਪਸ ਦੀ ਮਿੱਥ ਕਾਰਜਸ਼ੀਲ ਰਹਿੰਦੀ ਹੈ।

ਆਧੁਨਿਕ ਦੌਰ ਵਿਚ ਸੁਰਜੀਤ ਸਿੰਘ ਸੇਠੀ, ਨਿਰੰਜਨ ਤਸਨੀਮ, ਸੁਖਬੀਰ, ਸ. ਸੋਜ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਤੇ ਮਿੱਤਰ ਸੈਨ ਮੀਤ ਜਿਹੇ ਨਾਵਲਕਾਰਾਂ ਨੇ ਪੰਜਾਬੀ ਨਾਵਲ ਦੇ ਮੁਹਾਂਦਰੇ ਨੂੰ ਬਦਲਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹਨਾਂ ਪ੍ਰਮੁੱਖ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਤੇ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਵਿਚ ਮਿੱਥ ਨੂੰ ਰੂਪਾਂਤਰਿਤ ਢੰਗ ਨਾਲ ਵਰਤਿਆ ਹੈ। ਜਿਵੇਂ ਕਿ ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਪਰਸਾ' ਵਿਚ ਸਮੁੰਦਰ ਮੰਥਨ ਦੀ ਮਿੱਥ, ਰਾਹੂ-ਕੇਤੂ ਦੀ ਮਿੱਥ ਅਤੇ ਪਰਸਰਾਮ ਦੀ ਮਿੱਥ ਨੂੰ ਰੂਪਾਂਤਰਿਤ ਢੰਗ ਨਾਲ ਵਰਤ ਕੇ ਜਾਗੀਰਦਾਰੀ ਸਮਾਜ ਵਿਚ ਸੀਰੀ ਵਰਗ ਦੇ ਤ੍ਰਾਸਦਿਕ ਯਥਾਰਥ ਦੀ ਪੇਸ਼ਕਾਰੀ ਕੀਤੀ ਹੈ। ਪੰਜਾਬੀ ਨਾਵਲ ਦੇ ਵਿਕਾਸ ਪੜਾਅ ਵਿਚ ਇਸਤਰੀ ਨਾਵਲਕਾਰਾਂ ਦੀ ਗਿਣਤੀ ਸੀਮਤ ਹੈ, ਪਰ ਉਨ੍ਹਾਂ ਵਿਚੋਂ ਪ੍ਰਮੁੱਖ ਨਾਵਲਕਾਰਾ ਹੈ ਦਲੀਪ ਕੌਰ ਟਿਵਾਣਾ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਇਸਤਰੀ ਮਨ ਦੀਆਂ ਵੇਦਨਾਵਾਂ, ਜਾਗੀਰਦਾਰੀ ਸਮਾਜ ਦੀਆਂ ਕਦਰਾਂ-ਕੀਮਤਾਂ ਸਾਹਮਣੇ ਟੁੱਟਦੀ ਤੇ ਹਾਰਦੀ ਔਰਤ ਦੀ ਪੇਸ਼ਕਾਰੀ ਮਿਥਿਕ ਹਵਾਲਿਆਂ ਦੀ ਵਰਤੋਂ ਤੇ ਇਹਨਾਂ ਮਿਥਿਕਾਂ ਦੇ ਰੂਪਾਂਤਰਨ ਰਾਹੀ ਨਵੇਂ ਅਰਥਾਂ ਦੇ ਸਿਰਜਣ ਦੀ ਜੁਗਤ ਨੂੰ ਉਸ ਨੇ ਆਪਣੀ ਨਾਵਲੀ ਰਚਨਾ ਦਾ ਆਧਾਰ ਬਣਾਇਆ ਹੈ।

ਇਸੇ ਹੀ ਦੌਰ ਵਿਚ ਪੰਜਾਬੀ ਨਾਵਲ ਵਿਚ ਮਿੱਤਰ ਸੈਨ ਮੀਤ ਆਪਣੇ ਨਾਵਲ 'ਅੱਗ ਦੇ ਬੀਜ' ਨਾਲ ਪ੍ਰਵੇਸ਼ ਕਰਦਾ ਹੈ। ਇਸ ਤੋਂ ਇਲਾਵਾ ਹੁਣ ਤੱਕ ਉਸ ਦੇ ਪੰਜ ਹੋਰ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਪਰ ਉਸ ਦੇ ਇਹਨਾਂ ਛੇ ਨਾਵਲਾਂ ਵਿਚੋਂ ਜੋ ਹੁਣ ਤੱਕ ਸਭ ਤੋ ਵੱਧ ਚਰਚਿਤ ਰਿਹਾ ਉਹ ਹੈ 'ਕੌਰਵ ਸਭਾ'।

'ਕੌਰਵ ਸਭਾ' ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਮਿੱਤਰ ਸੈਨ ਮੀਤ ਦੇ ਗਲਪ ਸੰਸਾਰ ਦੀ ਵਿਸ਼ੇਸ਼ਤਾ ਰਾਜ ਤੰਤਰ ਦੀਆਂ ਭ੍ਰਿਸ਼ਟ ਸ਼ਾਖਾਵਾਂ ਦਾ ਖੋਖਲਾਪਣ ਉਘਾੜਨ ਵਿਚ ਹੈ। 'ਕੌਰਵ ਸਭਾ' ਵਿਚ ਵੀ ਨੈਤਿਕ ਮੁੱਲਾਂ, ਆਰਥਕ, ਰਾਜਨੀਤਿਕ ਤੇ ਨਿਆਇਕ ਸਿਸਟਮ ਦੀਆਂ ਸਮੀਕਰਨਾਂ ਵਿਚੋਂ ਉੱਭਰਦੀ ਭ੍ਰਿਸ਼ਟ ਸਥਿਤੀ ਨੂੰ ਮਿਥਿਕ ਪ੍ਰਕਰਨ 'ਕੌਰਵ ਸਭਾ' ਦੇ ਪਰਿਪੇਖ ਵਿਚ ਉਭਾਰਿਆ ਗਿਆ ਹੈ। ਜੋ ਕਿ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਮਹਾਂਭਾਰਤ ਵਿਚ ਅੰਤ ਉੱਤੇ ਨੇਕੀ ਦੀ ਬਦੀ ਉੱਤੇ ਜਿੱਤ ਹੁੰਦੀ ਹੈ ਪਰ ਕੌਰਵ ਸਭਾ ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿੱਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ ਨੇਕੀ ਦੀ

ਜਿੱਤ ਦੀ ਮਿੱਥ ਨੂੰ ਤੋੜਦਾ ਹੋਇਆ ਇਹ ਗਿਆਨ ਕਰਵਾਉਂਦਾ ਹੈ ਕਿ ਆਧੁਨਿਕ ਲੋਕਤੰਤਰੀ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੈ।

ਦੂਜਾ ਇਸ ਨਾਵਲ ਅਤੇ ਨਾਵਲਕਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਰਾਹੀਂ ਪੰਜਾਬੀ ਪਾਠਕ ਵਰਗ ਵਿਚਲੀ ਇਕ ਅਹਿਮ ਕੜੀ ਨਿਆਂ-ਪ੍ਰਨਾਲੀ, ਪੁਲਿਸ-ਤੰਤਰ ਅਤੇ ਜੇਲ੍ਹ ਆਦਿ ਦੇ ਬਿਰਤਾਂਤਿਕ ਸੰਗਠਨ ਵਿਚੋਂ ਬਹੁਤ ਕੁਝ ਅਜਿਹਾ ਸਿੱਖਦਾ ਹੈ ਜੋ ਉਸ ਨੇ ਨਾ ਤਾਂ ਪਹਿਲਾ ਕਦੇ ਸੁਣਿਆ ਵੇਖਿਆ ਹੁੰਦਾ ਹੈ ਅਤੇ ਨਾ ਹੀ ਉਹ ਉਸ ਨਾਲ ਬਾਵਾਸਤਾ ਹੁੰਦਾ ਹੈ। ਕਿਸੇ ਇੱਕ ਆਮ ਸਾਧਾਰਨ ਇਨਸਾਨ ਲਈ ਇਹ ਨਾਵਲ ਕਾਨੂੰਨੀ, ਕਚਹਿਰੀ, ਨਿਆਂ ਅਤੇ ਜੇਲ੍ਹ ਆਦਿ ਦੀ ਅੰਤਰੀਵ ਜਾਣਕਾਰੀ ਦਾ ਖ਼ਜ਼ਾਨਾ ਹੋ ਨਿੱਬੜਦੇ ਹਨ।

ਐਸ. ਤਰਸੇਮ ਅਨੁਸਾਰ, 'ਆਪਣੇ ਬਹੁਚਰਚਿਤ ਚਾਰ ਨਾਵਲਾਂ ਤਫ਼ਤੀਸ਼, ਕਟਹਿਰਾ, ਸੁਧਾਰ ਘਰ ਅਤੇ ਕੌਰਵ ਸਭਾ ਰਾਹੀਂ ਮਿੱਤਰ ਸੈਨ ਮੀਤ ਪਾਠਕਾਂ ਨੂੰ ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਲੋਕ ਵਿਰੋਧੀ ਪ੍ਰਵਿਰਤੀਆਂ ਬਾਰੇ ਜਾਣੂ ਕਰਵਾ ਚੁੱਕਾ ਹੈ। ਕਾਨੂੰਨ ਔਖਾ ਅਤੇ ਪੇਚੀਦਾ ਹੈ। ਮਹਿੰਗਾ ਹੋਣ ਕਾਰਨ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਆਪਣੇ ਹਿਤਾਂ ਦੀ ਰਾਖੀ ਲਈ ਘੱਟੋ-ਘੱਟ ਇਸ ਦੀ ਮੁੱਢਲੀ ਜਾਣਕਾਰੀ ਹੋਣੀ ਵੀ ਜ਼ਰੂਰੀ ਹੈ। ਮੀਤ ਨੇ ਕਾਨੂੰਨ ਦੀ ਸਰਲ ਭਾਸ਼ਾ ਵਿੱਚ ਵਿਆਖਿਆ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਲੋਕ ਹਿਤ ਲਈ ਬਣੇ ਦੋ ਕਾਨੂੰਨਾਂ 'ਸੂਚਨਾ ਦਾ ਅਧਿਕਾਰ ਕਾਨੂੰਨ' ਅਤੇ 'ਪੰਜਾਬ ਸੇਵਾ ਦਾ ਅਧਿਕਾਰ ਕਾਨੂੰਨ' ਬਾਰੇ ਛੋਟੀਆਂ ਪੁਸਤਕਾਂ ਲਿਖ ਕੇ ਉਹ ਵੱਡੀ ਸੇਵਾ ਨਿਭਾ ਚੁੱਕਾ ਹੈ'।

'ਕੌਰਵ ਸਭਾ' ਨਾਵਲ ਦਾ ਵਿਸ਼ਾ ਬਾਕੀ ਪ੍ਰਸਿੱਧ ਨਾਵਲਕਾਰਾਂ ਦੁਆਰਾ ਵਰਤੀ ਮਿੱਥ ਰੂਪਾਂਤਰਨ ਦੀ ਜੁਗਤ ਨਾਲੋਂ ਭਿੰਨ ਹੈ ਕਿਉਂਕਿ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਅਜੋਕੇ ਸਮਾਜਕ ਸਿਸਟਮ ਦੀ ਪੇਸ਼ਕਾਰੀ ਕੀਤੀ ਹੈ। ਜੋ ਕਿ ਪੰਜਾਬੀ ਨਾਵਲ ਜਗਤ ਵਿਚ ਅਜਿਹੀ ਇੱਕੋ ਇੱਕ ਪਹਿਲੀ ਪੇਸ਼ਕਾਰੀ ਹੈ।[24]

ਕੌਰਵ ਸਭਾ ਵਿਚ ਮਿੱਥ ਰੂਪਾਂਤਰਨ ਖੋਜ ਕਾਰਜ ਦੀ ਸਾਹਿਤਕ ਮਹੱਤਤਾ ਹੈ-

1) ਕੌਰਵ ਸਭਾ ਵਿਚ ਵਰਤੇ ਮਿਥਿਕ ਸ਼ਬਦਾਂ ਬਾਰੇ ਜਾਣਕਾਰੀ ਮਿਲੇਗੀ।

2) ਕੌਰਵ ਸਭਾ ਵਿਚ ਵਰਤੇ ਮਿਥਿਕ ਪ੍ਰਤੀਕਾਂ ਤੇ ਬਿੰਬਾਂ ਬਾਰੇ ਜਾਣਕਾਰੀ ਮਿਲੇਗੀ।

3) ਕੌਰਵ ਸਭਾ ਵਿਚ ਮਿੱਥ ਰੂਪਾਂਤਰਨ ਬਾਰੇ ਜਾਣਕਾਰੀ ਮਿਲੇਗੀ।

4) ਨਾਵਲ ਦੀ ਭਾਸ਼ਾ ਤੇ ਸ਼ੈਲੀ ਬਾਰੇ ਜਾਣਕਾਰੀ ਮਿਲੇਗੀ।

ਅਜੋਕੇ ਸਮਾਜਕ ਸਿਸਟਮ ਨੂੰ ਸੁਧਾਰਨ ਵਿਚ ਇਸ ਵਿਸ਼ੇ ਦੀ ਬਹੁਤ ਸਾਰਥਿਕਤਾ ਹੈ ਕਿਉਂਕਿ ਅਜਿਹੇ ਵਿਸ਼ਿਆਂ ਦੀ ਪੇਸ਼ਕਾਰੀ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕਦਾ ਹੈ ਅਤੇ ਸਮਾਜ ਨੂੰ ਇਕ ਸਹੀ ਦਿਸ਼ਾ ਪ੍ਰਦਾਨ ਕੀਤੀ ਜਾ ਸਕਦੀ ਹੈ।

[1] Rene Wellek, Concepts of Criticism, p-335, Standard Dictionary of Folklore, p-409
[2] Mircea Eliade, Myth and Reality, p-1
[3] Warner Berthoff, 'Fiction, History, Myth' in Morton, W.Bloomfied (ed.), The Interpreation Of Narr\tive : Theory and Practice, p- 275-276
[4] G.S. Kirk, op.cit., p-22
[5] An Experiment in Criticism, p-43
[6] ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ-53-54
[7] ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ-126
[8] -ਉਹੀ-, ਪੰਨਾ-76
[9] -ਉਹੀ-, ਪੰਨਾ-778
[10] Encyclopedia Britanica, p-794
[11] Giambettista Vico: ''The Three Ages'' in the Modren Tradition. PP- 472-81
[12] As quoted in D.K Lal, Myth and Mythical Concept in O' Neill's Plays, p.2
[13] ਪਰਦੀਪ ਕੌਰ, ਮਿਥ ਵਿਗਿਆਨ ਅਤੇ ਸਾਹਿਤ(ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਸੰਦਰਭ ਵਿਚ), ਪੰਨਾ-9
[14] ਮਨਜੀਤ ਸਿੰਘ, ਮਿਥ ਵਿਗਿਆਨ, ਪੰਨਾ-10
[15] -ਉਹੀ-, ਪੰਨਾ-115
[16] ''The Archetypes of Literature'', Twentieth Century Criticism: The Major Statement (ed.), William J Handy, Max Westbrook, p-238-240
[17] ਪਰਦੀਪ ਕੌਰ, ਮਿਥ ਵਿਗਿਆਨ ਅਤੇ ਸਾਹਿਤ(ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਸੰਦਰਭ ਵਿਚ), ਪੰਨਾ-32
[18] As quoted in D.K.Lal, Myth and Mythical Concept in O' Neill's plays, p-1
[19] Encyclopedia Britannica, Vol. 16, p-572
[20] ਪੰਜ ਨਾਵਲ: ਇਕ ਮੁਲਾਂਕਣ, ਪੰਨਾ-11
[21] ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਪੰਨਾ-93
[22] ਪੰਜਾਬੀ ਬਿਰਤਾਂਤਕ ਪ੍ਰਵਚਨ, ਪੰਨਾ-47
[23] ਮਾਨ ਸਿੰਘ, ਢੀਂਡਸਾ, ਪੰਜਾਬੀ ਨਾਵਲ: ਪਰੰਪਰਾ ਅਤੇ ਪ੍ਰਵਾਹ, ਪੰਨਾ-204-205
[24] ਮਿੱਤਰ ਸੈਨ ਮੀਤ, ਫ਼ੌਜਦਾਰੀ ਕਾਨੂੰਨ ਦੀ ਮੁੱਢਲੀ ਜਾਣਕਾਰੀ(ਪੀੜਤ ਧਿਰ ਦੇ ਹੱਕ ਵਿੱਚ ਆਏ 344 ਫ਼ੈਸਲਿਆਂ ਤੇ ਆਧਾਰਤ 528 ਸੂਤਰ), ਪੰਨਾ-ਕਵਰ ਪੇਜ

# ਅਧਿਆਇ - ਦੂਜਾ

## ਮਿੱਥ ਅਤੇ ਸਾਹਿਤ ਦਾ ਅੰਤਰ-ਸੰਬੰਧ

ਸਾਹਿਤ ਅਤੇ ਸਾਹਿਤ ਸਮਾਜ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਸਾਹਿਤ ਦਾ ਜਨਮ ਉਸ ਦੇ ਸਮਕਾਲੀ ਸਮਾਜ ਨੂੰ ਆਧਾਰ ਬਣਾ ਕੇ ਹੀ ਕੀਤਾ ਜਾਂਦਾ ਹੈ। ਸਾਹਿਤ ਜ਼ਿੰਦਗੀ ਦਾ ਸੱਚ ਹੈ ਅਤੇ ਇਹ ਜ਼ਿੰਦਗੀ ਵਿਚੋਂ ਹੀ ਉਪਜਦਾ ਹੈ। ਲੇਖਕ ਅੰਦਰ ਇਕ ਵਿਸ਼ੇਸ਼ ਕਿਸਮ ਦੀ ਚੇਤਨਾ ਹੁੰਦੀ ਹੈ ਜਿਸ ਦੁਆਰਾ ਉਹ ਬਹੁਤ ਡੂੰਘੀਆਂ ਗੱਲਾਂ ਨੂੰ ਸਮਝ ਕੇ ਵਧੀਆ ਸ਼ੈਲੀ ਵਿਚ ਬਿਆਨ ਕਰਦਾ ਹੈ। ਕੋਈ ਵੀ ਸਾਹਿਤ ਮਹਾਨ ਵਿਚਾਰਾਂ ਤੋਂ ਬਿਨਾਂ ਨਹੀਂ ਰਚਿਆ ਜਾਂ ਸਕਦਾ ਅਤੇ ਸਾਹਿਤਕਾਰ ਚੰਗੇ ਵਿਚਾਰਾਂ ਦੀ ਪ੍ਰਾਪਤੀ ਲਈ ਆਪਣੇ ਜੀਵਨ ਦੇ ਤਜਰਬੇ ਨੂੰ ਆਧਾਰ ਬਣਾਉਂਦਾ ਹੈ। ਉਸ ਨੇ ਜੀਵਨ ਦੇ ਦੁੱਖ-ਸੁੱਖ ਭੋਗੇ ਹੁੰਦੇ ਹਨ। ਹੋਰਨਾਂ ਦੇ ਤਜਰਬਿਆਂ ਤੋਂ ਵੀ ਉਹ ਲਾਭ ਉਠਾਉਂਦਾ ਹੈ। ਉਹ ਜਦੋਂ ਵੀ ਸਫ਼ਰ ਕਰ ਰਿਹਾ ਹੁੰਦਾ ਹੈ, ਉਹ ਆਪਣੇ ਆਲੇ-ਦੁਆਲੇ ਦੀ ਸਥਿਤੀ ਨੂੰ ਡੂੰਘੀ ਨੀਝ ਨਾਲ ਵੇਖਦਾ ਹੈ। ਇਸ ਤਰ੍ਹਾਂ ਸਾਹਿਤ ਦਾ ਜਨਮ ਸਾਹਿਤਕਾਰ ਦੇ ਆਪਣੇ ਨਿੱਜੀ ਤਜਰਬਿਆਂ, ਹੋਰਨਾਂ ਦੇ ਸੁਣੇ ਵੇਖੇ ਤਜਰਬਿਆਂ ਅਤੇ ਲੇਖਕ ਦੀ ਮਹਿਸੂਸ ਕਰਨ ਦੀ ਸ਼ਕਤੀ ਵਿਚੋਂ ਹੁੰਦਾ ਹੈ।

ਜੋਹਨ ਬੀ. ਵਿਕਰੀ ਅਨੁਸਾਰ ਮਿੱਥ-ਕਥਾ ਇਕ ਐਸਾ ਗਰਭ ਉਤਪੰਨ ਕਰਦੀ ਹੈ, ਜਿਸ ਵਿੱਚੋਂ ਸਾਹਿਤ ਦੇ ਜਨਮ ਦਾ ਇਤਿਹਾਸ ਅਤੇ ਮਨੋਵਿਗਿਆਨ ਦੋਹਾਂ ਪੱਖਾਂ ਤੋਂ ਹੋਇਆ ਵੇਖਿਆ ਜਾ ਸਕਦਾ ਹੈ, ਕਿਉਂ ਕਿ ਸਾਹਿਤ ਵਿਚਲੇ ਕਥਾਨਕ, ਚਰਿੱਤਰ-ਚਿਤਰਨ, ਵਿਸ਼ੇ ਅਤੇ ਬਿੰਬ ਆਦਿ ਦੀਆਂ ਉਲਝਣਾਂ ਤੇ ਵਿਸਥਾਪਨ ਮਿੱਥ-ਕਥਾਵਾਂ ਵਰਗੇ ਹੀ ਹਨ ਅਤੇ ਸਾਂਝੇ ਵੀ।[1] ਨਾਰਥ੍ਰੋਪ ਫ਼ਰਾਈ ਅਨੁਸਾਰ ਅਨੇਕਾਂ ਸੰਸਕ੍ਰਿਤੀਆਂ ਵਿਚ ਮਿੱਥ-ਵਿਗਿਆਨ ਅਚੇਤ ਹੀ ਸਾਹਿਤ ਨਾਲ ਇਕਮਿਕ ਹੋ ਜਾਂਦਾ ਹੈ।[2] ਸਾਹਿਤਕ ਰੂਪ ਜੀਵਨ ਵਿੱਚੋਂ ਨਹੀਂ, ਬਲਕਿ ਸਾਹਿਤਕ ਪਰੰਪਰਾ ਵਿੱਚੋਂ ਉਗਮਦਾ ਹੈ ਅਤੇ ਇਸ ਦਾ ਅੰਤਿਮ ਨਿਕਾਸ ਕਿਸੇ ਨਾ ਕਿਸੇ ਮਿੱਥ-ਕਥਾ ਤੋਂ ਲੱਭਿਆ ਜਾ ਸਕਦਾ ਹੈ।[3] ਮਿੱਥ-ਕਥਾ ਅਤੇ ਸਾਹਿਤ ਦੇ ਆਪਸੀ ਰਿਸ਼ਤੇ ਨੂੰ ਵਿਚਾਰਦਿਆਂ ਰਿਚਰਡ ਚੇਜ਼ ਕਹਿੰਦਾ ਹੈ ਕਿ ਸਾਹਿਤ ਵਿਚ ਪ੍ਰਾਕ੍ਰਿਤਕ ਨੂੰ ਅਤਿ-ਮਾਨਵੀ ਸ਼ਕਤੀਆਂ ਨਾਲ ਸੰਬੰਧਿਤ ਕਰਕੇ ਭਾਵੁਕ ਲੋੜਾਂ ਦੀ ਪੂਰਤੀ ਹਿਤ ਵਰਣਨ ਨਾਲ ਸਾਹਿਤ ਮਿੱਥ-ਕਥਾ ਦਾ ਰੂਪ ਧਾਰਨ ਕਰ ਜਾਂਦਾ ਹੈ।[4]

ਮਿੱਥ-ਕਥਾ ਅਤੇ ਸਾਹਿਤ ਦੇ ਸੰਬੰਧ ਬਾਰੇ ਫ਼ਰੈਡਿਕ ਸ਼ਲੈਗਲ ਨੇ ਅਨੁਭਵ ਕਰਦਿਆਂ ਮਿੱਥ-ਕਥਾ ਨੂੰ ਪ੍ਰਕਿਰਤੀ ਦਾ ਚਿੱਤਰ-ਲਿਪੀਆਂਤਰ ਰੂਪ ਕਿਹਾ ਹੈ।[5] ਹਰਡਰ ਨੇ ਮਿੱਥ-ਕਥਾ ਨੂੰ ਭਾਸ਼ਾ ਨਾਲ ਜੋੜਦਿਆਂ ਮਿੱਥ-ਕਥਾ ਨੂੰ ਇਕ ਅਜਿਹੀ ਅੰਤਰ-ਦ੍ਰਿਸ਼ਟੀ ਕਿਹਾ ਹੈ, ਜਿਹੜੀ ਮਾਨਵੀ ਵਿਚਾਰਾਂ ਨੂੰ ਨਵਾਂ ਹੁਲਾਰਾ ਬਖ਼ਸ਼ਦੀ ਹੈ। ਉਸ ਨੇ ਮਿੱਥ-ਕਥਾ ਨੂੰ ਭਾਸ਼ਾ ਦਾ ਆਦਿ ਅਨਾਦਿ ਰੂਪ ਕਿਹਾ ਹੈ।[6]

ਮਿੱਥ-ਕਥਾ ਅਤੇ ਸਾਹਿਤ ਦੀ ਆਪਸੀ ਸਾਂਝ ਨੂੰ ਭਾਵੇਂ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ, ਪਰੰਤੂ ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਕਿ ਕੁਝ ਪਹਿਲੂਆਂ ਤੋਂ ਮਿੱਥ-ਕਥਾਵਾਂ ਦੀ ਪ੍ਰਕ੍ਰਿਤੀ ਆਪਸ ਵਿਚ ਬਹੁਤ ਮੇਲ ਖਾਦੀ ਹੈ। ਦੋਹਾਂ ਵਿਚ ਸੰਕਲਪ ਤੇ ਸੰਰਚਨਾ ਪੱਖ ਤੋਂ ਕੁਝ ਗੱਲਾਂ ਸਾਂਝੀਆਂ ਹਨ। ਸਾਹਿਤ ਵਿਚ ਪ੍ਰੇਰਿਤ ਕਰ ਸਕਣ ਦੀ ਸਮਰੱਥਾ ਮਿੱਥ-ਕਥਾਵਾਂ

ਦੁਆਰਾ ਅਧਿਕ ਸੁਭਾਵਿਕ ਹੈ, ਕਿਉਂ ਕਿ ਮਿੱਥ-ਕਥਾਵਾਂ ਦਾ ਸੰਬੰਧ ਉਨ੍ਹਾਂ ਦੈਵੀ ਜਾਂ ਵਿਸਮੈਜਨਕ ਰਹੱਸਮਈ ਸ਼ਕਤੀਆਂ ਨਾਲ ਹੈ, ਜਿਨ੍ਹਾਂ ਸਾਹਮਣੇ ਮਾਨਵ ਦੈਨਿਕ ਜੀਵਨ ਵਿਚ ਭੈ-ਭੀਤ ਹੋ ਜਾਂਦਾ ਹੈ। ਮਿੱਥ-ਕਥਾ ਪ੍ਰਾਚੀਨ ਕਾਲ ਤੋਂ ਇਨ੍ਹਾਂ ਰਹੱਸਾਂ ਨੂੰ ਉਦੇੜਦੀ-ਪੁਦੇੜਦੀ ਰਹੀ ਹੈ। ਮਿੱਥ-ਕਥਾ ਵਾਂਗ ਸਾਹਿਤ ਦਾ ਕਾਰਜ ਵੀ ਇਸ ਰਹੱਸਾਤਮਿਕ ਜਗਤ ਵਿਚ ਵਿਦਮਾਨ ਰਹੱਸਾਂ ਨੂੰ ਖੋਲ੍ਹ ਕੇ ਮਾਨਵੀ ਵਿਵਹਾਰ ਨੂੰ ਅਧਿਕ ਕਾਰਜਸ਼ੀਲ ਤੇ ਅਰਥਸ਼ੀਲ ਬਣਾਉਣ ਵਿਚ ਹੈ।[7]

ਮਿੱਥ-ਕਥਾ ਤੇ ਸਾਹਿਤ ਦੇ ਸੰਬੰਧ ਬਾਰੇ ਵਿਚਾਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਿੱਥ-ਕਥਾਵਾਂ ਉਪ-ਸਾਹਿਤ ਪੱਧਰ ਤੋਂ ਉਤਪੰਨ ਹੋਈਆਂ ਹੋਣ ਕਰਕੇ ਉਹ ਕਲਾਕਾਰ ਤੇ ਸਾਹਿਤਕਾਰ ਵਾਸਤੇ ਕਲਾ ਦਾ ਸੋਮਾ ਬਣ ਜਾਂਦੀਆਂ ਹਨ।[8] ਡਾ. ਹਰਿਭਜਨ ਸਿੰਘ ਇਸ ਪਹਿਲੂ ਤੇ ਰੌਸ਼ਨੀ ਪਾਉਂਦੇ ਲਿਖਦੇ ਹਨ-

ਸੰਸਕ੍ਰਿਤੀ ਵਿਚ ਇਤਿਹਾਸ ਅਤੇ ਮਿਥਿਹਾਸ ਦੋਹਾਂ ਦਾ ਹੀ ਭਾਗ ਹੈ। ਯੂਨਾਨੀ ਤ੍ਰਾਇ-ਯੁੱਧ ਅਤੇ ਭਾਰਤੀ ਲੰਕਾ ਯੁੱਧ ਅਜਿਹੀਆਂ ਹੀ ਪੁਰਾਣ ਕਥਾਵਾਂ ਹਨ, ਜਿਨ੍ਹਾਂ ਵਿੱਚੋਂ ਨਾ ਜਾਣੇ ਕਿੰਨੇ ਕਵੀਆਂ ਨੂੰ ਪ੍ਰੇਰਨਾ ਮਿਲੀ। ਹੋਮਰ ਅਤੇ ਤੁਲਸੀ ਦਾਸ ਦੀ ਮਹਾਨਤਾ ਦਾ ਮੂਲ ਪ੍ਰੇਰਨਾ ਸਰੋਤ ਇਹੋ ਪੁਰਾਣ ਕਥਾਵਾਂ ਹਨ।[9]

ਮਿੱਥ-ਕਥਾਵਾਂ ਦੀ ਸਾਹਿਤਕ ਮਹਾਨਤਾ ਇਸ ਪੱਖ ਤੋਂ ਵੀ ਹੈ ਕਿ ਲੌਕਿਕ-ਦ੍ਰਿਸ਼ਟੀ, ਮਾਨਸਿਕ ਤੇ ਮਨੋਵਿਗਿਆਨਕ, ਨੈਤਿਕ ਤੇ ਸੰਸਥਾ ਪਰਿਵਰਤਨ ਲਿਆਉਣ ਹਿਤ ਮਿੱਥ-ਕਥਾਵਾਂ ਸਾਹਿਤਕ-ਸੰਸਕ੍ਰਿਤੀ ਵਿਚ ਸਾਹਿਤਕਾਰ ਵਾਸਤੇ ਮਹੱਤਵਪੂਰਨ ਮਾਧਿਅਮ ਹਨ।

ਸਾਹਿਤ ਐਸੀਆਂ ਸਥਿਤੀਆਂ ਪਰਿਸਥਿਤੀਆਂ ਦੀ ਕਲਾਤਮਕ ਪ੍ਰਸਤੁਤੀ ਹੁੰਦਾ ਹੈ ਜੋ ਸਮਾਜ ਵਿਚ ਪ੍ਰਚਲਿਤ ਮਨੁੱਖੀ ਕਾਰ-ਵਿਹਾਰ, ਕਦਰਾਂ-ਕੀਮਤਾਂ, ਮਿੱਥਾਂ ਤੇ ਮਨੋਸਥਿਤੀ ਦਾ ਪ੍ਰਤੀਬਿੰਬ ਹੁੰਦੀਆਂ ਹਨ। ਇਹ ਬਿੰਬ ਜਾਪਦਾ ਤਾਂ ਜੀਵਨ ਵਰਗਾ ਹੀ ਹੈ ਪਰੰਤੂ ਹੁੰਦਾ ਵਾਸਤਵਿਕ ਜਗਤ ਦਾ ਕਲਾਤਮਕ ਪੁਨਰ-ਉਸਾਰ ਹੈ। ਹੈਨਰੀ ਏ ਮਰੇ ਮਿੱਥ ਦਾ ਸੁਭਾਅ ਪਰਿਵਰਤਨਸ਼ੀਲ ਹੋਣ ਕਾਰਨ ਇਸ ਨੂੰ ਝੂਠ, ਕਲਪਨਾ, ਮਿਥਿਆ, ਨਾ ਮੰਨਣ ਯੋਗ ਕਹਿੰਦਾ ਹੈ।[10] ਪਰੰਤੂ, ਮਿੱਥ ਸ਼ਬਦ ਦੀ ਵਿਉਤਪਤੀ ਮਾਈਥੌਸ ਤੋਂ ਹੋਣ ਕਰਕੇ ਇਸ ਵਿਚਲੇ ਸੱਚ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਮਾਈਥੌਸ ਦੀ ਵਰਤੋਂ ਅਰਸਤੂ ਸਾਹਿਤ ਦੇ ਐਸੇ ਅਨਿੱਖੜਵੇਂ ਸੰਰਚਨਾਤਮਿਕ ਤੱਤ ਵਜੋਂ ਕਰਦਾ ਹੈ ਜੋ ਰਚਨਾਵਾਂ ਨੂੰ ਸੰਗਠਿਤ ਤੇ ਨਿਯੰਤਰਿਤ ਵੀ ਕਰਦਾ ਹੈ ਤੇ ਗਤੀਸ਼ੀਲਤਾ ਵੀ ਬਖ਼ਸ਼ਦਾ ਹੈ। ਇਉਂ ਮਿੱਥ ਯਥਾਰਥ ਤੇ ਕਲਪਨਾ ਦਾ ਮਿਸ਼ਰਨ ਹੋ ਨਿੱਬੜਦੀ ਹੈ। ਸਾਹਿਤ, ਵਿਸ਼ੇਸ਼ ਕਰਕੇ ਗਲਪ, ਵਾਸਤਵਿਕ ਜੀਵਨ ਦਾ ਪੁਨਰ-ਸਿਰਜਣ ਹੁੰਦਾ ਹੈ ਜੋ ਕਲਾਤਮਕ ਸੰਭਾਵਿਕਤਾ ਨਾਲ ਸਿਰਜਿਆ ਜਾਂਦਾ ਹੈ। ਸਾਹਿਤ ਨੂੰ ਇਕ ਐਸੀ ਪੂਰਨ 'ਸਾਧਨਾ' ਮੰਨਿਆ ਗਿਆ ਹੈ, ਜਿਸ ਲਈ 'ਉੱਚ-ਪੱਧਰ ਦੀ ਪ੍ਰਤਿਭਾ ਤੇ ਕਲਪਨਾ' ਦਾ ਹੋਣਾ ਜ਼ਰੂਰੀ ਹੁੰਦਾ ਹੈ।

ਕਲਪਨਾਤਮਿਕ ਸਿਰਜਣ ਦੀ ਆਜ਼ਾਦੀ ਕਿਸੇ ਵੀ ਰਚਨਾ ਦਾ ਪ੍ਰਮੁੱਖ ਸਰੰਚਨਾਤਮਕ ਸਿਧਾਂਤ ਹੁੰਦਾ ਹੈ। ਹਾਲਾਂਕਿ, ਸਾਹਿਤ ਵਿਚ ਸਿੱਧੀ ਕਲਪਨਾ ਵਿਰਵੀ ਹੁੰਦੀ ਹੈ। ਇਹ ਆਮ ਤੌਰ 'ਤੇ ਚੁਸਤੀ ਨਾਲ ਸਾਧੀ ਹੋਈ ਕਲਪਨਾ ਹੁੰਦੀ ਹੈ ਜਿਸ ਦੀ ਵਰਤੋਂ

ਉੱਤਮ ਕਲਾ ਕਿਰਤਾਂ ਨੂੰ ਜਨਮ ਦਿੰਦੀ ਹੈ।[11] ਜ਼ਰੂਰਤ ਇਸ ਗੱਲ ਦੀ ਹੁੰਦੀ ਹੈ ਕਿ ਕਲਪਨਾ ਦੀ ਮਦਦ ਨਾਲ ਸੰਭਾਵੀ ਘਾੜਤ ਘੜੀ ਜਾਵੇ। ਕਿਰਤ ਨੂੰ ਵਾਸਤਵਿਕਤਾ ਦੇ ਨੇੜੇ ਰੱਖਿਆ ਜਾਵੇ। ਵਸਤੂ ਵੇਰਵੇ ਇਉਂ ਜਾਪਣੇ ਚਾਹੀਦੇ ਹਨ ਜਿਵੇਂ ਉਹ ਹੁੰਦੇ ਹਨ ਨਾ ਕਿ ਜਿਵੇਂ ਕਰਤਾ ਚਾਹੁੰਦਾ ਹੈ। 'ਮਨੁੱਖ ਦਾ ਸਾਰਾ ਮਿੱਥ ਸਿਰਜਣ ਉਸ ਦੇ ਆਲੇ-ਦੁਆਲੇ ਪਸਰੇ ਯਥਾਰਥ ਨੂੰ ਸਮਝਣ-ਸਮਝਾਉਣ ਦੇ ਉਦੇਸ਼ ਤੋਂ ਹੋਇਆ ਹੈ'।[12] ਵਸਤੂਗਤ ਜਗਤ ਸਾਧਾਰਨ ਅੱਖ ਲਈ ਵੇਖਿਆ ਭਾਲਿਆ ਹੁੰਦਾ ਹੈ। ਮਨੁੱਖ ਬਾਹਰੀ ਜਗਤ ਦੀਆਂ ਦੁਸ਼ਵਾਰੀਆਂ, ਵਿਡੰਬਨਾਵਾਂ, ਜਿੱਤਾਂ-ਹਾਰਾਂ ਨੂੰ ਭੋਗਣ ਦੇ ਨਾਲ-ਨਾਲ ਬਹੁਤ ਕੁਝ ਆਪਣੇ ਮਨ ਤੇ ਵੀ ਹੰਢਾਉਂਦਾ ਹੈ। ਮਨ ਦੀ ਇਸ ਸਥਿਤੀ ਦੇ ਪ੍ਰਗਟਾਵੇ ਲਈ ਵਾਸਤਵਿਕ ਜਗਤ ਵਿਚ ਸਾਧਾਰਨ ਮਨੁੱਖ ਨੂੰ ਬਹੁਤ ਵਾਰ ਸ਼ਬਦਾਂ ਦੀ ਥੋੜ੍ਹ ਪੈ ਜਾਂਦੀ ਹੈ, ਪਰ ਸਾਹਿਤਕਾਰ ਲਈ ਸ਼ਬਦਾਂ ਦੀ ਇਹੋ ਜਿਹੀ ਕੋਈ ਬੰਦਿਸ਼ ਨਹੀਂ ਹੁੰਦੀ। ਇਸ ਲਈ ਮਨੁੱਖ ਜਿਨ੍ਹਾਂ ਦਵੰਦਾਂ ਤੇ ਦੁਚਿੱਤੀਆਂ ਨੂੰ ਮਾਨਸਿਕ ਪੱਧਰ ਤੇ ਭੋਗ ਰਿਹਾ ਹੁੰਦਾ ਹੈ, ਸ਼ਬਦਾਂ ਦਾ ਅਮਲੀ ਜਾਮਾ ਪਹਿਨ ਕੇ ਉਹ ਸਾਹਿਤ ਦਾ ਰੂਪ ਧਾਰਨ ਕਰ ਜਾਂਦੀਆਂ ਹਨ।

'ਮਨੁੱਖ ਆਪਣੇ ਆਲੇ-ਦੁਆਲੇ ਦੀ ਵਾਸਤਵਿਕਤਾ ਨੂੰ ਸਾਰਥਿਕ ਰੂਪ ਵਿਚ ਗ੍ਰਹਿਣ ਕਰਨ ਅਤੇ ਪ੍ਰਗਟਾਉਣ ਲਈ ਅਨੇਕਾਂ ਵਿਧੀਆਂ ਦੀ ਵਰਤੋਂ ਕਰਦਾ ਹੈ। ਮਿੱਥ ਅਤੇ ਕਾਵਿ ਵੀ ਯਥਾਰਥ ਦੇ ਪ੍ਰਤੱਖਣ ਤੇ ਪ੍ਰਗਟਾਵੇ ਨਾਲ ਸੰਬੰਧਿਤ ਮੌਲਿਕ ਵਿਧੀਆਂ ਹਨ। ਦੋਹਾਂ ਦੀ ਪ੍ਰਕਿਰਤੀ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਕਿਉਂ ਜੋ ਦੋਵੇਂ ਹੀ ਯਥਾਰਥ ਦੇ ਅਨੁਭਵਸ਼ੀਲ ਵੇਰਵਿਆਂ ਦੇ ਸਮੂਰਤੀਕਰਨ ਕਰਨ ਵੱਲ ਰੁਚਿਤ ਹਨ। ਰੂਪਕ, ਪ੍ਰਤੀਕ ਅਤੇ ਮਾਨਵੀਕਰਨ ਜਿਹੀਆਂ ਜੁਗਤਾਂ ਦੀ ਵਰਤੋਂ ਦੋਹਾਂ ਦੇ ਰਚਨਾ-ਸੰਗਠਨ ਵਿਚ ਗਹਿਰੀ ਸਮਾਨਤਾ ਦੀ ਸੂਚਕ ਹੈ।[13] ਯਥਾਰਥਵਾਦੀ ਗਲਪ ਵਿਚ ਮਿਥਿਕ ਸੰਰਚਨਾ ਦੀ ਹੋਂਦ ਇਸ ਦੀ ਸੰਭਾਵਿਕਤਾ ਵਿਚ ਰੋਕਾਂ ਵੀ ਪੈਦਾ ਕਰਦੀ ਹੈ ਤੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਜਿਸ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ ਨਾਰਥਰੋਪ ਫਰਾਈ ਸਥਾਨਾਂਤਰਨ (displacement) ਦਾ ਨਾਂ ਦਿੰਦਾ ਹੈ। ਸਥਾਨਾਂਤਰਨ ਤੋਂ ਉਸ ਦਾ ਭਾਵ ਉਨ੍ਹਾਂ ਤਕਨੀਕੀ ਜੁਗਤਾਂ ਤੋਂ ਹੈ ਜਿਨ੍ਹਾਂ ਦੀ ਵਰਤੋਂ ਲੇਖਕ ਆਪਣੀ ਰਚਨਾ ਨੂੰ ਪ੍ਰਮਾਣਿਕ, ਤਾਰਕਿਕ ਪ੍ਰਵਿਰਤੀ ਵਾਲੀ ਅਤੇ ਨੈਤਿਕ ਪੱਖੋਂ ਪ੍ਰਵਾਨਿਤ ਯਾਨੀ ਵਾਸਤਵਿਕ ਜੀਵਨ ਵਰਗੀ ਬਣਾਉਣ ਲਈ ਕਰਦਾ ਹੈ।[14]

ਮਨੁੱਖ ਦੀ ਦ੍ਰਿਸ਼ਟੀ ਉਸ ਦੀ ਪਰੰਪਰਾ ਤੇ ਉਸ ਦੀ ਸੰਸਕ੍ਰਿਤੀ ਦੀ ਦੇਣ ਹੁੰਦੀ ਹੈ। ਕਿਸੇ ਵੀ ਸਭਿਅਤਾ ਦੇ ਇਤਿਹਾਸਕ ਪਿਛੋਕੜ ਵਿਚ ਪਿਆ ਮਿਥਿਹਾਸ ਸਭਿਅਕ ਮਨੁੱਖੀ ਵਿਹਾਰ ਨੂੰ ਨਿਸ਼ਚਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮਿਥਿਹਾਸ ਦੀਆਂ ਤਹਿਆਂ ਵਿਚ ਵਸਿਆ ਦਰਸ਼ਨ ਹੀ ਲੰਮੇ ਇਤਿਹਾਸਕ ਕਾਲ ਵਿਚੋਂ ਦੀ ਗੁਜ਼ਰਦਾ ਹੋਇਆ ਮਾਨਵੀ ਕਦਰਾਂ ਅਤੇ ਸੰਸਕਾਰਾਂ ਦਾ ਰੂਪ ਗ੍ਰਹਿਣ ਕਰਦਾ ਹੈ। ਮਨੁੱਖੀ ਜੀਵਨ ਦੇ ਮੂਲ ਅਤੇ ਇਸ ਦੇ ਵਰਤਾਰੇ ਸੰਬੰਧੀ ਵਿਅਕਤੀ ਦਾ ਜੋ ਦ੍ਰਿਸ਼ਟੀਕੋਣ ਬਣਦਾ ਹੈ ਉਹ ਸਾਹਿਤਕਾਰ ਦੀ ਸਾਹਿਤ ਰਚਨਾ ਲਈ ਲੋੜੀਂਦੀ ਪ੍ਰਤੱਖਣ ਸ਼ਕਤੀ ਅਤੇ ਅਭਿਵਿਅਕਤ ਕਰਨ ਦੀ ਸਮਰੱਥਾ ਦਾ ਆਧਾਰ ਬਣਦਾ ਹੈ।

ਮਿੱਥ ਮਨੁੱਖ ਦੀ ਸਭਿਆਚਾਰਕ ਸਿਰਜਣਾ ਦਾ ਇਕ ਵਿਸ਼ੇਸ਼ ਰੂਪ ਵਿਧਾਨ ਹੈ। ਪਰੰਪਰਕ ਤੌਰ ਤੇ ਇਸ ਨੂੰ ਪਵਿੱਤਰ ਕਥਾ ਦੇ ਅਰਥਾਂ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿਉਂ ਜੋ ਇਸ ਦੇ ਬਿਰਤਾਂਤਿਕ ਸੰਗਠਨ ਵਿਚ ਦੈਵੀ ਸ਼ਕਤੀਆਂ ਜਾਂ ਪਰ੍ਹਾ-ਮਨੁੱਖੀ ਹੋਂਦ ਨੂੰ ਪਾਤਰ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ। ਮਿੱਥ ਦਾ ਧਰਮ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਇਹ ਆਮ ਜੀਵਨ ਵਿਚੋਂ ਹੀ ਜਨਮ ਲੈਂਦੀਆਂ ਹਨ। ਮਿੱਥ ਵਿਚ ਮਨੋਕਲਪਿਤ ਕਹਾਣੀ ਹੁੰਦੀ ਹੈ। ਮਿਥਿਕ ਕਹਾਣੀਆਂ ਦਾ ਆਧਾਰ ਮਾਨਵੀਕਰਨ ਹੈ। ਮਿੱਥ ਇਕ ਪਵਿੱਤਰ ਕਥਾ ਬਿਰਤਾਂਤ ਹੈ। ਜਿਸ ਵਿਚ ਦੈਵੀ ਜਾਂ ਪ੍ਰਾਕ੍ਰਿਤਕ ਸੱਤਾ ਦਾ ਵਿਵੇਚਨ ਹੁੰਦਾ ਹੈ। ਇਸ ਵਿਚਲੇ ਪਾਤਰ ਸਾਧਾਰਨ ਤੇ ਦੈਵੀ ਹੁੰਦੇ ਹਨ। ਮਿੱਥ ਇਕੱਲੇ ਵਿਅਕਤੀ ਦੀ ਦੇਣ ਨਹੀਂ ਸਾਰੇ ਸਮਾਜ ਦੇ ਸੰਸਕਾਰਾਂ ਦੀ ਅਭਿਵਿਅਕਤੀ ਹੈ। ਮਿੱਥ ਦਾ ਜਨਮ ਸਮਾਜਿਕ ਪ੍ਰਕਿਰਿਆ ਵਿਚੋਂ ਹੁੰਦਾ ਹੈ। ਸਾਹਿਤ ਅਤੇ ਮਿੱਥ ਦਾ ਨੇੜੇ ਦਾ ਰਿਸ਼ਤਾ ਹੈ। ਧਾਰਮਿਕ ਸਾਹਿਤ ਵਿਚ ਮਿੱਥ ਦਾ ਪ੍ਰਗਟਾ ਜ਼ਰੂਰ ਹੁੰਦਾ ਹੈ। ਧਾਰਮਿਕ ਸਾਹਿਤ ਵਿਚ ਗੁਰੂ ਸਾਹਿਬਾਨ ਮਿੱਥਾਂ ਨੂੰ ਦ੍ਰਿਸ਼ਟਾਂਤਾਂ ਵਜੋਂ ਵਰਤਦੇ ਸਨ। ਸਾਹਿਤਕ ਪੱਖ ਤੋਂ ਮਿੱਥ ਦੀ ਵਿਸ਼ੇਸ਼ ਮਹਾਨਤਾ ਹੈ। ਮਿੱਥਾਂ ਮਨੁੱਖ ਨੂੰ ਸਾਹਿਤ ਵਿਚ ਰਲ ਗੱਡ ਕਰ ਦਿੰਦੀਆਂ ਹਨ ਅਤੇ ਮਾਨਵੀ ਵਿਚਾਰਾਂ ਨੂੰ ਹੁਲਾਰਾ ਦਿੰਦੀਆਂ ਹਨ। ਡਾ. ਹਰਿਭਜਨ ਸਿੰਘ ਅਨੁਸਾਰ 'ਮਿੱਥ ਨਾ ਨਿਰੋਲ ਗੱਪ ਹੈ ਨਾ ਸਿੱਧਾ ਝੂਠ। ਇਹ ਵਾਸਤਵਿਕਤਾ ਦੀ ਨਕਲ ਵੀ ਨਹੀਂ। ਮਿੱਥਾਂ ਵਾਸਤਵਿਕਤਾ ਦਾ ਰੂਪਾਂਤਰਨ ਹਨ। ਮਿੱਥਾਂ ਦਾ ਸਿਰਜਣਹਾਰ ਆਦਿ ਮਨੁੱਖ ਅਗਿਆਨੀ ਨਹੀਂ, ਉਹ ਸੁਭਾਵਕ ਤੌਰ ਤੇ ਕਾਵਿ-ਸਿਆਣਪ ਦਾ ਧਾਰਨੀ ਹੈ। ਸਾਹਿਤ ਭਾਵੇਂ ਮੱਧ ਕਾਲ ਦਾ ਹੈ, ਭਾਵੇਂ ਆਧੁਨਿਕ, ਮਿੱਥ ਨਾਲ ਭਰਪੂਰ ਹੈ'।[15]

ਮਿੱਥ ਅਤੇ ਸਾਹਿਤ ਦੇ ਆਪਸੀ ਸੰਬੰਧ ਬਾਰੇ ਨਾਰਥਰੌਪ ਫ਼ਰਾਈ ਦੁਆਰਾ ਕੀਤਾ ਗਿਆ ਵਿਸ਼ਲੇਸ਼ਣ ਹੋਰ ਚਿੰਤਕਾਂ ਤੇ ਵਿਸ਼ਲੇਸ਼ਕਾਂ ਵੱਲੋਂ ਕੀਤੇ ਵਿਸ਼ਲੇਸ਼ਣ ਨਾਲੋਂ ਵਧੇਰੇ ਮਹੱਤਵਪੂਰਨ ਸਿੱਧ ਹੋਇਆ ਹੈ। ਫ਼ਰਾਈ ਮਿੱਥ ਨੂੰ ਸਾਹਿਤਕ ਸੰਦਰਭ ਵਿਚ ਪਰਿਭਾਸ਼ਿਤ ਕਰਦਾ ਹੋਇਆ ਇਸ ਦੇ ਸੰਰਚਨਾਤਮਿਕ ਨੇਮਾਂ ਨੂੰ ਮਾਈਥੌਸ, ਪਲਾਟ, ਬਿਰਤਾਂਤ ਆਦਿ ਦੀ ਦ੍ਰਿਸ਼ਟੀ ਤੋਂ ਪਰਖਦਾ ਹੈ। ਉਸ ਲਈ ਮਿੱਥ ਸਮੁੱਚੇ ਵਿਸ਼ਵ-ਸਾਹਿਤ ਦੀ ਆਦਿ-ਰਚਨਾ ਹੈ ਜਿਸ ਦੇ ਸੰਰਚਨਾਤਮਿਕ ਨਿਯਮ 'ਵਿਕੋਲਿਤਰੇ' ਰੂਪ ਵਿਚ ਮਿੱਥ ਵਿਚ ਪਏ ਵੇਖੇ ਜਾ ਸਕਦੇ ਹਨ ਅਤੇ ਮਿਥਿਕ ਰਚਨਾ ਹੀ ਕਾਰਜਸ਼ੀਲਤਾ ਗ੍ਰਹਿਣ ਕਰਕੇ ਸਾਹਿਤਕ ਰਚਨਾ ਬਣਦੀ ਹੈ।[16] ਫ਼ਰਾਈ ਮਿੱਥ ਨੂੰ ਬਿਰਤਾਂਤ ਰਚਨਾਵਾਂ ਦੇ ਆਦਿ-ਰੂਪ (archetype) ਵਜੋਂ ਵਿਸ਼ਲੇਸ਼ਿਤ ਕਰਦਾ ਹੈ। ਜਿਵੇਂ ਸਾਹਿਤਕ ਕਿਰਤਾਂ ਵਿਚ ਵਸਤੂ ਤੇ ਰੂਪ ਦਾ ਆਪਣਾ-ਆਪਣਾ ਮਹੱਤਵ ਹੁੰਦਾ ਹੈ ਤਿਵੇਂ ਹੀ ਮਿਥਿਕ ਬਿਰਤਾਂਤ ਵੀ ਵਸਤੂ ਤੇ ਰੂਪ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਦਾ ਧਾਰਨੀ ਹੁੰਦਾ ਹੈ। ਮਿਥਿਹਾਸ ਜਿੱਥੇ ਸਾਹਿਤਕ ਵਸਤੂ ਨੂੰ ਪ੍ਰਭਾਵਿਤ ਅਤੇ ਨਿਰਧਾਰਿਤ ਕਰਦਾ ਹੈ ਉੱਥੇ ਇਸ ਦੇ ਰੂਪ ਦੀ ਘਾੜਤ ਵਿਚ ਵੀ ਸਹਾਈ ਹੁੰਦਾ ਹੈ। ਮਿਥਿਕ ਸੰਰਚਨਾ ਵਸਤੂ ਤੇ ਰੂਪ ਦਾ ਸੁਮੇਲ ਹੁੰਦੀ ਹੈ। ਇਉਂ ਮਿਥਿਹਾਸ ਸਾਹਿਤ ਦਾ ਸੋਮਾ (matrix) ਵੀ ਬਣਦਾ ਹੈ ਤੇ ਇਸ ਨੂੰ ਰੂਪ ਰੇਖਾ (outline) ਵੀ ਪ੍ਰਦਾਨ ਕਰਦਾ ਹੈ। ਮਿੱਥਾਂ ਦੀ ਸ਼ਕਲ ਵਿਚ ਸਮੁੱਚੀ ਜ਼ੁਬਾਨੀ ਅਭਿਵਿਅਕਤੀ ਸਾਹਿਤ ਦਾ ਸਰੋਤ ਬਣਦੀ ਹੈ।[17]

ਮਿੱਥ ਸਾਹਿਤ ਨੂੰ ਇਕ ਅਜਿਹਾ ਸਾਂਚਾ ਉਪਲਬਧ ਕਰਵਾਉਂਦੀ ਹੈ ਜਿਸ ਵਿਚ ਪੈ ਕੇ ਸਾਹਿਤ ਇਤਿਹਾਸਕ ਤੇ ਮਨੋਵਿਗਿਆਨਕ ਦੋਹਾਂ ਧਰਾਤਲਾਂ ਤੇ ਉੱਸਰਦਾ ਹੈ। ਸਾਹਿਤ ਦੇ ਪ੍ਰਮੁੱਖ ਤੱਤ ਪਲਾਟ, ਚਰਿੱਤਰ, ਵਿਸ਼ੇ ਤੇ ਬਿੰਬ ਆਦਿ ਦੀਆਂ ਜਟਿਲਤਾਵਾਂ ਅਤੇ ਵਿਸਥਾਪਨ ਮਿੱਥ ਵਰਗੇ ਹੀ ਹੁੰਦੇ ਹਨ।[18] ਮੂਲ ਰੂਪ ਵਿਚ ਮਿੱਥਕਾਰੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੇ ਉੱਤਰ ਵਜੋਂ ਉਸ ਦੀ ਮਾਨਸਿਕਤਾ ਵਿਚ ਵਿਰਸੇ ਤੋਂ ਮਿਲੀ ਇਕ ਸੋਚ ਪ੍ਰਕ੍ਰਿਆ ਵਜੋਂ ਉੱਭਰਦੀ ਹੈ ਜੋ ਅੱਗੋਂ ਸਾਹਿਤ ਸਿਰਜਣ ਵੱਲ ਅਗਰਸਰ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਮੈਲੀਨੋਵਸਕੀ ਨੂੰ ਮਿੱਥਾਂ ਵਿਚ ਭਵਿੱਖਤ ਮਹਾਂਕਾਵਿ, ਰੁਮਾਂਸ ਤੇ ਤ੍ਰਾਸਦੀ ਦੀ ਮੂਲ ਸਮਗਰੀ ਦ੍ਰਿਸ਼ਟੀਗੋਚਰ ਹੋਣ ਲਗਦੀ ਹੈ।[19]

ਮਿੱਥ ਅਤੇ ਸਾਹਿਤ ਵਿਚ ਸਾਂਝ ਦਾ ਮੁੱਢਲਾ ਆਧਾਰ ਇਨ੍ਹਾਂ ਦੇ ਸਮਾਜਕ ਤੇ ਮਾਨਵ ਸਿਰਜਿਤ ਹੋਣ ਵਿਚ ਸ਼ਾਮਲ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਪ੍ਰਕਿਰਤਿਕ ਜੀਵਾਂ ਤੋਂ ਇਸ ਦੀ ਵੱਖਰਤਾ ਇਸ ਦੀ ਬੁੱਧੀ ਨਿਰਧਾਰਿਤ ਕਰਦੀ ਹੈ। ਡਾਰਵਿਨ ਦੇ ਸਿਧਾਂਤ ਅਨੁਸਾਰ ਮਨੁੱਖ ਵਿਕਾਸ ਪ੍ਰਕਿਰਿਆ ਵਿਚ ਪੈਣ ਕਰਕੇ ਆਪਣੇ ਸਮਾਜ, ਸਮਾਜਕ ਮੁੱਲਾਂ ਤੇ ਕਦਰਾਂ-ਕੀਮਤਾਂ ਨੂੰ ਘੜਦਾ ਰਿਹਾ ਤੇ ਆਪਣੀ ਸਮਾਜਿਕਤਾ ਨੂੰ ਪਰਪੱਕ ਕਰਦੇ ਹੋਏ ਅਜਿਹਾ ਸਾਂਸਕ੍ਰਿਤਿਕ ਜੀਵ ਬਣਿਆ ਜੋ ਬਾਕੀ ਜੀਵਾਂ ਤੇ ਆਪਣੀ ਪ੍ਰਭੁਤਾ ਤੇ ਸਰੇਸ਼ਟਤਾ ਨੂੰ ਕਾਇਮ ਕਰਨ ਵਿਚ ਸਫਲ ਹੋਇਆ। ਮੁੱਢਲੇ ਦੌਰ ਵਿਚ ਆਦਿ-ਮਾਨਵ ਦੀ ਬਾਕੀ ਜੀਵਾਂ ਵਾਂਗ ਆਪਣੇ ਆਪ ਤੇ ਤਾਂ ਪੂਰੀ ਪਕੜ ਸੀ ਪਰੰਤੂ ਸਵੈ ਤੋਂ ਬਾਹਰਾ ਜੋ ਉਸ ਦੀ ਪਕੜ ਵਿਚ ਨਹੀਂ ਸੀ ਉਸ ਪ੍ਰਤੀ ਉਸ ਦਾ ਭੈਅ-ਭੀਤ ਨਜ਼ਰੀਆ ਵੀ ਉਸ ਦੀ ਬੁੱਧੀ ਦਾ ਸਹਿਜ ਵਰਤਾਰਾ ਸੀ। ਸਵੈ ਤੇ ਬਾਹਰੀ ਰਹੱਸਾਤਮਿਕ ਸ਼ਕਤੀਆਂ ਵਿਚ ਸੰਤੁਲਨ ਕਾਇਮ ਕਰਨ ਲਈ ਉਸ ਨੇ ਸਵੈ ਨਾਲ ਸੰਵਾਦ ਸਥਾਪਿਤ ਕੀਤਾ। ਇਸ ਸੰਵਾਦ ਨੇ ਉਸ ਅੰਦਰ ਨਵੇਂ ਅਹਿਸਾਸਾਂ ਨੂੰ ਜਨਮ ਦਿੱਤਾ ਤੇ ਇਨ੍ਹਾਂ ਅਹਿਸਾਸਾਂ ਕਾਰਨ ਉਪਜੀ ਮਾਨਸਿਕ ਉਥਲ-ਪੁਥਲ ਨੇ ਮਿੱਥ ਦੇ ਉਥਾਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। 'ਮਿੱਥ ਉਨ੍ਹਾਂ ਮਨੁੱਖੀ ਸਮੱਸਿਆਵਾਂ ਨੂੰ ਕਥਾਤਮਕ ਮਾਧਿਅਮ ਰਾਹੀਂ ਸਮਝਣ, ਸਮਝਾਉਣ ਦਾ ਸਮੂਹਿਕ ਯਤਨ ਹੈ, ਜੋ ਵੱਖ-ਵੱਖ ਸਮਾਜਿਕ, ਭੂਗੋਲਿਕ, ਇਤਿਹਾਸਕ, ਪਦਾਰਥਕ ਪਰਿਸਥਿਤੀਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਨੂੰ ਦਰਪੇਸ਼ ਆਉਂਦੀਆਂ ਰਹੀਆਂ ਹਨ'।[20]

ਵਾਸਤਵ ਵਿਚ ਮਾਨਵੀ ਚੇਤਨਾ ਦਾ ਵਿਕਾਸ ਬ੍ਰਹਿਮੰਡ ਵਿਚ ਵਾਪਰਨ ਵਾਲਾ ਕ੍ਰਾਂਤੀਕਾਰੀ ਵਰਤਾਰਾ ਹੈ। ਇਸ ਵਰਤਾਰੇ ਦੇ ਹੋਂਦ ਵਿਚ ਆਉਣ ਨਾਲ ਹੀ ਮਨੁੱਖੀ ਜੀਵਨ ਨਵੀਆਂ ਖੋਜਾਂ ਤੇ ਕ੍ਰਾਂਤੀਆਂ ਦੇ ਨਕਸ਼ ਉਲੀਕਣ ਦੇ ਸਮਰੱਥ ਬਣਿਆ। ਖੋਜਾਂ ਤੇ ਕ੍ਰਾਂਤੀਆਂ ਮਨੁੱਖ ਦੇ ਬੌਧਿਕ ਵਿਕਾਸ ਵਿਚ ਵਾਪਰ ਰਹੇ ਪਰਿਵਰਤਨ ਦੀਆਂ ਗਵਾਹ ਬਣਦੀਆਂ ਹਨ ਪਰੰਤੂ ਇਸ ਦੇ ਨਾਲ ਹੀ ਉਸ ਅੰਦਰ ਪ੍ਰਕਿਰਤੀ ਦੀ ਸੁੰਦਰਤਾ ਨੂੰ ਮਾਣਨ ਦੀ ਇੱਛਾ ਇਸ ਵਿਕਾਸ ਕਾਰਜ ਦੀ ਪ੍ਰਕਿਰਿਆ ਦਾ ਅਹਿਮ ਹਿੱਸਾ ਬਣੀ ਰਹੀ ਤੇ ਇਸ ਸੌਂਦਰਯ-ਬੋਧ ਨੇ ਕਲਾ ਨੂੰ ਜਨਮ ਦਿੱਤਾ। ਮੂਰਤੀ-ਕਲਾ, ਚਿੱਤਰਕਾਰੀ, ਸੰਗੀਤ-ਕਲਾ, ਨਾਟ-ਕਲਾ ਤੇ ਸਾਹਿਤ ਮਨੁੱਖ ਦੁਆਰਾ ਸਿਰਜਿਤ ਉਹ ਕਲਾਵਾਂ ਹਨ, ਜਿਸ ਰਾਹੀਂ ਉਸ ਨੇ ਪਹਿਲੀ ਵਾਰ ਜੀਵਨ ਦੀ ਵਾਸਤਵਿਕਤਾ ਦਾ ਕਲਪਨਾ ਨਾਲ ਮੇਲ ਕਰਕੇ ਆਪਣੀਆਂ ਭਾਵਨਾਵਾਂ ਦੀ ਸੰਤੁਸ਼ਟੀ ਹਿਤ ਇਨ੍ਹਾਂ ਰੂਪਾਂ ਨੂੰ ਹੋਰ ਪ੍ਰਮਾਣਿਕਤਾ ਬਖ਼ਸ਼ੀ। ਇਸ ਤਰ੍ਹਾਂ ਇਹ

ਕਲਾਵਾਂ ਮਨੁੱਖੀ ਮਨ ਦੀ ਸੁਹਜਾਤਮਿਕ ਅਭਿਵਿਅਕਤੀ ਦਾ ਪ੍ਰਮੁੱਖ ਸਾਧਨ ਹੋ ਨਿੱਬੜੀਆਂ। ਕਲਾ ਦੇ ਇਨ੍ਹਾਂ ਰੂਪਾਂ ਵਿਚ ਪ੍ਰਗਟਾਵੇ ਦੇ ਮਾਧਿਅਮ ਅਤੇ ਜੁਗਤਾਂ ਵਿਚਲੀ ਵੱਖਰਤਾ ਨੇ ਇਨ੍ਹਾਂ ਨੂੰ ਅਲੱਗ ਤੇ ਸੁਤੰਤਰ ਰੂਪ ਦਿੱਤਾ। ਨਿਰਸੰਦੇਹ, ਸਾਰੇ ਕਲਾ ਰੂਪਾਂ ਵਿਚੋਂ ਸਾਹਿਤ ਨੂੰ ਲੋਕ-ਮਨ ਦੀ ਪ੍ਰਵਾਨਗੀ ਸਭ ਤੋਂ ਵਧੇਰੇ ਹਾਸਿਲ ਹੋਈ ਹੈ।

ਲੋਕ ਸਾਹਿਤ ਵਿਚਲਾ ਸਮੂਹਿਕਤਾ ਦਾ ਲੱਛਣ ਅਤੇ ਲੋਕ ਮਨ ਦੀ ਅਭਿਵਿਅਕਤੀ ਇਸ ਨੂੰ ਸਾਹਿਤਕਾਰਾਂ ਵਿਚ ਬੇਹੱਦ ਮਕਬੂਲ ਬਣਾਉਂਦੀ ਹੈ। ਲੋਕ ਸਾਹਿਤ ਜਾਂ ਲੋਕ-ਕਥਾ ਦੀ ਤਰ੍ਹਾਂ ਹੀ ਮਿੱਥ ਵੀ ਗਲਪ ਲੇਖਕ ਨੂੰ ਲਭਾਉਂਦੀ ਤੇ ਆਪਣੇ ਵੱਲ ਖਿੱਚਦੀ ਹੈ। ਸ਼ਾਇਦ ਇਸ ਦੀ ਵਜ੍ਹਾ ਇਹ ਹੈ ਕਿ ਮਿੱਥ ਗਲਪਕਾਰ ਨੂੰ ਬਣਿਆ ਬਣਾਇਆ ਢਾਂਚਾ ਵੀ ਪ੍ਰਦਾਨ ਕਰਦੀ ਹੈ ਤੇ ਪ੍ਰਾਚੀਨ ਖ਼ਜ਼ਾਨੇ ਦੀ ਭਰਪੂਰਤਾ ਵੀ। ਇਸ ਨਾਲ ਲੇਖਕ ਨੂੰ ਆਪਣਾ ਸਾਰਾ ਧਿਆਨ ਆਪਣੇ ਮਨੋਰਥ ਦੀ ਪੂਰਤੀ ਲਈ ਵਿਉਂਤ ਬਣਾਉਣ ਉੱਤੇ ਲਾਉਣ ਦੀ ਖੁੱਲ੍ਹ ਮਿਲ ਜਾਂਦੀ ਹੈ। ਲੋਕ-ਕਥਾ ਦੇ ਟਾਕਰੇ ਮਿੱਥ ਵਿਚਲੀ ਗੰਭੀਰਤਾ, ਪਰੰਪਰਾ ਨੂੰ ਨਾਲ ਲੈ ਕੇ ਚੱਲਣ ਦੀ ਵਿਸ਼ੇਸ਼ਤਾ ਅਤੇ ਵਾਸਤਵਿਕਤਾ ਦਾ ਭਰਮ ਪੈਦਾ ਕਰਨ ਦੀ ਵਿਲੱਖਣਤਾ ਇਸ ਨੂੰ ਸਾਹਿਤਕ ਰਚਨਾ ਦਾ ਮਹੱਤਵਪੂਰਨ ਸਹਿਯੋਗੀ ਤੱਤ ਬਣਾ ਦਿੰਦੀ ਹੈ।[21] ਆਮ ਆਲੋਚਕ ਮਿੱਥ ਦਾ ਮੁੱਲ ਇਸ ਵਿਚਲੀ ਮਨੁੱਖੀ ਅਨੁਭਵ ਨੂੰ ਪੇਸ਼ ਕਰਨ ਵਾਲੀ ਸੁਤੰਤਰ ਸਵੈ-ਇੱਛਾ, ਸਮੂਹਿਕਤਾ, ਵਿਸ਼ਵ ਵਿਆਪਕਤਾ ਅਤੇ ਸਮੇਂ ਤੋਂ ਪਾਰ ਜਾ ਸਕਣ ਦੀ ਸਮਰੱਥਾ ਕਾਰਨ ਪਾਉਂਦੇ ਹਨ।[22]

ਮਾਨਵੀ ਚੇਤਨਾ ਚੇਤਨ, ਅਰਧ ਚੇਤਨ ਅਤੇ ਅਵਚੇਤਨ ਦੀ ਪੱਧਰ ਤੇ ਸਮਾਜਕ ਸਥਿਤੀਆਂ-ਪਰਿਸਥਿਤੀਆਂ ਨੂੰ ਗ੍ਰਹਿਣ ਕਰਦੀ ਹੈ ਤੇ ਜਦ ਇਹ ਸਥਿਤੀਆਂ-ਪਰਿਸਥਿਤੀਆਂ ਸੰਵੇਦਨਾ ਤੇ ਸੁਹਜ ਨਾਲ ਲਬਰੇਜ਼ ਹੋ ਕੇ ਲਿਖਤ-ਪ੍ਰਬੰਧ ਵਿਚ ਪੈਂਦੀਆਂ ਹਨ ਤਾਂ ਸਾਹਿਤ ਅਖਵਾਉਂਦੀਆਂ ਹਨ। ਸਾਹਿਤਕਾਰ ਵਸਤੂਗਤ ਜਗਤ ਤੋਂ ਆਪਣੇ ਅਨੁਭਵਾਂ ਦੇ ਜ਼ਰੀਏ ਜੋ ਕੁਝ ਗ੍ਰਹਿਣ ਕਰਦਾ ਹੈ ਉਸ ਨੂੰ ਸਿਰਜਣਾ ਦੇ ਅਮਲ ਵਿਚ ਪਾ ਕੇ ਉਹ ਸਮਾਜ ਨੂੰ ਵਾਪਸ ਦੇ ਦਿੰਦਾ ਹੈ। 'ਸਿਰਜਣਾ ਦੇ ਦੁਰਲੱਭ ਛਿਣਾਂ ਸਮੇਂ ਅਨੁਭਵ ਤੇ ਅਭਿਵਿਅਕਤੀ ਨਾਲੋ-ਨਾਲ ਚਲਦੇ ਹਨ।[23]

ਸਾਹਿਤ ਸਿਰਫ਼ ਮਨੁੱਖੀ ਹੋਣੀਆਂ, ਘਾਟਾਂ, ਦੁਸ਼ਵਾਰੀਆਂ, ਤ੍ਰਾਸਦੀਆਂ ਜਾਂ ਸੰਸਕ੍ਰਿਤੀ ਦੇ ਨਿਰਮਾਣ ਦਾ ਦਸਤਾਵੇਜ਼ ਮਾਤਰ ਨਹੀਂ ਹੁੰਦਾ, ਬਲਕਿ ਮਨੁੱਖੀ ਸਭਿਅਤਾ ਨੇ ਆਪਣੇ ਹੌਸਲੇ ਦੇ ਦਮ 'ਤੇ ਜੀਵਨ ਤੇ ਜਗਤ ਵਿਚ ਜੋ ਬਦਲਾਅ ਲਿਆਂਦੇ, ਉਨ੍ਹਾਂ ਬਦਲਾਵਾਂ ਤੇ ਪ੍ਰਾਪਤੀਆਂ ਦੇ ਇਤਿਹਾਸਕ ਸੰਘਰਸ਼ ਤੇ ਕਿਰਿਆਵਾਂ ਪ੍ਰਤੀਕ੍ਰਿਆਵਾਂ ਦਾ ਪ੍ਰਮਾਣਿਕ ਲੇਖਾ ਜੋਖਾ ਵੀ ਹੁੰਦਾ ਹੈ। ਸਾਹਿਤ ਮਨੁੱਖ ਦੇ ਸਮੁੱਚੇ ਵਿਅਕਤਿਤਵ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ ਤੇ ਮਨੁੱਖੀ ਜੀਵਨ ਤੇ ਵਿਹਾਰ ਦੀ ਅਜਿਹੀ ਨਿਰਪੱਖ ਪੇਸ਼ਕਾਰੀ ਤੋਂ ਉਪਜੇ ਗਿਆਨ ਸਦਕਾ ਅਨੰਦ ਪ੍ਰਾਪਤੀ ਦਾ ਪ੍ਰਮੁੱਖ ਸੋਮਾ ਬਣ ਕੇ ਉੱਘੜਦਾ ਹੈ। ਅਰਸਤੂ ਸਾਹਿਤ ਦਾ ਪ੍ਰਯੋਜਨ ਸਿੱਖਿਆ ਦੇ ਨਾਲ-ਨਾਲ ਅਨੰਦ ਦੇਣ ਨੂੰ ਮੰਨਦਾ ਹੈ।[24] ਅਨੰਦ ਜਾਣੇ ਪਛਾਣੇ ਨੂੰ ਮੁੜ ਪਛਾਣ ਲੈਣ ਦਾ ਹੁੰਦਾ ਹੈ। ਇਹ ਕਿਸੇ ਰਹੱਸ ਦੇ ਖੁੱਲ੍ਹਣ ਦਾ ਵੀ ਹੋ ਸਕਦਾ ਹੈ ਤੇ ਗਿਆਨ ਪ੍ਰਾਪਤੀ ਦਾ ਵੀ। ਨਾਰਥਰੌਪ ਫ਼ਰਾਈ ਇਸ ਨੂੰ ਖੋਜ (point of discovery) ਜਾਂ ਪਛਾਣ ਦਾ ਨੁਕਤਾ (point of recognition) ਕਹਿੰਦਾ ਹੈ।[25]

ਅਨੰਦ ਪ੍ਰਾਪਤੀ ਦੇ ਪ੍ਰਕਾਰਜ ਨੂੰ ਨਿਭਾਉਂਦੇ ਹੋਏ ਸਾਹਿਤ ਕਦੀ ਵੀ ਨਿਰੋਲ ਕਾਲਪਨਿਕ ਕਿਰਤ ਨਹੀਂ ਬਣਦਾ। ਬਲਕਿ, ਸਤਿ ਦੀ ਅਭਿਵਿਅਕਤੀ ਸਾਹਿਤ ਦੀ ਜੀਵਤ ਹੋਂਦ ਦਾ ਸਦਾ ਆਧਾਰ ਰਹੀ ਹੈ। ਸਾਹਿਤ ਦੇ ਵਿਭਿੰਨ ਰੂਪਾਕਾਰ ਤੇ ਵਿਧਾਵਾਂ ਵਿਚ ਕਲਪਨਾ ਦੇ ਨਾਲ ਯਥਾਰਥ ਦੀ ਪੇਸ਼ਕਾਰੀ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹਮੇਸ਼ਾਂ ਕਾਰਜਸ਼ੀਲ ਰਹੀ ਹੈ।

ਪੂਰਵ ਇਤਿਹਾਸਕ ਕਾਲ ਵਿਚ ਮਨੁੱਖ ਨੇ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਇਕ ਐਸਾ ਮਿਥਿਕ ਪ੍ਰਬੰਧ ਸਿਰਜ ਲਿਆ ਜਿਸ ਦਾ ਮਨੁੱਖੀ ਜੀਵਨ ਦੇ ਬੁਨਿਆਦੀ ਯਥਾਰਥ ਦੁੱਖ ਅਤੇ ਮੌਤ ਉੱਤੇ ਕਾਬੂ ਪਾਉਣ ਨਾਲ ਗਹਿਰਾ ਸੰਬੰਧ ਰਿਹਾ ਹੈ। ਸਮਕਾਲੀ ਯਥਾਰਥ ਦੀ ਪ੍ਰਕਿਰਤੀ ਨੂੰ ਪਛਾਣਨਾ ਅਤੇ ਉਸ ਦੀਆਂ ਤਹਿਆਂ ਵਿਚ ਪਏ ਸੱਚ ਦੇ ਵਿਭਿੰਨ ਪਾਸਾਰਾਂ ਨੂੰ ਖੋਲ੍ਹਣਾ ਮਿੱਥ ਰਚਨਾ ਦੀ ਵਿਧੀ ਹੈ। ਪ੍ਰਮਾਣਿਕ ਮਿੱਥ ਸਿਰਜਣ ਮਿੱਥਾਂ ਨੂੰ ਗ੍ਰਹਿਣ ਕਰਨ ਕਰਕੇ 'ਪਰੰਪਰਾ ਮੁੱਖ' ਹੁੰਦਾ ਹੈ ਤੇ ਉਨ੍ਹਾਂ ਨੂੰ ਵਿਸਤਾਰਨ ਕਰਕੇ 'ਆਧੁਨਿਕ'। ਸਮਕਾਲ ਦੇ ਮਸਲਿਆਂ ਦੇ ਨਾਲ-ਨਾਲ 'ਇਤਿਹਾਸਕ ਪ੍ਰਸੰਗ' ਵੀ 'ਸਾਹਿਤ-ਰਚਨਾ ਦਾ ਇਕ ਲਾਜ਼ਮੀ ਪਾਸਾਰ' ਹੁੰਦਾ ਹੈ ਜੋ ਸਾਹਿਤ ਸਿਰਜਣ ਨੂੰ ਪ੍ਰਮਾਣਿਕਤਾ ਬਖ਼ਸ਼ਦਾ ਹੈ।[26]

ਨਿਰਸੰਦੇਹ, ਸਾਹਿਤ ਦੇ ਸੰਰਚਨਾਤਮਿਕ ਸਿਧਾਂਤ ਅਤੇ ਸਾਹਿਤਕ ਵਿਧਾਵਾਂ ਦੇ ਬੀਜ ਰੂਪ ਮਿੱਥਾਂ ਵਿਚ ਸਪਸ਼ਟ ਵੇਖੇ ਜਾ ਸਕਦੇ ਹਨ ਪਰੰਤੂ, ਇਨ੍ਹਾਂ ਦੇ ਸਾਹਿਤਕ ਰੂਪਾਂਤਰਨ ਦੀ ਪ੍ਰਕ੍ਰਿਆ ਨੂੰ ਸਮਝਣ ਲਈ ਭਾਰਤੀ ਤੇ ਪੰਜਾਬੀ ਸਾਹਿਤਕ ਵਿਕਾਸ, ਵਿਸ਼ੇਸ਼ ਕਰਕੇ ਕਲਾਸਕੀ ਸਾਹਿਤ ਤੇ ਝਾਤ ਪਾਉਣੀ ਲਾਜ਼ਮੀ ਹੋ ਜਾਂਦੀ ਹੈ। ਹਰੇਕ ਭਾਸ਼ਾ ਦੇ ਸਾਹਿਤ ਦਾ ਮੂਲ ਸਰੋਤ ਮਿਥਿਹਾਸ ਨੂੰ ਮੰਨਿਆ ਜਾਂਦਾ ਹੈ ਅਤੇ ਲਗਭਗ ਸਾਰੇ ਹੀ ਪ੍ਰਮਾਣਿਕ ਸਾਹਿਤ ਦੀ ਉਸਾਰੀ ਮਿੱਥਾਂ ਤੇ ਆਧਾਰਿਤ ਵੇਖੀ ਜਾ ਸਕਦੀ ਹੈ। ਅਜੋਕੇ ਸਮੇਂ ਵਿਚ ਵੀ ਸਾਹਿਤਕਾਰ ਮਿਥਿਕ ਸਰੋਤਾਂ ਵੱਲ ਵਿਸ਼ੇਸ਼ ਤੌਰ ਤੇ ਰੁਚਿਤ ਨਜ਼ਰੀਂ ਆਉਂਦੇ ਹਨ। ਰੂੜ੍ਹ ਹੋ ਚੁੱਕੇ ਅਰਥਾਂ ਨੂੰ ਨਵੇਂ ਪ੍ਰਸੰਗ ਵਿਚ ਅਰਥ ਭਰਪੂਰ ਬਣਾਉਣ ਲਈ ਸਿੱਧੇ ਜਾਂ ਅਸਿੱਧੇ ਢੰਗ ਨਾਲ ਮਿੱਥਾਂ ਦਾ ਰੂਪਾਂਤਰਨ ਹੋ ਰਿਹਾ ਹੈ। ਆਧੁਨਿਕ ਸਮਾਂ ਗਿਆਨ, ਵਿਗਿਆਨ, ਤਰਕ, ਵਿਵੇਕ, ਬੌਧਿਕਤਾ ਤੇ ਤਕਨੀਕੀ ਕ੍ਰਾਂਤੀ ਦਾ ਸਮਾਂ ਹੈ। ਬਾਜ਼ਾਰਵਾਦ ਅਤੇ ਵਿਸ਼ਵੀਕਰਨ ਨੇ ਜਿੱਥੇ ਢਾਂਚਾਗਤ ਵਿਕਾਸ ਅਤੇ ਨਵੇਂ ਗਿਆਨ ਦੀ ਰੌਸ਼ਨੀ ਦੇ ਫੈਲਾਓ ਵਿਚ ਵੱਡਾ ਯੋਗਦਾਨ ਪਾਇਆ ਹੈ ਉੱਥੇ ਸਮਾਜਿਕ-ਸਾਂਸਕ੍ਰਿਤਿਕ ਤੇ ਭਾਵਨਾਤਮਕ ਮੁੱਲਾਂ ਨੂੰ ਜ਼ਬਰਦਸਤ ਢਾਹ ਵੀ ਲਾਈ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਅੱਜ ਮਾਨਵਵਾਦੀ ਪਹੁੰਚ ਦੇ ਹਾਮੀ ਸੰਵੇਦਨਸ਼ੀਲ ਚਿੰਤਕ ਸੰਸਕਾਰਾਂ ਅਤੇ ਮਾਨਵੀ ਮੁੱਲਾਂ ਦੇ ਪੁਨਰ-ਉਥਾਨ ਵਿਚ ਵਧੇਰੇ ਰੁਚੀ ਲੈ ਰਹੇ ਹਨ। ਹਰ ਸਾਹਿਤਕਾਰ ਮਿੱਥ ਦੀ ਪੇਸ਼ਕਾਰੀ ਆਪਣੇ ਦ੍ਰਿਸ਼ਟੀਕੋਣ ਤੋਂ ਕਰਦਾ ਹੈ। ਉਹ ਉਸ ਦੀਆਂ ਪਰੰਪਰਾਗਤ ਸਥਾਪਨਾਵਾਂ ਨੂੰ ਦੁਹਰਾਉਣ ਦੀ ਥਾਂ ਆਪਣੇ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਭਾਰਤੀ ਸਾਹਿਤ ਦੇ ਮੁੱਢਲੇ ਰੂਪ ਵੇਦ, ਪੁਰਾਣ, ਉਪਨਿਸ਼ਦ, ਮਹਾਂਕਾਵਿ ਸਾਹਿਤ ਦੇ ਉਗਮਣ ਤੇ ਵਿਗਸਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਰਾਮਾਇਣ ਤੇ ਮਹਾਂਭਾਰਤ ਜਿਹੇ ਮਹਾਂ ਬਿਰਤਾਂਤ ਦਾ ਕਥਾ-ਉਸਾਰ ਮਿਥਿਹਾਸ ਤੇ ਟਿਕਿਆ ਹੋਇਆ ਹੈ। ਇਹ ਭਾਰਤੀ ਮਿਥਿਹਾਸ ਦਾ ਐਸਾ ਅਨਮੋਲ ਖ਼ਜ਼ਾਨਾ ਹਨ ਜਿਨ੍ਹਾਂ ਰਾਹੀਂ ਸਮਾਜ ਦੀ ਬਣਤਰ, ਰਿਸ਼ਤਾ-ਨਾਤਾ ਪ੍ਰਬੰਧ ਤੇ ਮਨੁੱਖੀ ਆਚਾਰ-ਵਿਹਾਰ ਸੁਨਿਸ਼ਚਿਤ ਹੋਇਆ ਹੈ। ਇਹ ਮਿਥਿਕ ਪਰੰਪਰਾ ਰੂਪਾਂਤਰਨ ਦੀ ਪ੍ਰਕ੍ਰਿਆ ਵਿਚੋਂ ਗੁਜ਼ਰਦੀ ਹੋਈ ਮਧਕਾਲੀ ਸਾਹਿਤ ਤੇ

ਆਧੁਨਿਕ ਸਾਹਿਤ ਦਾ ਮੂਲ ਬਣਦੀ ਹੈ। ਮੱਧਕਾਲ ਦੀਆਂ ਪ੍ਰਮੁੱਖ ਸਾਹਿਤਕ ਧਾਰਾਵਾਂ ਜਿਵੇਂ ਸੂਫ਼ੀ ਕਾਵਿ-ਧਾਰਾ, ਬੀਰ ਕਾਵਿ-ਧਾਰਾ, ਕਿੱਸਾ ਕਾਵਿ-ਧਾਰਾ ਅਤੇ ਗੁਰਮਤਿ ਕਾਵਿ-ਧਾਰਾ ਵਿਚ ਮਿੱਥਾਂ ਦੀ ਵਰਤੋਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਰੂੜ੍ਹ ਹੋ ਚੁੱਕੀਆਂ ਮਿੱਥਾਂ ਦੀ ਨਵੇਂ ਅਰਥਾਂ ਦੇ ਸੰਚਾਰ ਲਈ ਕੀਤੀ ਗਈ ਵਰਤੋਂ ਮੱਧਕਾਲ ਦੇ ਸਾਹਿਤ ਦੀ ਵਿਸ਼ੇਸ਼ਤਾ ਹੈ। ਧੌਲੁ ਧਰਮੁ ਦਇਆ ਕਾ ਪੂਤੁ॥ ਜਾਂ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸਤੇ ਭਾਰੁ ਤਲੈ ਕਵਣੁ ਜੋਰੁ॥ ਰਾਹੀਂ ਗੁਰੂ ਨਾਨਕ ਦੇਵ ਜੀ ਧਰਤੀ ਦਾ ਸਾਰਾ ਭਾਰ ਬਲਦ ਦੇ ਸਿੰਗਾਂ ਉੱਤੇ ਚੁੱਕਿਆ ਹੋਣ ਦੀ ਮਿੱਥ ਦੇ ਹਵਾਲੇ ਨਾਲ ਇਸ ਵਿਗਿਆਨਕ ਤੱਥ ਦੀ ਸੋਝੀ ਕਰਵਾਉਣ ਦਾ ਯਤਨ ਕਰਦੇ ਹਨ ਕਿ ਜਿੱਥੇ ਬ੍ਰਹਿਮੰਡਕ ਵਰਤਾਰੇ ਵਿਚ ਇਕ ਤੋਂ ਵਧੇਰੇ ਧਰਤੀਆਂ ਹਨ ਉੱਥੇ ਧੌਲੁ ਜਾਂ ਬਲਦ ਮਨੁੱਖਤਾ ਦੇ ਧਰਮ ਦਾ ਸਮੂਰਤਨ ਪ੍ਰਤੀਕ ਹੈ। ਸਮੂਹਿਕ ਲੋਕ ਮਾਨਸਿਕਤਾ ਵਿਚ ਘਰ ਕਰ ਚੁੱਕੇ ਵਿਸ਼ਵਾਸ ਨੂੰ ਵਿਗਿਆਨਕ ਲੀਹਾਂ ਵੱਲ ਮੋੜਨ ਦਾ ਇਹ ਇਕ ਚੇਤੰਨ ਯਤਨ ਹੈ। ਉਂਜ ਇਹ ਧਾਰਨਾ ਇਸ ਗੱਲ ਦਾ ਪ੍ਰਮਾਣ ਵੀ ਹੈ ਕਿ ਮਨੁੱਖੀ ਸੂਝ ਮਿੱਥਾਂ ਦਾ ਸਿਰਜਣ ਪਹਿਲਾਂ ਕਰਦੀ ਹੈ ਤੇ ਵਿਗਿਆਨਕ ਖੋਜ ਇਸ ਦੀ ਤੱਥਾਤਮਕ ਸਥਿਤੀ ਤੱਕ ਪਹੁੰਚਣ ਤੋਂ ਪਹਿਲਾਂ ਮਿਥਿਹਾਸਿਕਤਾ ਦੇ ਵਿਚੋਂ ਦੀ ਗੁਜ਼ਰਨਾ ਪਿਆ ਹੈ। ਕੈਮਿਸਟਰੀ ਦਾ ਸਫ਼ਰ ਅਲਕੈਮੀ ਤੋਂ ਆਰੰਭ ਹੁੰਦਾ ਹੈ ਤੇ ਖਗੋਲ ਵਿੱਦਿਆ ਹੀ ਅੱਗੇ ਚੱਲ ਕੇ ਜੋਤਸ਼ ਵਿਗਿਆਨ ਬਣਦੀ ਹੈ। ਮਿੱਥ ਸਿਰਜਣ ਲੋਕ ਸਿਰਜਿਤ ਪ੍ਰਤੀਕ-ਪ੍ਰਬੰਧ ਦਾ ਅਜਿਹਾ ਸਿਲਸਿਲਾ ਹੁੰਦਾ ਹੈ ਜਿਸ ਦਾ ਆਧਾਰ ਲੋਕ ਵਿਸ਼ਵਾਸ ਹੁੰਦੇ ਹਨ।[27]

ਗੁਰਬਾਣੀ ਵਿਚ ਰਾਮ, ਰਾਵਣ, ਸ਼ਿਵ, ਬ੍ਰਹਮਾ, ਵਿਸ਼ਨੂੰ, ਇੰਦਰ, ਗੋਪਾਲ, ਨਿਰੰਕਾਰ, ਨਰਕ, ਸਵਰਗ, ਯਮਰਾਜ ਆਦਿ ਮਿਥਿਕ ਪਾਤਰਾਂ ਦੇ ਹਵਾਲੇ, ਬੀਰ ਕਾਵਿ ਵਿਚ ਕਲ, ਨਾਰਦ, ਦੇਵਤਿਆਂ, ਰਾਖਸ਼ਾਂ, ਚੰਡੀ, ਦੁਰਗਾ ਦਾ ਜ਼ਿਕਰ, ਕਿੱਸਾ ਕਾਵਿ ਵਿਚ ਪੰਜ ਪੀਰਾਂ ਦੀ ਬਖ਼ਸ਼ਿਸ਼, ਹਵਾ, ਤੂਫ਼ਾਨ, ਧੁੱਪ, ਸੂਰਜ, ਜੰਗਲ, ਮਾਰੂਥਲ ਤੇ ਕੁਦਰਤੀ ਆਫ਼ਤਾਂ ਦਾ ਸਹਾਈ ਜਾਂ ਅਸਹਾਈ ਹੋਣਾ ਅਤੇ ਸੂਫ਼ੀ ਸਾਹਿਤ ਵਿਚ ਇਬਰਾਹੀਮ, ਜਬਰਾਈਲ ਵਰਗੇ ਫ਼ਰਿਸ਼ਤਿਆਂ ਦੇ ਪੁਰਾਤਨ ਮਿਥਿਕ ਸਮਕਾਲੀ ਵਿਚਾਰ ਦੇ ਸੰਚਾਰ ਦਾ ਮਾਧਿਅਮ ਬਣਦੇ ਹਨ। ਗੁਰਮਤਿ ਕਾਵਿ-ਧਾਰਾ ਮੱਧਕਾਲੀ ਸਾਹਿਤ ਦੀ ਪ੍ਰਮੁੱਖ ਸਾਹਿਤ ਧਾਰਾ ਹੈ ਜਿਸ ਉੱਤੇ ਮਿਥਿਹਾਸ ਵਿਰਸੇ ਦੇ ਪ੍ਰਭਾਵ ਨੂੰ ਵਿਆਪਕ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਮਿਥਿਕ ਪ੍ਰਕਰਨਾਂ ਦੀ ਵਰਤੋਂ ਹੋਈ ਹੈ। ਇਹ ਵਰਤੋਂ ਮੂਲ ਰੂਪ ਵਿਚ ਵੀ ਹੋਈ ਹੈ ਤੇ ਇਨ੍ਹਾਂ ਰਾਹੀਂ ਨਵੇਂ ਅਰਥਾਂ ਨੂੰ ਸੰਚਾਰਿਤ ਕਰਨ ਲਈ ਮਿਥਿਕਾਂ ਦਾ ਰੂਪਾਂਤਰਨ ਵੀ ਕੀਤਾ ਗਿਆ ਹੈ। ਮੱਧਕਾਲ ਵਿਚ ਭਾਰਤੀ ਹਿੰਦੂ ਮਿਥਿਹਾਸ ਦੇ ਨਾਲ-ਨਾਲ ਸਾਮੀ ਮਿਥਿਹਾਸ ਹਵਾਲੇ ਵੀ ਰਚਨਾਵਾਂ ਦਾ ਹਿੱਸਾ ਬਣਨ ਲਗਦੇ ਹਨ। ਵਿਭਿੰਨ ਸਾਹਿਤਕ ਵਿਧਾਵਾਂ ਦੇ ਥੀਮਕ ਪਾਸਾਰ ਵਿਚ ਹੀ ਨਹੀਂ, ਰੂਪਕ ਉਸਾਰ ਵਿਚ ਵੀ ਐਸੀ ਰੀਤ ਕਾਇਮ ਰਹਿੰਦੀ ਹੈ। ਇਸ ਦੀ ਪ੍ਰਮੁੱਖ ਮਿਸਾਲ ਮੰਗਲਾਚਰਨ ਦੀ ਪਰੰਪਰਾ ਹੈ। ਰਚਨਾ ਆਰੰਭ ਕਰਨ ਤੋਂ ਪਹਿਲਾਂ ਲੇਖਕ ਦਾ ਆਪਣੇ ਇਸ਼ਟ ਨੂੰ ਧਿਆਉਣਾ ਲਾਜ਼ਮੀ ਹੋ ਜਾਂਦਾ ਹੈ। 'ਪ੍ਰਿਥਮ ਭਗਉਤੀ ਸਿਮਰ ਕੇ' ਜਾਂ 'ਅੱਵਲ ਹਮਦ ਖ਼ੁਦਾ ਦਾ ਵਿਰਦੁ ਕੀਜੈ' ਇਸ ਦੀਆਂ ਆਮ ਪ੍ਰਚਲਿਤ ਉਦਾਹਰਨਾਂ ਹਨ। ਹਰਿਭਜਨ ਸਿੰਘ ਇਸ ਵਿਸ਼ਵਾਸ ਨੂੰ ਦੈਵੀ ਨਿਸ਼ਠਾ ਦੀ ਮੂਲ ਮਿੱਥ ਕਹਿੰਦਾ ਹੈ ਅਤੇ 'ਪੰਜਾਬੀ ਨਿਸ਼ਠਾ-ਪਰੰਪਰਾ ਦਾ ਗਿਆਤ ਆਰੰਭ

ਬਿੰਦੂ ਕਲਾਮ ਫ਼ਰੀਦ' ਨੂੰ ਮੰਨਦਾ ਹੈ, ਜਿਸ ਦਾ ਵਿਸਤਾਰ ਅੱਗੋਂ ਗੁਰਬਾਣੀ ਤੇ ਦਸਮ ਗ੍ਰੰਥ ਵਿਚ ਹੁੰਦਾ ਹੈ। ਇਸੇ ਹੀ ਸਮੇਂ ਦੇ ਸਾਹਿਤ ਵਿਚੋਂ ਉੱਭਰਦੀ 'ਸੁਤੰਤਰਤਾ ਦੀ ਮਿੱਥ' ਨੂੰ ਉਹ 'ਦੁਜੈਲੀ ਮਿੱਥ' ਕਹਿੰਦਾ ਹੈ ਜੋ ਅੱਗੋਂ ਕਿੱਸਾ ਸਾਹਿਤ ਵਿਚ ਪ੍ਰਾਥਮਿਕਤਾ ਗ੍ਰਹਿਣ ਕਰਦੀ ਹੈ। ਇਸ 'ਨਿਸ਼ਠਾ ਦੀ ਮਿੱਥ' ਨੂੰ ਅੱਗੇ ਚੱਲ ਕੇ ਆਧੁਨਿਕ ਕਵਿਤਾ ਦਾ ਮੋਢੀ ਭਾਈ ਵੀਰ ਸਿੰਘ ਵੀ ਅਪਣਾਉਂਦਾ ਹੈ।[28] ਇਤਿਹਾਸਕ ਤੱਥਾਂ ਨੂੰ ਪੇਸ਼ ਕਰਨ ਵਾਲੀ ਨਜਾਬਤ ਦੀ ਵਾਰ ਦੀ ਸ਼ੁਰੂਆਤ ਹਿੰਦੂ ਮਿਥਿਹਾਸ ਪਾਤਰਾਂ ਕਲ ਤੇ ਨਾਰਦ ਦੀ ਆਪਸੀ ਵਾਰਤਾਲਾਪ ਨਾਲ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਚੰਡੀ ਦੀ ਵਾਰ ਦਾ ਸਮੁੱਚਾ ਘਟਨਾ ਉਸਾਰ ਮਾਰਕੰਡੇ ਪੁਰਾਣ ਦੀ ਦੁਰਗਾ ਕਥਾ ਤੇ ਆਧਾਰਿਤ ਹੈ। ਰਾਜੇ ਹਰਨਾਖਸ਼ ਤੇ ਭਗਤ ਪ੍ਰਹਿਲਾਦ ਦੀ ਮਿੱਥ ਰਾਹੀਂ ਭਾਈ ਗੁਰਦਾਸ ਨੇ ਨਿਸ਼ਕਾਮ ਭਗਤੀ ਅਤੇ ਸੇਵਾ ਭਾਵ ਵਰਗੇ ਨਰੋਏ ਸਮਾਜਕ ਮੁੱਲਾਂ ਦੀ ਪ੍ਰੋੜ੍ਹਤਾ ਕੀਤੀ ਹੈ ਤੇ ਹਰਨਾਖਸ਼ ਦੇ ਨਾਸ਼ ਰਾਹੀਂ ਦੁਨੀਆ ਵਿਚਲੀ ਹਰ ਵਸਤੂ ਦੀ ਨਾਸ਼ਮਾਨਤਾ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕੀਤਾ ਹੈ:

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰੱਖਦਾ ਆਇਆ ਰਾਮ ਰਾਜੇ॥
ਹਰਨਾਖਸ਼ ਦੁਸ਼ਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥

ਭਰਪੂਰ ਮਿਥਿਕ ਹਵਾਲਿਆਂ ਦੀ ਮਦਦ ਨਾਲ ਭਾਈ ਗੁਰਦਾਸ ਨੇ ਇਕ ਪਾਸੇ 'ਸੰਸਕ੍ਰਿਤੀ ਦੀਆਂ ਸਵਸਥ ਕੀਮਤਾਂ ਤੇ ਮੁੱਲਾਂ ਨੂੰ ਸਵੀਕਾਰ' ਕੀਤਾ ਹੈ ਤੇ ਦੂਜੇ ਪਾਸੇ ਪ੍ਰਚਲਿਤ ਮੁੱਲ-ਵਿਧਾਨ ਦੇ ਨਿਖੇਧਾਤਮਿਕ ਤੇ 'ਅਸਵਸਥ ਪੱਖਾਂ ਨੂੰ ਤਿਆਗ ਕੇ ਉਨ੍ਹਾਂ ਦੀ ਥਾਂ ਨਵੇਂ ਮੁੱਲਾਂ ਦੀ ਸਥਾਪਨਾ' ਕੀਤੀ ਹੈ।[29] ਮਿਥਿਹਾਸਿਕਤਾ ਲਗਾਤਾਰ ਸਾਹਿਤ ਦੇ ਨਾਲ-ਨਾਲ ਤੇ ਇਸ ਦੇ ਵਿਚ ਸਮਿਲਤ ਹੋ ਕੇ ਚਲਦੀ ਹੈ। ਮਿੱਥ ਦਾ ਆਧਾਰ ਵਿਸ਼ਵਾਸ ਹੁੰਦਾ ਹੈ ਤੇ ਕਿਰਤ ਜਦ ਵਿਸ਼ਵਾਸ ਤੋਂ ਅਲਹਿਦਗੀ ਅਖ਼ਤਿਆਰ ਕਰਕੇ ਵਾਸਤਵਿਕਤਾ ਨਾਲ ਨਜਿੱਠਦੀ ਹੈ ਤਾਂ ਨਿਰੋਲ ਸਾਹਿਤ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ। ਸਾਹਿਤ ਵਿਚਲੀ ਲਚਕ ਇਸ ਨੂੰ ਵਾਸਤਵਿਕ ਜਗਤ ਨੂੰ ਸਮੁੱਚਤਾ ਤੇ ਵਿਸ਼ਾਲਤਾ ਸਾਹਿਤ ਸਿਰਜਣ ਦੇ ਸਮਰੱਥ ਬਣਾਉਂਦੀ ਹੈ।[30]

ਮੱਧਕਾਲ ਵਿਚ ਕਥਾਤਮਕ ਬਿਰਤਾਂਤ, ਵਾਰਾਂ ਤੇ ਕਿੱਸੇ, ਪ੍ਰਮੁੱਖਤਾ ਗ੍ਰਹਿਣ ਕਰਦੇ ਹਨ। ਕਿੱਸਾ ਸਾਹਿਤ ਮੱਧਕਾਲ ਦੇ ਜਾਗੀਰਦਾਰੀ ਸਮਾਜ ਦੀ ਉਪਜ ਹੈ ਜੋ ਮਰਦ-ਪ੍ਰਧਾਨ ਰੁਚੀਆਂ ਦਾ ਹਾਮੀ ਰਿਹਾ ਹੈ। ਇਨ੍ਹਾਂ ਕਿੱਸਿਆਂ ਵਿਚ ਔਰਤ-ਮਰਦ ਦੀ ਪ੍ਰੀਤ ਦੀ ਬਾਤ ਤਾਂ ਛੋਹੀ ਗਈ ਪਰੰਤੂ ਹਰ ਪ੍ਰੇਮੀ ਜੋੜਾ ਸਥਾਪਿਤ ਵਿਵਸਥਾ ਤੇ ਸੁਤੰਤਰ ਇੱਛਾ ਵਿਚਲੇ ਫ਼ਾਸਲੇ ਕਾਰਨ ਅੰਤ ਦੁਖਾਂਤ ਦਾ ਭਾਗੀਦਾਰ ਬਣਦਾ ਰਿਹਾ। ਇਹ ਦੁਖਾਂਤ ਸਥਾਪਿਤ ਕੱਟੜ ਮਰਿਆਦਾ ਦੇ ਹਮਾਇਤੀਆਂ ਦੀ ਹਉਮੈ ਨੂੰ ਤ੍ਰਿਪਤ ਕਰਨ ਦਾ ਵਸੀਲਾ ਬਣਦਾ ਹੈ। ਕਿੱਸਿਆਂ ਵਿਚ ਪੇਸ਼ ਹੁੰਦੇ ਦੁਖਾਂਤ ਦੀ ਤਹਿ ਵਿਚ ਕਾਰਜਸ਼ੀਲ ਮਿੱਥਾਂ ਦੇ ਰੂਪਾਂਤਰਨ ਨੂੰ ਪਛਾਣਿਆ ਜਾ ਸਕਦਾ ਹੈ। ਕਾਦਰਯਾਰ ਦੇ ਕਿੱਸੇ ਪੂਰਨ ਭਗਤ ਵਿਚ ਪੂਰਨ ਨੂੰ ਲੂਣਾ ਦੇ ਮਤਰੇਏ ਪਣ ਦਾ ਸਿੱਟਾ ਪਿਤਾ ਹੱਥੀਂ ਸਜ਼ਾ ਯਾਫ਼ਤਾ ਹੋਣ ਦਾ ਸੰਤਾਪ ਭੋਗਣਾ ਪੈਂਦਾ ਹੈ। ਇਸ ਸੰਤਾਪ ਦੀ ਪਿੱਠ-ਭੂਮੀ ਵਿਚ ਰਾਮ-ਕੈਕੇਈ ਵਾਲੇ ਮਿਥਿਕ ਪ੍ਰਕਰਨ ਦੀ ਕਾਰਜਸ਼ੀਲਤਾ ਨੂੰ ਵੇਖਿਆ ਜਾ ਸਕਦਾ ਹੈ। ਵਾਰਿਸ ਦੇ ਕਿੱਸੇ ਹੀਰ ਵਿਚ ਭਾਰਤੀ ਤੇ ਸਾਮੀ ਮਿਥਿਹਾਸ ਹਵਾਲਿਆਂ ਦੀ ਵਰਤੋਂ ਬਾਰ-ਬਾਰ ਹੋਈ ਹੈ। ਰਾਂਝੇ ਦੀ ਪਾਤਰ-ਉਸਾਰੀ ਦੀ ਪਿੱਠ-ਭੂਮੀ ਵਿਚ ਮਿਥਿਕ ਪਾਤਰ ਕ੍ਰਿਸ਼ਨ ਦਾ

ਪ੍ਰਭਾਵ ਪ੍ਰਤੱਖ ਨਜ਼ਰੀਂ ਆਉਂਦਾ ਹੈ। ਕ੍ਰਿਸ਼ਨ ਬੰਸਰੀ ਵਜਾਉਣ ਵਾਲਾ, ਗਾਵਾਂ ਚਰਾਉਣ ਵਾਲਾ, ਗੋਪੀਆਂ ਦਾ ਹਰਮਨ-ਪਿਆਰਾ ਹੋ ਕੇ ਵੀ ਰਾਧਾ ਨਾਲ ਗੂੜ੍ਹੀ ਪ੍ਰੀਤ ਨਿਭਾਉਣ ਵਾਲਾ ਹੈ। ਰਾਂਝਾ ਵੀ ਵੰਝਲੀ ਵਜਾਉਣ ਵਾਲਾ, ਮੱਝੀਆਂ ਚਰਾਉਣ ਵਾਲਾ ਤੇ ਹੀਰ ਦੀਆਂ ਸਹੇਲੀਆਂ ਦਾ ਚਹੇਤਾ ਹੋ ਕੇ ਵੀ ਹੀਰ ਪ੍ਰਤੀ ਵਫ਼ਾਦਾਰ ਹੈ। ਕਿੱਸਾ ਸਾਹਿਤ ਵਿਚ ਚਿਤ੍ਰਿਤ ਪ੍ਰੀਤ ਦੇ ਨਾਕਾਰਾਤਮਕ ਤੇ ਸਾਕਾਰਾਤਮਕ ਪੱਖਾਂ ਨੂੰ ਭਾਰਤੀ ਮਿਥਿਹਾਸ ਵਿਚ ਪਏ ਵੇਖਿਆ ਜਾ ਸਕਦਾ ਹੈ।

ਭਾਰਤੀ ਸਮਾਜ ਉੱਤੇ ਸਾਮੀ ਸਭਿਆਚਾਰ ਦਾ ਪ੍ਰਭਾਵ ਇਕ ਦਵੰਦਾਤਮਿਕ ਸਥਿਤੀ ਪੈਦਾ ਕਰਦਾ ਹੈ। ਵਿਸ਼ੇਸ਼ ਕਰਕੇ ਪੰਜਾਬ ਇਸ ਦੀ ਗ੍ਰਿਫ਼ਤ ਵਿਚ ਵਧੇਰੇ ਆਉਂਦਾ ਹੈ। ਹਿੰਦੂ ਮਿਥਿਹਾਸ ਵਿਚਲੀ ਔਰਤ ਦੀ ਦੁਰਗਾ, ਦੇਵੀ, ਸਤੀ ਤੇ ਸਵਿੱਤਰੀ ਵਾਲੀ ਸਥਿਤੀ ਦਰੋਪਦੀ ਦੇ ਪੰਚਾਲੀ ਵਾਲੇ ਰੂਪ ਵੱਲ ਰੂਪਾਂਤਰਿਤ ਹੋਣ ਲਗਦੀ ਹੈ। ਪੰਜਾਬੀ ਮਰਦ ਨੂੰ ਇਹ ਰੂਪਾਂਤਰਨ ਵਧੇਰੇ ਭਾਉਂਦਾ ਹੈ ਤੇ ਉਸ ਦੇ ਸੁਭਾਅ ਵਿਚਲਾ ਮਰਦ ਹਉਂ ਨਾਲ ਮੇਲ ਖਾਂਦਾ ਜਾਪਦਾ ਹੈ। ਨਤੀਜੇ ਵਜੋਂ ਇਕ ਪਾਸੇ ਸਮਾਜ ਵਿਚ ਮਰਦ ਦੀ ਪ੍ਰਧਾਨਗੀ ਪ੍ਰਮੁੱਖਤਾ ਗ੍ਰਹਿਣ ਕਰਦੀ ਹੈ ਤੇ ਦੂਜੇ ਪਾਸੇ ਔਰਤ ਦੀ ਸ਼ੀਲਤਾ, ਸਤੀਤਵ, ਮਾਤ੍ਰੀਤਵ, ਤਿਆਗ, ਬਹਾਦਰੀ ਵਰਗੇ ਗੁਣਾਂ ਨੂੰ ਭੁੱਲ ਕੇ ਉਸ ਦੀ ‘ਗੁੱਤ ਪਿੱਛੇ ਮੱਤ’ਜਾਂ ‘ਖੁਰੀਂ ਜਿਨ੍ਹਾਂ ਦੀ ਮੱਤ’, ਤੇ ‘ਪੈਰ ਦੀ ਜੁੱਤੀ’ ਵਾਲੀ ਸਥਿਤੀ ਹਾਵੀ ਹੋਣ ਲਗਦੀ ਹੈ। ਉਸ ਦਾ ਛਲ-ਕਪਟ ਤੇ ਬੇਵਫ਼ਾਈ ਵੱਲ ਰੂਪਾਂਤਰਨ ਪ੍ਰਮੁੱਖਤਾ ਗ੍ਰਹਿਣ ਕਰਨ ਲਗਦਾ ਹੈ। ਔਰਤ ਆਦਰਨੀਯ ਤੋਂ ਨਿੰਦਨੀਯ ਰੂਪ ਅਖ਼ਤਿਆਰ ਕਰਦੀ ਹੈ ਤੇ ਸਾਕਾਰਾਤਮਕਤਾ ਉੱਤੇ ਨਾਕਾਰਾਤਮਕਤਾ ਹਾਵੀ ਹੋਣ ਲੱਗਦੀ ਹੈ।

ਸਮੇਂ ਦੀ ਇਤਿਹਾਸਕ ਵਿਕਾਸ-ਗਤੀ ਨਾਲ ਸਮਾਜ ਦੇ ਮੁੱਲਾਂ ਵਿਚ ਪਰਿਵਰਤਨ ਵਾਪਰਨਾ ਕੁਦਰਤੀ ਵਰਤਾਰਾ ਹੈ। ਸਮਾਜ ਵਿਚਲਾ ਇਹ ਬਦਲਾਅ ਸਾਹਿਤ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੱਧਕਾਲੀ ਸੰਸਕਾਰਾਂ ਦਾ ਆਧੁਨਿਕ ਦੌਰ ਦੇ ਮਸ਼ੀਨੀ ਯੁੱਗ ਵਿਚ ਮਕੈਨਿਜ਼ਮ ਹੋ ਰਿਹਾ ਹੈ। ਇਹ ਮਕੈਨਿਜ਼ਮ ਸਾਹਿਤਕਾਰ ਨੂੰ ਟੁੰਬਦਾ ਵੀ ਹੈ ਤੇ ਵਿਚਲਿਤ ਵੀ ਕਰਦਾ ਹੈ। ਫਲਸਰੂਪ ਉਹ ਲੋਕ ਮਾਨਸਿਕਤਾ ਨੂੰ ਉਸ ਦੇ ਸੰਸਕਾਰਾਂ ਤੇ ਨਰੋਏ ਮੁੱਲ-ਪ੍ਰਬੰਧ ਨਾਲ ਜੋੜੀ ਰੱਖਣ ਲਈ ਮਿੱਥਾਂ ਰਾਹੀਂ ਨਵੇਂ ਅਰਥਾਂ ਨੂੰ ਸਿਰਜਣ ਅਤੇ ਸੰਚਾਰਨ ਦਾ ਯਤਨ ਕਰਦਾ ਹੈ। ਮਨਮੋਹਨ ਸਿੰਘ ਲਿਖਦਾ ਹੈ- ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਪੰਜਾਬੀ ਕਵੀਆਂ ਨੇ ਸਹੀ ਸਪਸ਼ਟ ਤੇ ਸੰਪੂਰਨ ਸੰਚਾਰ ਸਿਰਜਣ ਲਈ ਹਿੰਦੂ ਮਿਥਿਹਾਸ ਨੂੰ ਸੰਚਾਰ ਮਾਧਿਅਮ ਵਜੋਂ ਵਰਤਦੇ ਹੋਇਆਂ ਮਿਥਿਕ ਚਿਹਨਕੀ ਹੋਂਦਾਂ ਨੂੰ ਰੂਪਾਂਤਰਿਤ ਕਰਕੇ ਨਵੇਂ ਅਰਥਾਂ ਦਾ ਸਿਰਜਣ ਕੀਤਾ ਹੈ।[31]

ਧਨੀ ਰਾਮ ਚਾਤ੍ਰਿਕ ਦੀ ‘ਰਾਧਾ ਸੰਦੇਸ਼’ ਤੇ ‘ਰਾਜਾ ਭਰਥਰੀ ਹਰੀ’ ਅਤੇ ਪੂਰਨ ਸਿੰਘ ਦੀ ‘ਹਨੂਮਾਨ’ ਹਿੰਦੂ ਮਿਥਿਹਾਸ ਆਧਾਰਿਤ ਕਵਿਤਾਵਾਂ ਹਨ। ਬਾਵਾ ਬਲਵੰਤ ਅਜਿਹਾ ਆਧੁਨਿਕ ਕਵੀ ਹੈ ਜੋ ਭਾਰਤੀ ਮਿਥਿਹਾਸ ਨੂੰ ਆਪਣੀਆਂ ਰਚਨਾਵਾਂ ਦਾ ਸਸ਼ਕਤ ਹਿੱਸਾ ਬਣਾਉਂਦਾ ਹੈ। ਉਸ ਦੀ ਕਵਿਤਾ ‘ਦੂਰ ਇਕ ਬਹਿਲੀ ਖੜ੍ਹੀ’ ਸੀਤਾ-ਬਣਵਾਸ ’ਤੇ ਆਧਾਰਿਤ ਹੈ। ‘ਸ਼ਿਵ ਨਾਚ’, ‘ਫੇਰ ਪਾਰੋ ਨੇ ਕਿਹਾ’ ਕਵਿਤਾਵਾਂ ਵਿਚ ਸ਼ਿਵ ਦੀ ਮਿੱਥ ਰਾਹੀਂ ਉਹ ਨਵੇਂ ਅਰਥਾਂ ਨੂੰ ਸਿਰਜਦਾ ਤੇ ਸੰਚਾਰਦਾ ਹੈ। ‘ਫੇਰ ਪਾਰੋ ਨੇ ਕਿਹਾ’ ਕਵਿਤਾ ਵਿਚ ਉਸ ਦਾ ਮਕਸਦ ਸ਼ਿਵ-ਪਾਰਵਤੀ ਦੀ ਮਿੱਥ ਰਾਹੀਂ ਸਮਾਜ ਵਿਚਲੀ ਉਥਲ-ਪੁਥਲ

ਪ੍ਰਤੀ ਆਵਾਜ਼ ਬੁਲੰਦ ਕਰਨ ਦੀ ਪ੍ਰੇਰਨਾ ਦੇਣਾ ਵੀ ਹੈ ਤੇ ਸਦੀਆਂ ਤੋਂ ਚਲੀ ਆ ਰਹੀ ਔਰਤ ਦੀ ਹੀਣ ਸਥਿਤੀ ਨੂੰ ਰੱਦ ਕਰਕੇ ਔਰਤ ਨੂੰ ਸ਼ਕਤੀ ਦਾ ਮੂਲ ਸੋਮਾ ਸਿੱਧ ਕਰਨਾ ਵੀ ਹੈ।

ਸਮਾਜਕ ਯਥਾਰਥ ਦੀਆਂ ਵਿਭਿੰਨ ਪਰਤਾਂ ਉਘਾੜਨ ਲਈ ਹਰਿਭਜਨ ਸਿੰਘ ਮਿੱਥ ਰੂਪਾਂਤਰਨ ਨੂੰ ਪ੍ਰਮੁੱਖ ਜੁਗਤ ਵਜੋਂ ਵਰਤਦਾ ਹੈ। 'ਹਰਨਾਖਸ਼ ਨਹੀਂ ਮਰੇ', 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ', 'ਕੇਵਲ ਸ਼ਰਧਾਂਜਲੀ', 'ਰਾਮਾ ਨਹੀਂ ਮੁੱਕਦੀ ਫੁਲਕਾਰੀ' ਆਦਿ ਰਚਨਾਵਾਂ ਵਿਚ ਮਿੱਥ ਦੀ ਕਾਰਜਸ਼ੀਲਤਾ ਨਿਵੇਕਲੇ ਅਰਥ ਸੰਚਾਰ ਦਾ ਮਾਧਿਅਮ ਬਣਦੀ ਹੈ। ਜਸਵੰਤ ਸਿੰਘ ਨੇਕੀ ਮਾਰਕੰਡੇ ਪੁਰਾਣ ਵਿਚਲੀ ਨਚੀਕੇਤਾ ਦੀ ਮਿੱਥ ਰਾਹੀਂ, 'ਨਹੀਂ ਸ਼ਿਵਾ ਪਰਵਾਨ' ਵਿਚ ਸ਼ਿਵ ਦੇ ਮਿਥਿਕ ਕਿਰਦਾਰ ਨੂੰ ਨਵੇਂ ਚਿਹਨਕ ਅਰਥਾਂ ਵਿਚ ਪ੍ਰਸਤੁਤ ਕਰਦਾ ਹੈ। ਅਮਿਤੋਜ ਦੀ 'ਬਣਵਾਸ ਵਾਪਸੀ', 'ਸੁਵੰਬਰ' ਕਵਿਤਾਵਾਂ ਵੀ ਮਿੱਥ ਨੂੰ ਆਧੁਨਿਕ ਪਰਿਪੇਖ ਵਿਚ ਨਵੇਂ ਅਰਥ ਪ੍ਰਦਾਨ ਕਰਦੀਆਂ ਹਨ।

ਸੰਤ ਸਿੰਘ ਸੇਖੋਂ, ਚਰਨਦਾਸ ਸਿੱਧੂ ਅਤੇ ਅਜਮੇਰ ਔਲਖ ਅਜਿਹੇ ਨਾਟਕਕਾਰ ਹਨ ਜੋ ਆਪਣੀਆਂ ਰਚਨਾਵਾਂ ਵਿਚ ਪਰੰਪਰਾ ਤੇ ਯਥਾਰਥ ਵਿਚਲੇ ਤਣਾਉ ਨੂੰ ਸਿਰਜਣ ਲਈ ਮਿੱਥਾਂ ਦੀ ਵਰਤੋਂ ਸੁਚੇਤ ਰੂਪ ਵਿਚ ਕਰਦੇ ਹਨ। ਪੰਜਾਬੀ ਗਲਪ, ਕਹਾਣੀ ਤੇ ਨਾਵਲ ਦੇ ਖੇਤਰ ਵਿਚ ਪ੍ਰੇਮ ਪ੍ਰਕਾਸ਼, ਮਨਮੋਹਨ ਬਾਵਾ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਜਿਹੇ ਨਾਂ ਹਨ ਜੋ ਵਸਤੂ ਜਗਤ ਦੇ ਦਵੰਦਾਤਮਿਕ ਸੰਬੰਧਾਂ ਨੂੰ ਉਘਾੜਨ ਲਈ ਲਗਾਤਾਰ ਮਿੱਥਾਂ ਜਾਂ ਮਿਥਿਕਾਂ ਦਾ ਰੂਪਾਂਤਰਨ ਕਰਦੇ ਰਹੇ ਹਨ।

ਸਾਹਿਤ ਸ਼ਾਸਤਰੀਆਂ ਨੇ ਵਰਤਮਾਨ ਯੁੱਗ ਦੇ ਸਾਹਿਤ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਹੈ- ਕਵਿਤਾ, ਗਲਪ ਅਤੇ ਨਾਟਕ। ਗਲਪ ਵਿਚ ਨਾਵਲ ਦੇ ਨਾਲ ਹੀ ਕਹਾਣੀ ਵੀ ਆ ਜਾਂਦੀ ਹੈ। ਇਹਨਾਂ ਸਾਹਿਤ ਰੂਪਾਂ ਵਿਚੋਂ ਜੀਵਨ ਯਥਾਰਥ ਨੂੰ ਬਾਕੀ ਵਿਧਾਵਾਂ ਦੇ ਮੁਕਾਬਲੇ ਸਭ ਤੋਂ ਵਧੇਰੇ ਬਾਰੀਕੀ ਨਾਲ ਪੇਸ਼ ਕਰਨ ਵਾਲੀ ਸ਼ਕਤੀਸ਼ਾਲੀ ਵਿਧਾ ਨਾਵਲ ਹੈ। ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਜਿੰਨੀ ਸੂਖਮਤਾ ਤੇ ਸਮੱਗਰਤਾ ਸਹਿਤ ਨਾਵਲ ਵਿਚ ਚਿਤਰਿਆ ਗਿਆ ਹੈ, ਸਾਹਿਤ ਦੀ ਹੋਰ ਕੋਈ ਵੀ ਵਿਧਾ ਯਥਾਰਥ ਦੀ ਅਜਿਹੀ ਪੇਸ਼ਕਾਰੀ ਕਰਨ ਦੇ ਸਮਰੱਥ ਨਹੀਂ ਹੋ ਸਕੀ।

ਪੰਜਾਬੀ ਸਾਹਿਤ ਵਿਚ ਨਾਵਲ ਦਾ ਉਦੇ ਅੰਗਰੇਜ਼ੀ ਸਾਮਰਾਜ ਦੇ ਬਸਤੀਵਾਦੀ ਪ੍ਰਬੰਧ ਦੀ ਪ੍ਰਸਾਰਵਾਦ ਦੀ ਨੀਤੀ ਦੇ ਵਿਰੋਧ ਵਿਚ ਹੁੰਦਾ ਹੈ। ਸਮਕਾਲੀ ਸਮਾਜ ਵਿਚ ਵਿਗਿਆਨਕ ਉੱਨਤੀ ਤੇ ਪਦਾਰਥਕ ਵਿਕਾਸ ਦੇ ਫਲਸਰੂਪ ਆਈਆਂ ਵਿਆਪਕ ਤਬਦੀਲੀਆਂ ਵੀ ਪੰਜਾਬੀ ਸਾਹਿਤ ਵਿਚ ਨਾਵਲ ਦੇ ਆਗਮਨ ਦਾ ਆਧਾਰ ਬਣਦੀਆਂ ਹਨ। ਪੂੰਜੀਵਾਦੀ ਵਿਕਾਸ ਨੇ ਸਮਾਜ ਵਿਚ ਮੱਧ-ਸ਼੍ਰੇਣੀ ਦੇ ਉਭਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੱਧ-ਸ਼੍ਰੇਣੀ ਦੀਆਂ ਕਦਰਾਂ-ਕੀਮਤਾਂ ਵਿਚ ਆਈ ਤਬਦੀਲੀ ਨੇ ਮਨੁੱਖ ਨੂੰ ਜ਼ਿਆਦਾ ਵਿਹਾਰਕ ਬਣਾ ਦਿੱਤਾ ਹੈ। ਵਿਵਹਾਰਕਤਾ ਹੀ ਹੈ ਜੋ ਮਨੁੱਖ ਨੂੰ ਆਦਰਸ਼ ਦਾ ਪੱਲਾ ਤਿਆਗ ਵਾਸਤਵਿਕਤਾ ਨਾਲ ਦੋ ਚਾਰ ਹੋਣ ਦਾ ਸਾਹਸ ਦਿੰਦੀ ਹੈ ਅਤੇ ਵਾਸਤਵਿਕਤਾ ਨਾਲ ਟੱਕਰ ਹੀ ਮਨੁੱਖ ਦੀਆਂ ਜ਼ਾਹਰੇ ਪੱਧਰ ਤੇ ਹਾਸਿਲ ਕੀਤੀਆਂ ਪ੍ਰਾਪਤੀਆਂ ਦੇ ਬਾਵਜੂਦ ਉਸ ਅੰਦਰ ਇਕ ਖ਼ਲਾਅ ਨੂੰ ਜਨਮ ਦਿੰਦੀ ਹੈ। ਮਨੁੱਖ ਸਮਾਜਕ ਤੇ ਮਾਨਸਿਕ ਪੱਧਰ 'ਤੇ ਨਿੱਜੀ ਇੱਛਾ ਤੇ ਪ੍ਰਾਪਤੀ, ਸੁਪਨੇ ਤੇ ਵਾਸਤਵਿਕਤਾ ਵਿਚਲੇ ਦਵੰਦ/ਤਣਾਉ ਨੂੰ ਭੋਗਦਾ ਹੈ ਜੋ ਉਸ ਦੇ ਮਨੋ-

ਸਮਾਜਕ ਸੰਤਾਪ ਦਾ ਕਾਰਨ ਬਣਦਾ ਹੈ। ਸਾਧਾਰਨ ਮਨੁੱਖ ਦੇ ਤਣਾਉ ਦੀ ਜੀਵੰਤ ਪੇਸ਼ਕਾਰੀ ਨਾਵਲ ਵਰਗੀ ਸਾਹਿਤਕ ਵਿਧਾ ਵਿਚ ਹੀ ਸੰਭਵ ਹੋਈ ਹੈ। 'ਨਾਵਲ ਦਾ ਵਿਸ਼ਾ ਵਿਅਕਤੀ ਦੀ ਜਦੋਂ ਜਹਿਦ ਦਾ ਮਹਾਂਕਾਵਿ ਹੈ ਅਤੇ ਇਹ ਕਿਸੇ ਅਜਿਹੇ ਸਮਾਜ ਵਿਚ ਹੀ ਪ੍ਰਫੁਲਿਤ ਹੋ ਸਕਦਾ ਹੈ ਜਿਸ ਵਿਚ ਮਨੁੱਖ ਅਤੇ ਸਮਾਜ ਵਿਚ ਸੰਤੁਲਨ ਖ਼ਤਮ ਹੋ ਗਿਆ ਹੋਵੇ। ਜਿਸ ਵਿਚ ਮਨੁੱਖ ਆਪਣੇ ਨਾਲ ਦਿਆਂ ਨਾਲ ਜਾਂ ਕੁਦਰਤ ਨਾਲ ਜੰਗ ਦੀ ਹਾਲਤ ਵਿਚ ਹੋਵੇ। ਪੂੰਜੀਵਾਦੀ ਸਮਾਜ ਇਹੋ ਜਿਹਾ ਹੀ ਸਮਾਜ ਹੈ'।[32] 'ਮਨੁੱਖ ਦੀਆਂ ਸਾਧਾਰਨ ਨਿੱਤ ਬਦਲਦੀਆਂ, ਵਿਸਤਾਰ ਫੜਦੀਆਂ, ਜਟਿਲ ਹੁੰਦੀਆਂ, ਪਰਸਪਰ ਵਿਰੋਧੀ ਭਾਵਨਾਵਾਂ ਦਾ ਹਾਲਾਤ ਦੇ ਪ੍ਰਸੰਗ ਵਿਚ ਚਿੱਤਰ ਸ਼ਾਇਦ ਸਾਹਿਤ ਦਾ ਹੋਰ ਕੋਈ ਰੂਪ ਪ੍ਰਸਤੁਤ ਨਹੀਂ ਕਰ ਸਕਦਾ। ਇਹ ਸਮਰੱਥਾ ਉਪਨਿਆਸ ਵਿਚ ਹੀ ਹੈ'।[33] ਵਿਅਕਤੀ ਅਤੇ ਸਮਾਜ ਵਿਚਲੇ ਦਵੰਦਾਤਮਿਕ ਸੰਬੰਧਾਂ ਦੀ ਸਹੀ ਤਸਵੀਰ ਉਘਾੜਨ ਲਈ ਜਿਸ ਵਿਸ਼ਾਲ ਚਿੱਤਰ ਪਟ ਦੀ ਜ਼ਰੂਰਤ ਹੁੰਦੀ ਹੈ ਉਸ ਦੀਆਂ ਸੰਭਾਵਨਾਵਾਂ ਸਾਹਿਤਕ ਵਿਧਾ ਨਾਵਲ ਵਿਚ ਪਈਆਂ ਵੇਖੀਆਂ ਜਾ ਸਕਦੀਆਂ ਹਨ।

'ਨਾਵਲ ਕਿਸੇ ਸਮਾਜ ਦੇ ਸਮੇਂ ਅਤੇ ਜੀਵਨ ਦਾ ਸੁੱਚਾ ਚਿੱਤਰ ਹੈ। ਇਸ ਰਾਹੀਂ ਸਮਾਜ ਆਪਣੇ ਗੁਨਾਹ ਇਕਬਾਲ ਕਰਦਾ ਅਤੇ ਸੁਪਨੇ ਤੇ ਵਸਤੂ ਦੀ ਗੁੰਝਲ ਪੇਸ਼ ਕਰਦਾ ਹੈ। ਸੁਪਨ-ਜਗਤ ਅਤੇ ਵਸਤੂ-ਜਗਤ ਦੇ ਆਪਸੀ ਸੰਬੰਧਾਂ ਦੇ ਤਣਾਉ ਵਿਚੋਂ ਹੀ ਨਾਵਲ ਦਾ ਜਨਮ ਹੁੰਦਾ ਹੈ'।[34] ਨਿਰਸੰਦੇਹ, ਮੁੱਢਲਾ ਪੰਜਾਬੀ ਨਾਵਲ ਆਦਰਸ਼ ਨੂੰ ਪ੍ਰਮੁੱਖ ਜੁਗਤ ਦੇ ਰੂਪ ਵਿਚ ਵਰਤਦਾ ਹੈ ਪਰ ਆਦਰਸ਼ ਦੀ ਪਰਤ ਹੇਠਾਂ ਜੀਵਨ ਦੇ ਤਣਾਉ ਤੇ ਯਥਾਰਥ ਦੀ ਪੇਸ਼ਕਾਰੀ ਨਾਲੋ-ਨਾਲ ਚਲਦੀ ਹੈ।

ਪੰਜਾਬੀ ਦੇ ਮੁੱਢਲੇ ਨਾਵਲ ਵਿਚ ਧਾਰਮਿਕ-ਆਦਰਸ਼ਵਾਦ ਅਤੇ ਸਮਾਜਕ-ਸੁਧਾਰਵਾਦ ਦੇ ਮਨੋਰਥ ਦੀ ਪੇਸ਼ਕਾਰੀ ਹਿਤ ਮਨਮਰਜ਼ੀ ਦਾ ਘਟਨਾ-ਉਸਾਰ ਤੇ ਪਾਤਰ-ਵਿਧਾਨ ਪ੍ਰਮੁੱਖ ਰਿਹਾ। ਬਿਰਤਾਂਤਿਕ ਵਰਣਨ ਸਿੱਧੀ ਬਿਆਨਬਾਜ਼ੀ ਤੋਂ ਅੱਗੇ ਨਾ ਟੱਪ ਸਕਿਆ। ਮੁੱਢਲੇ ਬਿਰਤਾਂਤ ਕਾਰ ਆਪ ਆਪਣੀਆਂ ਰਚਨਾਵਾਂ ਵਿਚ ਹਾਜ਼ਰ ਰਹਿੰਦੇ ਹਨ। ਵਿਕਾਸ ਦੇ ਅਗਲੇਰੇ ਪੜਾਅ 'ਤੇ ਇਹ ਵਰਤਾਰਾ ਟੁੱਟਦਾ ਹੈ ਤੇ ਯਥਾਰਥ ਨੂੰ ਇੰਨ-ਬਿੰਨ ਪੇਸ਼ ਕਰਨ ਤੋਂ ਲੈ ਕੇ ਆਲੋਚਨਾਤਮਿਕ ਯਥਾਰਥ ਦੀ ਪ੍ਰਸਤੁਤੀ ਤੱਕ ਦਾ ਸਫ਼ਰ ਤੈਅ ਕੀਤਾ ਜਾਂਦਾ ਹੈ। ਇਸ ਪ੍ਰਾਪਤੀ ਵਿਚ ਪ੍ਰਾਕ੍ਰਿਤਕ ਵਾਦ, ਪ੍ਰਤੀਕਾਤਮਕਤਾ, ਆਂਚਲਿਕ ਵਰਣਨ ਅਤੇ ਚਿੰਨ੍ਹਾਤਮਕ ਪ੍ਰਗਟਾਉ ਵਰਗੀਆਂ ਵਿਧੀਆਂ ਮਹੱਤਵਪੂਰਨ ਕਾਰਜ ਨਿਭਾਉਂਦੀਆਂ ਹਨ। ਸਮੇਂ-ਸਮੇਂ ਨਵੇਂ ਪ੍ਰਯੋਗਾਂ ਦੇ ਨਾਲ-ਨਾਲ ਕਟਾਖਸ਼, ਵਿਡੰਬਣਾ, ਅੰਤਰ-ਪਾਠ, ਚੇਤਨਾ-ਪ੍ਰਵਾਹ, ਫ਼ੰਤਾਸੀ ਵਰਗੀਆਂ ਜੁਗਤਾਂ ਪ੍ਰਭਾਵੀ ਹੁੰਦੀਆਂ ਨਜ਼ਰ ਆਉਂਦੀਆਂ ਹਨ। ਵਿਦਵਾਨਾਂ ਨੇ ਬਿਰਤਾਂਤ ਉਸਾਰੀ ਵਿਚ ਜੁਗਤਾਂ ਦਾ ਮਹੱਤਵ 'ਜ਼ਿੰਦਗੀ ਦੀ ਤਖ਼ਲੀਕ ਨੂੰ ਤੀਖਣਤਾ, ਗਹਿਰਾਈ, ਆਕਾਰ, ਸੰਵੇਦਨਸ਼ੀਲਤਾ ਤੇ ਬਹੁਅਰਥਤਾ ਦੇਣ ਵਿਚ ਦਰਸਾਇਆ ਹੈ'।[35]

ਬਿਰਤਾਂਤਿਕ ਜੁਗਤਾਂ ਵਿਚ ਵਾਪਰਦੀ ਇਸ ਤਬਦੀਲੀ ਦੌਰਾਨ ਜੋ ਰੂੜ੍ਹੀ ਸਦਾ ਹੀ ਕਿਸੇ ਨਾ ਕਿਸੇ ਢੰਗ ਨਾਲ ਅਭਿਵਿਅਕਤੀ ਦਾ ਮਾਧਿਅਮ ਬਣਦੀ ਰਹੀ ਹੈ, ਉਹ ਹੈ ਮਿਥਿਕ ਪ੍ਰਕਰਨਾਂ ਦੀ ਪ੍ਰਸਤੁਤੀ। ਆਧੁਨਿਕ ਕਾਲ ਵਿਚ ਇਸ ਜੁਗਤ ਦੀ ਵਰਤੋਂ ਵੱਲ ਸਾਹਿਤਕਾਰ ਉਚੇਚੇ ਤੌਰ ਤੇ ਧਿਆਨ ਦੇ ਰਹੇ ਹਨ। ਗ਼ੈਰ ਉਚੇਚੇ ਵੇਰਵੇ ਤਾਂ ਸਦਾ ਹੀ ਸਾਹਿਤ ਦਾ ਹਿੱਸਾ ਬਣਦੇ ਰਹੇ

ਹਨ। ਵਜ੍ਹਾ ਇਸ ਦੀ ਇਹੀ ਜਾਪਦੀ ਹੈ ਕਿ ਮਿਥਿਹਾਸ ਵਿਚ ਪਏ ਉਚੇਚੇ ਗਿਆਨ ਸਰੋਤਾਂ ਦੀ ਵਰਤੋਂ ਅਜੋਕੀਆਂ ਗੁੰਝਲਦਾਰ ਸਥਿਤੀਆਂ ਨੂੰ ਸਮਝਣ ਤੇ ਕਿਰਤਾਂ ਵਿਚ ਢਾਲਣ ਵਿਚ ਬੇਹੱਦ ਸਹਾਈ ਹੋ ਰਹੀ ਹੈ। ਬਲਦੇਵ ਸਿੰਘ ਧਾਲੀਵਾਲ ਮਿੱਥ ਤੇ ਬਿਰਤਾਂਤ ਦੇ ਆਪਸੀ ਸੰਬੰਧ ਨੂੰ ਆਰੀਆ ਲੋਕਾਂ ਦੀ ਜੀਵਨ-ਸ਼ੈਲੀ ਨਾਲ ਜੋੜਦਾ ਹੈ। ਉਸ ਅਨੁਸਾਰ 'ਮੁੱਢਲੇ ਆਰੀਆ ਲੋਕਾਂ ਦੁਆਰਾ ਸਿਰਜੀਆਂ ਗਈਆਂ ਮਿੱਥਾਂ ਉਨ੍ਹਾਂ ਦੇ ਸਮੂਹਿਕ ਅਵਚੇਤਨ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਇਕ ਪਾਸੇ ਤਾਂ ਉਨ੍ਹਾਂ ਦੇ ਵਿਵਹਾਰ ਮੁਖੀ ਜੀਵਨ ਦਾ ਪ੍ਰਗਟਾਵਾ ਕਰਦੀਆਂ ਹਨ ਅਤੇ ਦੂਜੇ ਪਾਸੇ ਉਸ ਸੁਪਨ-ਸੰਸਾਰ ਦਾ ਬੋਧ ਕਰਾਉਂਦੀਆਂ ਹਨ ਜਿਸ ਦੀ ਪ੍ਰਾਪਤੀ ਲਈ ਉਹ ਸੰਘਰਸ਼ਸ਼ੀਲ ਰਹਿੰਦੇ ਹਨ। ਉਨ੍ਹਾਂ ਦਾ ਜੀਵਨ ਨੂੰ ਭਰਪੂਰ ਰੂਪ ਵਿਚ ਮਾਣ ਸਕਣ ਦਾ ਸੁਪਨਾ ਉਨ੍ਹਾਂ ਨੂੰ ਗਤੀਸ਼ੀਲ ਬਣਾਈ ਰੱਖਦਾ ਹੈ। ਇਸ ਵਿਵਹਾਰਕਤਾ ਅਤੇ ਸੁਪਨ-ਸੰਸਾਰ ਵਿਚ ਅਜਿਹੇ ਬੁਨਿਆਦੀ ਲੱਛਣ (archetype) ਪਏ ਹਨ ਜਿਹੜੇ ਅੱਗੇ ਜਾ ਕੇ ਪੰਜਾਬੀ ਜੀਵਨ-ਜਾਂਚ ਦੀ ਆਧਾਰਸ਼ੀਲਤਾ ਬਣਦੇ ਹਨ। ਪੰਜਾਬੀ ਬਿਰਤਾਂਤਿਕ ਪ੍ਰਵਚਨ ਵਿਚ ਇਨ੍ਹਾਂ ਬੁਨਿਆਦੀ ਮੋਟਿਫ਼ਾਂ ਦੀ ਹੋਂਦ ਕਿਸੇ ਨਾ ਕਿਸੇ ਰੂਪ ਵਿਚ ਹੁਣ ਤੱਕ ਵੀ ਬਣੀ ਨਜ਼ਰ ਆਉਂਦੀ ਹੈ'।[36] ਨਿਸ਼ਚੇ ਹੀ, ਮਿੱਥ ਮਾਨਵੀ ਵਿਹਾਰ ਤੇ ਦ੍ਰਿਸ਼ਟੀ ਦਾ ਨਿਰਧਾਰਨ ਕਰਨ ਦੇ ਨਾਲ-ਨਾਲ ਉਸ ਦੇ ਪ੍ਰਗਟਾਵੇ ਦਾ ਮਾਧਿਅਮ ਵੀ ਹੋ ਨਿੱਬੜਦੀ ਹੈ।

ਪੰਜਾਬੀ ਨਾਵਲ ਦੇ ਮੋਢੀ ਮੰਨੇ ਜਾਂਦੇ ਨਾਵਲਕਾਰ ਭਾਈ ਵੀਰ ਸਿੰਘ ਦੇ ਨਾਵਲੀ ਪ੍ਰਵਚਨ ਦਾ ਪ੍ਰਮੁੱਖ ਪ੍ਰਯੋਜਨ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਉਹ ਆਪਣੇ ਨਾਵਲਾਂ ਵਿਚ ਥਾਂ-ਥਾਂ ਸਿੱਖ ਧਰਮ ਤੇ ਸਿੱਖ ਜੀਵਨ ਜਾਚ ਨੂੰ ਵਡਿਆਉਂਦਾ ਹੈ। ਪਰੰਤੂ, ਉਹ ਸਿੱਖ ਧਰਮ ਦੇ ਅਵਤਾਰਵਾਦ ਦੇ ਖੰਡਨ ਦੀ ਸੋਚ ਦੇ ਵਿਰੋਧ ਵਿਚ ਸੁੰਦਰੀ ਲਈ 'ਦੇਵੀ' ਸ਼ਬਦ ਦੀ ਵਰਤੋਂ ਕਰਦਾ ਹੋਇਆ ਹਿੰਦੂ ਮਿਥਿਹਾਸ ਵਿਚੋਂ ਲਏ ਇਸ ਸੰਕਲਪ ਨੂੰ ਰੂਪਾਂਤਰਿਤ ਵੀ ਕਰਦਾ ਹੈ ਤੇ ਵਿਸ਼ੇਸ਼ ਨੋਟ ਤਹਿਤ 'ਦੇਵੀ' ਸ਼ਬਦ ਦੀ ਵਿਆਖਿਆ ਵੀ ਕਰਦਾ ਹੈ। ਦੇਵੀ ਕਸ਼ਟ-ਭੰਜਕ, ਬਹੁ-ਭੁਜਾਵੀ, ਗੈਬੀ-ਸ਼ਕਤੀਆਂ ਦੀ ਮਾਲਕ ਹੁੰਦੀ ਹੈ। ਸੁੰਦਰੀ ਦੀ ਬਹਾਦਰੀ ਦਰਸਾਉਣ ਲਈ ਉਹ ਉਸ ਲਈ 'ਦੁਰਗਾ' ਦੀ ਸੰਗਿਆ ਵਰਤਦਾ ਹੈ। ਜਦ ਵੀ ਉਹ ਕਿਸੇ ਸਿੱਖ ਪਾਤਰ ਨੂੰ ਵਡਿਆਉਂਦਾ ਹੈ ਤਾਂ ਹਿੰਦੂ ਪਾਤਰਾਂ ਦੇ ਮੂੰਹੋਂ ਉਨ੍ਹਾਂ ਨੂੰ ਕੋਈ ਦੈਵੀ ਅਵਤਾਰ ਬਣ ਕੇ ਬਹੁੜਦੇ ਦਰਸਾਉਂਦਾ ਹੈ।[37] ਕਲਯੁਗ, ਧਰਮਰਾਜ, ਪਰਲੋਕ, ਜਮਦੂਤ, ਸਵਰਗ ਜਿਹੇ ਮਿਥਿਕ ਹਵਾਲਿਆਂ ਦੀ ਵਰਤੋਂ ਨਾਲ ਵੀ ਉਹ ਸਿੱਖ ਧਰਮ ਨੂੰ ਹਿੰਦੂ ਧਰਮ ਨਾਲੋਂ ਬਿਹਤਰ ਸਿੱਧ ਕਰਨ ਦਾ ਯਤਨ ਕਰਦਾ ਨਜ਼ਰੀਂ ਆਉਂਦਾ ਹੈ।[38] ਸਿੱਖਾਂ ਨੂੰ ਹਿੰਦੂਆਂ ਨਾਲੋਂ ਵਡਿਆਉਣ ਹਿਤ ਉਹ ਜਿਨ੍ਹਾਂ ਮਿਥਿਕਾਂ ਦੀ ਵਰਤੋਂ ਕਰਦਾ ਹੈ ਉਨ੍ਹਾਂ ਦੀ ਚੋਣ ਹਿੰਦੂ ਮਿਥਿਹਾਸ ਵਿਚੋਂ ਕਰਨਾ ਰਚਨਾਵਾਂ ਨੂੰ ਵਿਰੋਧਾਭਾਸੀ ਚਰਿੱਤਰ ਪ੍ਰਦਾਨ ਕਰਦਾ ਹੈ। ਹਿੰਦੂਆਂ ਤੋਂ ਸਿੱਖ ਬਣੇ ਪਾਤਰਾਂ ਦੇ ਚਰਿੱਤਰ ਵਿਚ ਭਾਰੀ ਪਰਿਵਰਤਨ ਦੀ ਜੁਗਤ ਨਾਨਕ ਸਿੰਘ ਦੇ ਨਾਵਲਾਂ ਵਿਚ ਵੀ ਬਰਕਰਾਰ ਰਹਿੰਦੀ ਹੈ।

ਨਾਨਕ ਸਿੰਘ ਦੇ ਆਗਮਨ ਨਾਲ ਪੰਜਾਬੀ ਨਾਵਲ ਦਾ ਇਕ ਨਵਾਂ ਦੌਰ ਆਰੰਭ ਹੁੰਦਾ ਹੈ। ਇਹ ਉਹ ਸਮਾਂ ਸੀ ਜਦ ਅੰਗਰੇਜ਼ੀ ਸਿੱਖਿਆ ਅਧੀਨ ਬਾਬੂ ਸ਼੍ਰੇਣੀ ਦੇ ਉਭਾਰ ਨਾਲ ਇਕ ਪੜ੍ਹਿਆ-ਲਿਖਿਆ ਮੱਧਵਰਗੀ ਤਬਕਾ ਪੈਦਾ ਹੋ ਚੁੱਕਿਆ ਸੀ। ਇਸ

ਤਬਕੇ ਵਿਚਲੀਆਂ ਅਲਾਮਤਾਂ ਨੂੰ ਨਾਨਕ ਸਿੰਘ ਆਪਣੀ ਕਲਮ ਦਾ ਆਧਾਰ ਬਣਾਉਂਦਾ ਹੈ। ਉਸ ਦੀ ਰਚਨਾ-ਦ੍ਰਿਸ਼ਟੀ ਮੱਧਵਰਗ ਨਾਲ ਸੰਬੰਧਿਤ ਸੁਧਾਰਵਾਦੀ ਆਦਰਸ਼ ਸਿਰਜਣ ਵਾਲੀ ਦ੍ਰਿਸ਼ਟੀ ਹੈ, ਜਿਸ ਵਿਚ ਯਥਾਰਥ ਦੀ ਮਿੱਸ ਘੁਲੀ ਹੋਈ ਨਜ਼ਰੀਂ ਆਉਂਦੀ ਹੈ। ਵਧੇਰੇ ਵਿਦਵਾਨਾਂ ਦਾ ਮਤ ਹੈ ਕਿ ਉਹ ਨਾਵਲਾਂ ਵਿਚ ਸਾਂਸਕ੍ਰਿਤਿਕ ਸਮੱਸਿਆਵਾਂ ਜਾਂ ਤਤਕਾਲੀਨ ਸਮਾਜਕ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੋਇਆ ਆਪਣੀ ਉਲਾਰਵਾਦੀ ਸੋਚ ਨੂੰ ਵੱਖ ਨਹੀਂ ਰੱਖ ਸਕਿਆ। ਕਿਰਪਾਲ ਸਿੰਘ ਕਸੇਲ ਦਾ ਮੰਨਣਾ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਉਪ-ਭਾਵੁਕਤਾ ਤੇ ਪਾਤਰ ਸਿਰਜਣ ਪ੍ਰਤੀ ਉਸ ਦੀ ਉਲਾਰਵਾਦੀ ਸੋਚ ਨੇ ਉਸ ਦੀ ਨਾਵਲ-ਕਲਾ ਨੂੰ ਵਿਕਾਸ ਕਰਨ ਤੋਂ ਵੰਚਿਤ ਕਰ ਦਿੱਤਾ।[39] ਇਹ ਉਲਾਰਵਾਦੀ ਸੋਚ ਉਸ ਦੇ ਇਤਿਹਾਸਕ-ਮਿਥਿਹਾਸ ਵਿਰਸੇ ਦੀ ਦੇਣ ਹੈ ਅਤੇ ਵਿਰਸੇ ਵਿਚੋਂ ਪ੍ਰਾਪਤ ਹੋਏ ਮਾਨਵੀ ਮੁੱਲਾਂ ਦੇ ਮਹੱਤਵ ਨੂੰ ਦ੍ਰਿੜ੍ਹਾਉਣ ਲਈ ਉਹ ਸਚੇਤ/ਅਚੇਤ ਦੋਹਾਂ ਪੱਧਰਾਂ ਤੇ ਪ੍ਰਯਤਨਸ਼ੀਲ ਦਿਖਾਈ ਦਿੰਦਾ ਹੈ।

ਉਸ ਦੇ ਨਾਵਲਾਂ ਵਿਚ ਬਲੀਦਾਨ ਦੀ ਮਿੱਥ ਕਈ ਰੂਪਾਂ ਵਿਚ ਪੇਸ਼ ਹੁੰਦੀ ਵੇਖੀ ਜਾ ਸਕਦੀ ਹੈ। ਚਿੱਟਾ ਲਹੂ ਦਾ ਨਾਇਕ ਬਚਨ ਸਿੰਘ ਸਮਾਜਕ ਬੁਰਾਈਆਂ ਵਿਰੁੱਧ ਲੜਦਾ ਹੋਇਆ ਅੰਤ ਸ਼ਹੀਦ ਹੋ ਜਾਂਦਾ ਹੈ। ਕੋਈ ਹਰਿਆ ਬੂਟ ਰਹਿਓ ਰੀ ਦਾ ਯਤੀਸ਼ ਰੁਲਦੂ ਨੂੰ ਨਿਆਂ ਦਿਵਾਉਣ ਹਿਤ ਆਪਣੇ ਐਸ਼ੋ-ਆਰਾਮ ਦਾ ਬਲੀਦਾਨ ਦੇ ਕੇ ਰੂਪਾਂ ਨਾਲ ਵਿਆਹ ਕਰਵਾ ਲੈਂਦਾ ਹੈ। ਗ਼ਰੀਬੀ ਤੇ ਭ੍ਰਿਸ਼ਟ ਸਿਸਟਮ ਦੇ ਝੰਬੇ ਯਤੀਸ਼ ਦਾ ਇਹ ਬਲੀਦਾਨ ਅੰਤ ਉਸ ਨੂੰ ਅਣਿਆਈ ਮੌਤ ਵੱਲ ਲੈ ਜਾਂਦਾ ਹੈ। ਪਵਿੱਤਰ ਪਾਪੀ ਦਾ ਮੁੱਖ ਪਾਤਰ ਕੇਦਾਰ ਵੀ ਮੂੰਹ ਬੋਲੀ ਮਾਂ ਨਾਲ ਰਿਸ਼ਤੇ ਦਾ ਧਰਮ ਨਿਭਾਉਣ ਲਈ ਨੌਕਰੀ, ਘਰ, ਜ਼ਿੰਦਗੀ ਤੱਕ ਵਾਰ ਦਿੰਦਾ ਹੈ। ਹਾਲਾਂਕਿ ਕੇਦਾਰ ਦਾ ਵੀਣਾ ਪ੍ਰਤੀ ਮੋਹ ਉਸ ਨੂੰ ਦਵੰਦ ਦੀ ਸਥਿਤੀ ਵਿਚ ਪਾ ਦਿੰਦਾ ਹੈ । ਇਕ ਪਾਸੇ ਤਾਂ ਉਹ ਵੀਣਾ ਨੂੰ ਧਰਮ ਮਾਂ ਦੀ ਧੀ ਹੋਣ ਕਰਕੇ ਧਰਮ-ਭੈਣ ਮੰਨਦਾ ਹੈ ਤੇ ਦੂਜੇ ਪਾਸੇ ਉਸ ਵਿਚ ਆਪਣੀ ਪ੍ਰੇਮਿਕਾ ਨੂੰ ਵੇਖਦਾ ਹੈ। ਇਸ ਖੰਡਿਤ ਮਾਨਸਿਕਤਾ ਵਿਚੋਂ ਆਪਣੇ ਆਪ ਨੂੰ ਬਾਹਰ ਕੱਢਣ ਤੋਂ ਉਹ ਪੂਰੀ ਤਰ੍ਹਾਂ ਅਸਮਰਥ ਰਹਿੰਦਾ ਹੈ ਤੇ ਮਾਨਸਿਕ ਦੁਬਿਧਾਵਾਂ ਵਿਚ ਘਿਰਿਆ ਮੌਤ ਦੀ ਹੋਣੀ ਤੱਕ ਜਾ ਅੱਪੜਦਾ ਹੈ। ਨਾਸੂਰ ਨਾਵਲ ਵਿਚ ਨਾਨਕ ਸਿੰਘ ਮੰਗਤੂ ਤੇ ਸ਼ੀਲ ਬਾਲਾ ਦੇ ਵਿਆਹ ਤੋਂ ਬਾਅਦ ਉਨ੍ਹਾਂ ਦੇ ਭੈਣ-ਭਰਾ ਹੋਣ ਦੇ ਰਹੱਸ ਨੂੰ ਖੋਲ੍ਹ ਕੇ ਮੰਗਤੂ ਨੂੰ ਐਸੇ ਮਾਨਸਿਕ ਦਵੰਦ ਵਿਚ ਉਲਝਾ ਦਿੰਦਾ ਹੈ ਜਿੱਥੋਂ ਉਸ ਦਾ ਨਿਕਲਣਾ ਨਾ ਮੁਮਕਿਨ ਹੋ ਜਾਂਦਾ ਹੈ। ਉਪਰੋਕਤ ਦੋਹਾਂ ਨਾਵਲਾਂ ਦੀ ਪਿੱਠ-ਭੂਮੀ ਵਿਚ ਈਡੀਪਸ ਦੀ ਮਿੱਥ ਕਾਰਜਸ਼ੀਲ ਰਹਿੰਦੀ ਹੈ। ਈਡੀਪਸ ਅਨਜਾਣੇ ਵਿਚ ਆਪਣੀ ਮਾਂ ਨਾਲ ਸਥਾਪਿਤ ਹੋਏ ਸੰਬੰਧਾਂ ਤੋਂ ਬਾਅਦ ਰਿਸ਼ਤਿਆਂ ਦੀ ਬਦਲੀ ਤਸਵੀਰ ਨੂੰ ਸਹਿਣ ਨਹੀਂ ਕਰ ਪਾਉਂਦਾ ਤੇ ਦੁਖਾਂਤਕ ਪਰਿਣਾਮ ਦਾ ਭਾਗੀਦਾਰ ਬਣਦਾ ਹੈ।

ਵਰ ਨਹੀਂ ਸਰਾਪ ਵਿਚ ਉਹ ਮਿਥਿਕ ਪਾਤਰ ਸਰਸਵਤੀ ਦੇ ਸਦਾਚਾਰਕ ਆਚਰਨ ਦੇ ਵਿਰੋਧ ਵਿਚ ਵਰਤਮਾਨ ਸੰਦਰਭ ਵਿਚ ਸਰਸਵਤੀ ਦੇ ਆਚਰਨ ਵਿਚ ਜਿਨਸੀ ਸੰਬੰਧਾਂ ਨੂੰ ਲੈ ਕੇ ਆਏ ਨਿਘਾਰ ਦੀ ਪੇਸ਼ਕਾਰੀ ਰਾਹੀਂ ਇਸ ਮਿੱਥ ਨੂੰ ਪਲਟਾਉਂਦਾ ਹੈ ਜਿੱਥੇ ਸਰਸਵਤੀ ਜਿਨਸੀ-ਉਲਾਰ ਕਰਕੇ ਆਪਣੇ ਪਤੀ ਨੂੰ ਹੀ ਮਰਵਾ ਦਿੰਦੀ ਹੈ। ਸੰਗਮ ਨਾਵਲ ਵਿਚ ਉਹ ਦੋ ਭੈਣਾਂ ਲਲਿਤਾ ਤੇ ਤਾਰਿਕਾ ਦੇ ਨਾਵਲ ਦੇ ਅੰਤ ਵਿਚ ਇਕ ਦੂਜੀ ਦੇ ਪਤੀ ਨਾਲ ਵਿਆਹ ਕਰਵਾਉਣ ਨਾਲ ਪਤੀਵਰਤਾ ਧਰਮ ਦੀ

ਮਿੱਥ ਨੂੰ ਟੁੱਟਦੇ ਹੋਏ ਵਿਖਾਉਂਦਾ ਹੈ। ਜਦਕਿ ਚਿੱਟਾ ਲਹੂ ਪੂਰਵਲੇ ਨਾਵਲ ਮਿੱਠਾ ਮਹੁਰਾ ਦੀ ਸ਼ਕੁੰਤਲਾ ਆਪਣੇ ਪਤੀ ਦੁਆਰਾ ਛੱਡੇ ਜਾਣ ਦੇ ਬਾਵਜੂਦ ਆਪਣੀ ਹੋਂਦ ਨੂੰ ਬਣਾਈ ਰੱਖਦੀ ਹੈ ਅਤੇ ਮਿਥਿਕ ਪਾਤਰ ਸ਼ਕੁੰਤਲਾ ਦੀ ਤਰ੍ਹਾਂ ਅਥਾਹ ਦੁੱਖਾਂ ਨੂੰ ਭੋਗ ਕੇ ਪਤੀ ਪਿਆਰ ਹਾਸਿਲ ਕਰਨ ਵਿਚ ਸਫਲ ਰਹਿੰਦੀ ਹੈ।

ਪੰਜਾਬੀ ਸਾਹਿਤ ਦੀ ਇਕ ਹੋਰ ਪ੍ਰਚਲਿਤ ਗਾਲਪਨਿਕ-ਰੂੜ੍ਹੀ ਮਤਰੇਈ ਮਾਂ ਦੀ ਹੈ ਜਿਸ ਦਾ ਪਿਛੋਕੜ ਰਾਮਾਇਣ ਦੇ ਕੈਕੇਈ-ਰਾਮ ਪ੍ਰਕਰਨ ਨਾਲ ਜਾ ਜੁੜਦਾ ਹੈ। ਫ਼ੌਲਾਦੀ ਫੁੱਲ ਅਤੇ ਮਤਰੇਈ ਮਾਂ ਵਿਚ ਨਾਨਕ ਸਿੰਘ ਇਸੇ ਪ੍ਰਕਰਨ ਨੂੰ ਵਰਤਮਾਨ ਪਰਿਪੇਖ ਵਿਚ ਢਾਲ ਕੇ ਨਵੇਂ ਅਰਥਾਂ ਦਾ ਸੰਚਾਰ ਕਰਦਾ ਹੈ।

ਪੰਜਾਬੀ ਨਾਵਲ ਵਿਚ ਪ੍ਰਾਕ੍ਰਿਤਿਕਵਾਦੀ ਯਥਾਰਥ ਨੂੰ ਚਿਤਰਨ ਵਾਲੇ ਨਾਵਲ ਦੀ ਪਿਰਤ ਸੁਰਿੰਦਰ ਸਿੰਘ ਨਰੂਲਾ ਪਾਉਂਦਾ ਹੈ। ਉਸ ਦੇ 1946 ਵਿਚ ਪ੍ਰਕਾਸ਼ਿਤ ਨਾਵਲ ਪਿਉ-ਪੁੱਤਰ ਨੇ ਪੰਜਾਬੀ ਨਾਵਲ ਵਿਚ ਇਕ ਨਵੇਂ ਦੌਰ ਦਾ ਆਰੰਭ ਕੀਤਾ। ਇਸ ਨਾਵਲ ਵਿਚ ਉਸ ਨੇ 23 ਸਾਲ ਦੇ ਅੰਮ੍ਰਿਤਸਰ ਦੇ ਇਤਿਹਾਸ ਨੂੰ ਅੰਕਿਤ ਕੀਤਾ ਹੈ। ਉਸ ਸਮੇਂ ਅੰਗਰੇਜ਼ੀ ਹਕੂਮਤ ਦੀਆਂ ਨੀਤੀਆਂ ਕਾਰਨ ਅੰਮ੍ਰਿਤਸਰ ਵਿਚ ਜੋ ਬਦਲਾਅ ਆਏ ਉਨ੍ਹਾਂ ਦੀ ਜੀਵੰਤ ਪੇਸ਼ਕਾਰੀ ਇਸ ਨਾਵਲ ਦਾ ਹਾਸਿਲ ਹੈ।

ਨਾਵਲ ਰੰਗ ਮਹੱਲ ਵਿਚ ਨਰੂਲੇ ਨੇ ਤਰਕ ਬਨਾਮ ਮਿੱਥ ਦੇ ਆਪਸੀ ਦਵੰਦ ਨੂੰ ਉਘਾੜਿਆ ਹੈ। ਮਾਨਕ ਸਿੰਘ ਆਪਣੇ ਕਿਤਾਬੀ ਗਿਆਨ ਦੇ ਆਧਾਰ ਤੇ ਤਾਰਿਆਂ ਦੇ ਵਿਗਿਆਨਕ ਸੱਚ ਤੋਂ ਜਗਜੀਤ ਸਿੰਘ ਨੂੰ ਜਾਣੂੰ ਕਰਵਾ ਕੇ ਹਿੰਦੂ ਮਿਥਿਹਾਸ ਵਿਚ ਗ੍ਰਹਿਆਂ ਤੇ ਨਛੱਤਰਾਂ ਦੇ ਮਨੁੱਖੀ ਜੀਵਨ ਤੇ ਪੈਣ ਵਾਲੇ ਅਸਰ ਨੂੰ ਨਖਿੱਧ ਸਾਬਤ ਕਰਦਾ ਹੈ। ਮਾਨਕ ਸਿੰਘ ਦੀ ਅਜਿਹੀ ਸੋਚ ਉਸ ਦੇ ਅਵਚੇਤਨ ਵਿਚ ਮਿੱਥਾਂ ਦੇ ਰੂਪ ਵਿਚ ਪਏ ਸੰਸਕਾਰਾਂ ਦੀ ਧਾਰਨਾ ਨੂੰ ਦ੍ਰਿੜ੍ਹ ਕਰਦੀ ਹੈ। ਉਸ ਦੀ ਨਜ਼ਰ ਵਿਚ ਸਾਰੀ ਸ੍ਰਿਸ਼ਟੀ ਸ਼ਿਵ ਦੀ ਆਗਿਆ ਵਿਚ ਬੱਝੀ ਹੈ। ਬ੍ਰਹਿਮੰਡ ਦਾ ਹਰ ਭੇਦ ਪ੍ਰਮਾਤਮਾ ਦੀ ਰਜ਼ਾ ਵਿਚ ਛੁਪਿਆ ਸੀ। ਉਹ ਕ੍ਰਿਸ਼ਨ ਦੇ ਰੂਪ ਵਿਚ ਸੁਦਾਮੇ ਦੀ ਮੁਕਤੀ ਵਾਂਗ ਹਰ ਇਨਸਾਨ ਦੀ ਮੁਕਤੀ ਦਾ ਜਰੀਆਂ ਬਣ ਸਕਦਾ ਹੈ। ਮਾਨਕ ਸਿੰਘ ਦੇ ਮਾਲੀ ਵਾਸਤੇ ਮਾਨਕ ਸਿੰਘ ਦੀ ਰੱਖਿਆ ਸਿਰਫ਼ ਦੁਰਗਾ ਮਾਈ ਹੀ ਕਰ ਸਕਦੀ ਹੈ।

ਨਾਵਲ ਤ੍ਰਿਸ਼ੰਕੂ ਵਿਚ ਹਰਨਾਮ ਦਾਸ ਸਹਿਰਾਈ ਸ਼ਸ਼ੀ ਤੇ ਅਨੁਪਮਾ ਦਾ ਪ੍ਰੇਮ-ਪ੍ਰਸੰਗ ਈਡੀਪਸ ਦੀ ਮਿੱਥ ਦੇ ਆਧਾਰ ਤੇ ਉਸਾਰਦਾ ਹੈ। ਅਨੁਪਮਾ ਸ਼ਸ਼ੀ ਦੇ ਗੁਆਂਢੀ ਜ਼ੈਲ ਸਿੰਘ ਤੇ ਉਸ ਦੀ ਪਤਨੀ ਦੀ ਔਲਾਦ ਨਾ ਹੋ ਕੇ ਸ਼ਸ਼ੀ ਦੇ ਪਿਉ ਤੇ ਅਨੁਪਮਾ ਦੀ ਮਾਂ ਦੇ ਨਜਾਇਜ਼ ਸੰਬੰਧਾਂ ਤੋਂ ਪੈਦਾ ਹੁੰਦੀ ਹੈ ਤੇ ਸ਼ਸ਼ੀ ਲਈ ਇਹ ਸੱਚ ਧਰਮ-ਸੰਕਟ ਦਾ ਕਾਰਨ ਬਣਦਾ ਹੈ। ਪਰ ਨਾਵਲਕਾਰ ਈਡੀਪਸ ਦੀ ਮਿੱਥ ਨੂੰ ਆਧੁਨਿਕ ਯੁੱਗ ਦੇ ਕੱਚੇ ਰਿਸ਼ਤਿਆਂ ਦੇ ਸਨਮੁੱਖ ਰੂਪਾਂਤਰਿਤ ਕਰਦਾ ਹੈ ਤੇ ਸ਼ਸ਼ੀ ਅੰਤ ਤੱਕ ਅਨੁਪਮਾ ਨਾਲ ਆਪਣੇ ਰਿਸ਼ਤੇ ਨੂੰ ਲੈ ਕੇ ਦਵੰਦ ਵਿਚ ਰਹਿੰਦਾ ਹੈ। ਉਸ ਦਾ ਰਿਸ਼ਤਾ ਸਿਰਫ਼ ਅਨੁਪਮਾ ਨਾਲੋਂ ਹੀ ਨਹੀਂ ਕੁਲਬੀਰ ਤੇ ਪਾਸ਼ ਨਾਲੋਂ ਵੀ ਟੁੱਟਦਾ ਹੈ ਤੇ ਉਹ ਆਪਣੇ ਆਪ ਨੂੰ ਤ੍ਰਿਸ਼ੰਕੂ ਦੀ ਤਰ੍ਹਾਂ ਅਨੁਭਵ ਕਰਦਾ ਹੈ। ਉਸ ਤ੍ਰਿਸ਼ੰਕੂ ਰਿਸ਼ੀ ਦੀ ਤਰ੍ਹਾਂ ਜੋ ਬਹੁਤ ਭਗਤੀ ਕਰਨ ਤੋਂ ਬਾਅਦ ਧਰਮ ਰਾਜ ਕੋਲੋਂ ਇਹ ਵਰ ਪ੍ਰਾਪਤ ਕਰਦਾ ਹੈ ਕਿ ਉਹ ਦੇਹ ਸਮੇਤ ਦੇਵ-ਲੋਕ ਜਾਣਾ ਚਾਹੁੰਦਾ ਹੈ। ਪਰੰਤੂ ਬ੍ਰਹਮਾ ਲਈ ਇਹ ਅਸਹਿ ਸੀ। ਇਸੇ ਲਈ ਉਹ ਤ੍ਰਿਸ਼ੰਕੂ ਰਿਸ਼ੀ ਨੂੰ ਅੱਧ ਵਿਚਕਾਰ ਹੀ ਰੋਕ

ਦਿੰਦਾ ਹੈ। ਯੁੱਗਾਂ ਤੋਂ ਲਟਕਦੇ ਇਸ ਤ੍ਰਿਸ਼ੰਕੂ ਰਿਸ਼ੀ ਦੀ ਤਰ੍ਹਾਂ ਉਹ ਆਪਣੇ ਪਿਆਰ ਦੀ ਪ੍ਰਾਪਤੀ ਦੇ ਰਾਹ ਦੇ ਅੱਧ ਵਿਚਾਲੇ ਹੀ ਰਹਿ ਜਾਂਦਾ ਹੈ।

ਅਰਸ਼ੋਂ ਡਿੱਗਾ ਨਾਵਲ ਮੂਲ ਰੂਪ ਵਿਚ ਮਿਥਿਹਾਸ ਨਾਵਲ ਹੈ ਜਿਸ ਵਿਚ ਜਸਵੰਤ ਸਿੰਘ ਵਿਰਦੀ ਭਾਰਤੀ ਮਿਥਿਹਾਸ ਦੇ ਪ੍ਰਮੁੱਖ ਪਾਤਰਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਦੇ ਆਲੇ-ਦੁਆਲੇ ਕਥਾ ਦਾ ਅਜਿਹਾ ਸੰਸਾਰ ਬੁਣਦਾ ਹੈ ਜਿਸ ਵਿਚੋਂ ਆਧੁਨਿਕ ਜੀਵਨ ਦੇ ਸੱਚ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਨਾਵਲ ਦੇ ਪਾਤਰ ਇੰਦਰ ਦੇਵਤਾ ਦੇ ਸਵਰਗ ਨੂੰ ਛੱਡ ਕੇ ਚਲੇ ਜਾਣ ਤੋਂ ਬਾਅਦ ਮਾਤ ਲੋਕ ਦਾ ਰਾਜਾ ਨਹੁਸ਼ ਸਵਰਗ 'ਤੇ ਕਬਜ਼ਾ ਕਰ ਲੈਂਦਾ ਹੈ। ਸਿੰਘਾਸਣ 'ਤੇ ਕਾਬਜ਼ ਹੋਣ ਤੋਂ ਬਾਅਦ ਉਹ ਖ਼ੁਦ ਦੀ ਪ੍ਰਸੰਸਾ ਵਿਚ ਕਵੀਆਂ ਕੋਲੋਂ ਗੀਤ ਲਿਖਵਾਉਂਦਾ ਹੈ, ਬੁੱਧੀਜੀਵੀ ਵਰਗ ਨੂੰ ਆਪਣੇ ਵੱਸ ਵਿਚ ਕਰਕੇ ਇੰਦਰ ਦੀ ਪਤਨੀ ਨਾਲ ਵਿਆਹ ਕਰਵਾਉਣਾ ਲੋਚਦਾ ਹੈ। ਸਿੰਘਾਸਣ ਨਾਲ ਜੁੜੀ ਹਰ ਸ਼ੈਅ ਦਾ ਉਹ ਖ਼ੁਦ ਨੂੰ ਹੱਕਦਾਰ ਸਮਝਦਾ ਹੋਇਆ ਅੰਤ ਆਪਣੇ ਹੰਕਾਰ ਦਾ ਮਾਰਿਆ ਨਾਗ ਜੂਨ ਵਿਚ ਪੈ ਕੇ ਸਵਰਗ ਲੋਕ ਤੋਂ ਐਸਾ ਥੱਲੇ ਡਿਗਦਾ ਹੈ ਕਿ ਗੁਮਨਾਮ ਜੰਗਲ ਹੀ ਉਸ ਦਾ ਟਿਕਾਣਾ ਬਣਦੇ ਹਨ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਪੂਰੇ ਨਾਵਲ ਵਿਚ ਮਿੱਥ ਤੇ ਮਿਥਿਕ ਪਾਤਰ ਅਗਰ ਭੂਮੀ ਵਿਚ ਵਿਚਰਦੇ ਹਨ ਤੇ ਨਾਵਲ ਦੀ ਪਿੱਠ-ਭੂਮੀ ਵਿਚ ਇਹ ਮਿੱਥ ਰੂਪਾਂਤਰਿਤ ਹੋ ਕੇ ਅਜੋਕੇ ਜੀਵਨ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ ਤੇ ਮਨੁੱਖੀ ਚਰਿੱਤਰ ਦੇ ਬਹੁ-ਪਰਤੀ ਲੱਛਣ ਨੂੰ ਬੁਨਿਆਦੀ ਲੱਛਣ ਸਿੱਧ ਕਰਦੀ ਹੈ। ਆਧੁਨਿਕ ਸਮਾਜਕ ਪ੍ਰਬੰਧ ਵਿਚ ਸੱਤਾ ਪ੍ਰਾਪਤੀ ਅਜਿਹਾ ਸਵਰਗ-ਲੋਕ ਪ੍ਰਤੀਤ ਹੁੰਦੀ ਹੈ ਜਿੱਥੋਂ ਮਨ-ਇੱਛਿਤ ਫਲ ਦੀ ਪ੍ਰਾਪਤੀ ਸੰਭਵ ਹੈ। ਸਵੈ-ਪ੍ਰਸੰਸਾ ਕਰਵਾਉਣ ਦੀ ਰਵਾਇਤ ਮਿਥਿਹਾਸ ਤੋਂ ਚਲਦੀ ਇਤਿਹਾਸ ਦੇ ਹਰ ਕਾਲ-ਖੰਡ ਵਿਚ ਸੱਤਾ-ਧਿਰ ਵਿਚ ਹਾਜ਼ਰ ਰਹੀ ਹੈ। ਸੱਤਾ ਉੱਤੇ ਕਾਬਜ਼ ਲੋਕ ਹਕੂਮਤ ਦੇ ਨਸ਼ੇ ਵਿਚ ਚੂਰ ਹੋ ਕੇ ਵਾਜਬ, ਗ਼ੈਰ-ਵਾਜਬ ਫ਼ੈਸਲਿਆਂ ਨੂੰ ਆਮ ਲੋਕਾਂ ਉੱਤੇ ਠੋਸਦੇ ਹਨ ਤੇ ਨੌਕਰ ਸ਼ਾਹ ਵੀ ਮਹਿਜ਼ ਇਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦੇ ਹਨ। ਸਵਾਰਥ-ਸਿੱਧੀ ਜਾਂ ਵਫ਼ਾਦਾਰੀ ਦੇ ਪ੍ਰਗਟਾਵੇ ਲਈ ਨਾ ਸਿਰਫ਼ ਸਾਧਾਰਨ ਜਨਤਾ ਬਲਕਿ ਬੁੱਧੀਜੀਵੀ ਵਰਗ ਵੀ ਇਨ੍ਹਾਂ ਦਾ ਝੋਲੀ ਝੁਕ ਬਣਨ ਲਈ ਤਿਆਰ ਹੋ ਜਾਂਦਾ ਹੈ। ਨਾਵਲ ਦੇ ਅੰਤ ਵਿਚ ਰਾਜਾ ਨਹੁਸ਼ ਦਾ ਅੰਤ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਜਦ ਤੱਕ ਬੁੱਧੀਜੀਵੀ ਵਰਗ ਆਪਣੇ ਵਿਚਾਰਾਂ ਨਾਲ ਆਮ ਜਨਤਾ ਵਿਚ ਚੇਤਨਾ ਦੀ ਨਵੀਂ ਰੂਹ ਨਹੀਂ ਫੂਕਦਾ, ਤਦ ਤੱਕ ਸ਼ਾਸਕ ਧਿਰ ਉਨ੍ਹਾਂ ਦਾ ਸ਼ੋਸ਼ਣ ਕਰਦੀ ਰਹੇਗੀ।

ਆਧੁਨਿਕ ਦੌਰ ਵਿਚ ਸੁਰਜੀਤ ਸਿੰਘ ਸੇਠੀ, ਨਿਰੰਜਨ ਤਸਨੀਮ, ਸੁਖਬੀਰ, ਸ. ਸੋਜ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਤੇ ਮਿੱਤਰ ਸੈਨ ਮੀਤ ਜਿਹੇ ਨਾਵਲਕਾਰਾਂ ਨੇ ਪੰਜਾਬੀ ਨਾਵਲ ਦੇ ਮੁਹਾਂਦਰੇ ਨੂੰ ਬਦਲਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹਨਾਂ ਪ੍ਰਮੁੱਖ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ ਅਤੇ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਵਿਚ ਮਿੱਥ ਨੂੰ ਰੂਪਾਂਤਰਿਤ ਢੰਗ ਨਾਲ ਵਰਤਿਆ ਹੈ। ਜਿਵੇਂ ਕਿ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਰਚਨਾ-ਭੂਮੀ ਮਾਲਵਾ ਖੇਤਰ ਹੈ, ਜਿੱਥੇ ਮਿੱਥਾਂ ਚੇਤਨ-ਅਵਚੇਤਨ ਮਨ ਵਿਚ ਵਸੀਆਂ ਲੋਕ-ਜੀਵਨ ਦਾ ਅਨਿੱਖੜ ਅੰਗ ਬਣ ਚੁੱਕੀਆਂ

ਹਨ। ਇਹ ਮਿੱਥਾਂ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਹੋ ਕੇ ਸਮਕਾਲੀ ਜੀਵਨ-ਯਥਾਰਥ ਨੂੰ ਪ੍ਰਸਤੁਤ ਕਰਦੀਆਂ ਹਨ। ਅੰਨ੍ਹੇ ਘੋੜੇ ਦਾ ਦਾਨ ਦੇ ਆਰੰਭਲੇ ਹਿੱਸੇ ਵਿਚ ਸਮੁੰਦਰ-ਮੰਥਨ ਦੀ ਮਿੱਥ ਤੇ ਰਾਹੂ-ਕੇਤੂ ਦੀ ਮਿੱਥ ਜਾਗੀਰਦਾਰੀ ਸਮਾਜ ਵਿਚ ਸੀਰੀ ਵਰਗ ਦੇ ਤ੍ਰਾਸਦਿਕ ਯਥਾਰਥ ਨੂੰ ਉਘਾੜਨ ਦੀਆਂ ਜੁਗਤਾਂ ਹਨ। ਉੱਚ-ਧਿਰ ਦਾ ਉਪਜਾਊ ਜੀਵਨ ਤੋਂ ਮਿਲਣ ਵਾਲੀਆਂ ਸਾਰੀਆਂ ਸੁੱਖ-ਸਹੂਲਤਾਂ ਰੂਪੀ ਅੰਮ੍ਰਿਤ 'ਤੇ ਮਾਰਿਆ ਗ਼ਲਬਾ ਉਨ੍ਹਾਂ ਦੀ ਸ਼ੋਸ਼ਣ ਕਰਨ ਦੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ। ਨਾਵਲ ਪਰਸਾ ਦਾ ਨਾਇਕ ਮਿਥਿਕ ਪਾਤਰ ਪਰਸਰਾਮ ਦੀ ਤਰ੍ਹਾਂ ਗ਼ਲਤ ਕਦਰਾਂ-ਕੀਮਤਾਂ ਨੂੰ ਸਵੀਕਾਰਦਾ ਨਹੀਂ ਤੇ ਆਪਣੇ ਪੁੱਤਰ ਬਸੰਤੇ ਦੇ ਰਾਜ-ਸੱਤਾ ਵਿਰੁੱਧ ਕੀਤੇ ਸੰਘਰਸ਼ ਦਾ ਹਮਾਇਤੀ ਬਣਦਾ ਹੈ। ਨਾਵਲ ਦੇ ਆਰੰਭ ਵਿਚ ਹਰਨਾਖਸ਼-ਨਰਸਿੰਘ ਦੀ ਕਥਾ ਨੂੰ ਵਰਤਮਾਨ ਪ੍ਰਸੰਗ ਵਿਚ ਪਰਿਵਰਤਿਤ ਕਰਦਾ ਹੈ। ਵਰਤਮਾਨ ਵਿਚ ਹਰਨਾਖਸ਼ ਵਰਗੀ ਬੁਰਾਈ ਦੇ ਖ਼ਾਤਮੇ ਲਈ ਨਰਸਿੰਘ ਵਰਗੀ ਕੋਈ ਦੈਵੀ ਸ਼ਕਤੀ ਇਸ ਦੁਨੀਆ 'ਤੇ ਨਹੀਂ ਆਵੇਗੀ। ਸਾਧਾਰਨ ਮਨੁੱਖ ਦੀ ਆਪਾ ਵਾਰਨ ਦੀ ਭਾਵਨਾ ਹੀ ਇਸ ਬੁਰਾਈ ਨਾਲ ਲੋਹਾ ਲੈ ਸਕਣ ਦੀ ਜੁਰਅਤ ਕਰਦੀ ਹੈ ਭਾਵੇਂ ਇਸ ਦਾ ਨਤੀਜਾ ਸਵੈ-ਘਾਤਕ ਹੀ ਕਿਉਂ ਨਾ ਹੋਵੇ।

ਪੰਜਾਬੀ ਨਾਵਲ ਦੇ ਇਤਿਹਾਸ ਵਿਚ ਦਲੀਪ ਕੌਰ ਟਿਵਾਣਾ ਦਾ ਆਗਮਨ 1967 ਵਿਚ ਛਪੇ ਨਾਵਲ ਅਗਨੀ ਪ੍ਰੀਖਿਆ ਨਾਲ ਹੁੰਦਾ ਹੈ। ਆਪਣੇ 2012 ਵਿਚ ਛਪੇ ਨਾਵਲ ਗੱਲ ਜੁਗਨੂੰਆਂ ਦੀ ਤੱਕ ਉਸ ਨੇ ਲੰਮੀ ਸਾਹਿਤਕ ਘਾਲਣਾ ਘਾਲੀ ਹੈ ਅਤੇ ਪੰਜਾਬੀ ਗਲਪ ਸਾਹਿਤ ਨੂੰ ਹੁਣ ਤੱਕ ਲਗਭਗ ਸੈਂਤੀ ਨਾਵਲ ਦਿੱਤੇ ਹਨ। ਉਹ ਪਹਿਲੀ ਪੰਜਾਬੀ ਸਾਹਿਤਕਾਰਾ ਹੈ ਜਿਸ ਨੂੰ ਭਾਰਤੀ ਸਾਹਿਤ ਅਕਾਦਮੀ ਸਨਮਾਨ ਤੇ ਸਰਸਵਤੀ ਸਨਮਾਨ ਹਾਸਿਲ ਹੋਇਆ ਹੈ। ਉਸ ਦੇ ਨਾਵਲ ਏਹ ਹਮਾਰਾ ਜੀਵਣਾ ਨੂੰ 1971 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਸਨਮਾਨ ਮਿਲਿਆ ਜਦ ਕਿ ਕਥਾ ਕਹੋ ਉਰਵਸ਼ੀ ਲਈ ਉਸ ਨੂੰ 2001 ਵਿਚ ਸਰਸਵਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਪੰਜ ਦਹਾਕਿਆਂ ਦੇ ਕਲਮੀ ਸਫ਼ਰ ਦੌਰਾਨ ਟਿਵਾਣਾ ਦੀਆਂ ਗਲਪ ਰਚਨਾਵਾਂ ਦੀ ਮਿੱਥਾਂ ਨਾਲ ਸਾਂਝ ਨਿਰੰਤਰ ਕਾਇਮ ਰਹਿੰਦੀ ਹੈ ਤੇ ਉਸ ਦੇ ਨਾਵਲਾਂ ਵਿਚ ਮਿੱਥ ਵਿਭਿੰਨ ਰੂਪਾਂ ਵਿਚ ਪੇਸ਼ ਹੁੰਦੀ ਹੈ। ਕਿਤੇ ਇਹ ਆਪਣੇ ਮੂਲ ਰੂਪ ਵਿਚ ਪ੍ਰਸਤੁਤ ਹੁੰਦੀ ਹੈ ਤੇ ਕਿਤੇ ਰੂਪਾਂਤਰਿਤ ਰੂਪ ਵਿਚ ਪੇਸ਼ ਹੁੰਦੀ ਹੋਈ ਯਥਾਰਥ ਦਾ ਜਾਮਾ ਪਹਿਨ ਕੇ ਆਧੁਨਿਕ ਮਨੁੱਖ ਦੀ ਹੋਣੀ ਨੂੰ ਬਿਆਨ ਕਰਦੀ ਹੈ। ਕਿਤੇ ਇਹ ਟਿਵਾਣਾ ਦੇ ਨਾਵਲਾਂ ਦੇ ਵਸਤੂ-ਜਗਤ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਰਹਿੰਦੀ ਹੈ ਤੇ ਕਿਤੇ ਪਾਤਰਾਂ ਦੀ ਜ਼ੁਬਾਨ ਤੋਂ ਨਿਕਲੇ ਉਚਾਰ ਦੀ ਸ਼ਕਲ ਵਿਚ ਅਗਰ ਭੂਮੀ ਵਿਚ ਆ ਖਲੋਂਦੀ ਹੈ। ਉਸ ਦੇ ਛੇ ਨਾਵਲਾਂ ਅਗਨੀ ਪ੍ਰੀਖਿਆ, ਦੂਸਰੀ ਸੀਤਾ, ਰਿਣ ਪਿਤਰਾਂ ਦਾ, ਕਥਾ ਕਹੋ ਉਰਵਸ਼ੀ, ਭਉਜਲ ਤੇ ਕਲਯੁਗ ਰਥ ਅਗਨ ਕਾ ਦੇ ਸਿਰਲੇਖ ਹੀ ਇਨ੍ਹਾਂ ਦਾ ਸਿੱਧੇ ਤੌਰ ਤੇ ਮਿਥਿਹਾਸ ਤੇ ਆਧਾਰਿਤ ਹੋਣਾ ਦਰਸਾਉਂਦੇ ਹਨ। ਇਸ ਤੋਂ ਇਲਾਵਾ ਉਸ ਦੇ ਬਾਕੀ ਨਾਵਲਾਂ ਤੇ ਵੀ ਮਿੱਥਾਂ ਦਾ ਪ੍ਰਭਾਵ ਵਿਆਪਕ ਰੂਪ ਵਿਚ ਨਜ਼ਰੀਂ ਆਉਂਦਾ ਹੈ ਤੇ ਥਾਂ ਪੁਰ ਥਾਂ ਮਿਥਿਕ ਹਵਾਲਿਆਂ ਦੀ ਹਾਜ਼ਰੀ ਰਚਨਾਵਾਂ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਇਨ੍ਹਾਂ ਹਵਾਲਿਆਂ

ਰਾਹੀ ਉਹ ਮੂਲ ਮਾਨਵੀ ਮੁੱਲਾਂ ਦਾ ਪ੍ਰਚਾਰ ਤਾਂ ਕਰਦੀ ਹੀ ਹੈ, ਨਾਲ ਹੀ ਇਨ੍ਹਾਂ ਦੇ ਰੂਪਾਂਤਰਿਤ ਰੂਪ ਰਾਹੀਂ ਨਵੇਂ ਅਰਥਾਂ ਦਾ ਸਿਰਜਣ ਤੇ ਸੰਚਾਰ ਵੀ ਕਰਦੀ ਹੈ।

ਮਿੱਤਰ ਸੈਨ ਮੀਤ ਦਾ ਜਨਮ ਨਿਮਨ ਵਰਗੀ ਪਰਿਵਾਰ ਵਿਚ 20 ਅਕਤੂਬਰ 1952 ਨੂੰ ਪਿੰਡ ਭੋਤਨਾ (ਸੰਗਰੂਰ) ਵਿਚ ਹੋਇਆ। ਆਪ ਦੇ ਪਿਤਾ ਕਿੱਤੇ ਵਜੋਂ ਪਟਵਾਰੀ ਸਨ। ਉਸ ਨੇ ਆਪਣੇ ਬਚਪਨ ਦੇ ਅੱਠ ਨੌਂ ਸਾਲ ਪਿੰਡ ਵਿਚ ਹੀ ਬਿਤਾਏ। ਮੀਤ ਨੇ ਮੁੱਢਲੀ ਪੜ੍ਹਾਈ ਪਿੰਡ ਵਿਚ ਹੀ ਕੀਤੀ। 1972 ਵਿਚ ਬੀ.ਏ. (ਆਨਰਜ਼ ਇਨ ਮੈਥ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਨਾਲ ਪਹਿਲੇ ਸਥਾਨ ਤੇ ਰਹਿ ਕੇ ਕੀਤੀ। ਵਿੱਦਿਆ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਦਿਆਂ ਦਿਨੇ ਨੌਕਰੀ ਤੇ ਸ਼ਾਮ ਦੀਆਂ ਕਲਾਸਾਂ ਲਗਾ ਕੇ ਐਲ.ਐਲ.ਬੀ 1976 ਵਿਚ ਦੂਜੇ ਸਥਾਨ ਤੇ ਰਹਿ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਐਲ.ਐਲ.ਬੀ ਦੀ ਪੜ੍ਹਾਈ ਦੌਰਾਨ ਗਿਆਨੀ ਤੇ ਬੀ.ਐੱਡ. ਦੀ ਡਿਗਰੀ ਵੀ ਹਾਸਲ ਕੀਤੀ। ਜਨਵਰੀ 1979 ਵਿਚ ਸਰਕਾਰੀ ਵਕੀਲ ਬਣੇ। ਪੜ੍ਹਾਈ ਕਰਨ ਦੇ ਬਾਵਜੂਦ ਆਪਣੇ ਅੰਦਰਲੇ ਸਾਹਿਤਕਾਰ ਤੋਂ ਭੱਜ ਨਾ ਸਕੇ ਤੇ ਹਮੇਸ਼ਾ ਆਪਣੀ ਰਚਨਾ ਦੀ ਸਿਰਜਨਾ ਨਾਲ ਜੁੜੇ ਰਹੇ। ਮਿੱਤਰ ਸੈਨ ਮੀਤ ਇਸ ਸਮੇਂ ਲੁਧਿਆਣੇ ਸ਼ਹਿਰ ਵਿਚ ਆਪਣੀ ਪਤਨੀ ਰਾਜ ਰਾਣੀ ਅਤੇ ਬੇਟੇ ਵਨੀਤ ਨਾਲ ਆਪਣੀ ਨੌਕਰੀ ਤੇ ਸਾਹਿਤਕ ਸਫ਼ਰ ਕਰ ਰਹੇ ਹਨ।

ਪੰਜਾਬੀ ਨਾਵਲ ਵਿਚ ਮਿੱਤਰ ਸੈਨ ਮੀਤ ਆਪਣੇ ਨਾਵਲ 'ਅੱਗ ਦੇ ਬੀਜ'-1971 ਨਾਲ ਪ੍ਰਵੇਸ਼ ਕਰਦਾ ਹੈ। ਇਸ ਤੋਂ ਇਲਾਵਾ ਹੁਣ ਤਕ ਉਸ ਦੇ ਪੰਜ ਹੋਰ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਜਿਵੇਂ ਕਿ ਕਾਫ਼ਲਾ, ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ । ਮਿੱਤਰ ਸੈਨ ਮੀਤ ਦੇ ਇਨ੍ਹਾਂ ਛੇ ਨਾਵਲਾਂ ਵਿਚੋਂ ਉਸ ਦੇ ਨਾਵਲ 'ਸੁਧਾਰ ਘਰ' ਨੂੰ ਸਾਹਿਤ ਅਕਾਦਮੀ ਦਾ ਸਰਵੋਤਮ ਐਵਾਰਡ ਮਿਲ ਚੁੱਕਾ ਹੈ। ਪਰ ਇਨ੍ਹਾਂ ਛੇ ਨਾਵਲਾਂ ਵਿਚੋਂ ਜੋ ਸਭ ਤੋਂ ਵੱਧ ਚਰਚਿਤ ਰਿਹਾ ਉਹ ਹੈ 'ਕੌਰਵ ਸਭਾ'। ਮਿੱਤਰ ਸੈਨ ਮੀਤ ਦੇ ਗਲਪ ਸੰਸਾਰ ਦੀ ਵਿਸ਼ੇਸ਼ਤਾ ਰਾਜ ਤੰਤਰ ਦੀਆਂ ਭ੍ਰਿਸ਼ਟ ਸ਼ਾਖਾਵਾਂ ਦਾ ਖੋਖਲਾ ਪਨ ਉਘਾੜਨ ਵਿਚ ਹੈ। ਕੌਰਵ ਸਭਾ ਵਿਚ ਵੀ ਨੈਤਿਕ ਮੁੱਲਾਂ, ਆਰਥਿਕ, ਰਾਜਨੀਤਿਕ ਤੇ ਨਿਆਇਕ ਸਿਸਟਮ ਵਿਚੋਂ ਉੱਘੜਦੀਆਂ ਬੁਰਾਈਆਂ ਨੂੰ ਮਿਥਿਕ ਪ੍ਰਕਰਨ 'ਕੌਰਵ ਸਭਾ' ਦੇ ਪਰਿਪੇਖ ਵਿਚ ਉਭਾਰਿਆ ਗਿਆ ਹੈ। 'ਕੌਰਵ ਸਭਾ' ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਮਹਾਂਭਾਰਤ ਵਿਚ ਹਸਤਨਾਪੁਰ ਦੀ ਰਾਜ-ਸੱਤਾ ਉੱਤੇ ਕਾਬਜ਼ ਭਾਵੇਂ ਕੌਰਵ ਸਨ ਪਰੰਤੂ ਉਸ ਸਭਾ ਵਿਚ ਭੀਸ਼ਮ ਪਿਤਾਮਾ, ਵਿਦੁਰ, ਕਿਰਪਾਚਾਰੀਆ, ਦਰੋਣਾਚਾਰੀਆ ਅਤੇ ਦਾਨ ਵੀਰ ਕਰਨ ਵਰਗੇ ਯੁੱਗ ਪੁਰਸ਼ ਵੀ ਸ਼ਾਮਲ ਸਨ। ਇਹ ਯੁੱਗ ਪੁਰਸ਼ ਭਾਵੇਂ ਸੱਤਾ ਦਾ ਹਿੱਸਾ ਸਨ ਪਰ ਦਿਲੋਂ ਸੱਤਾ ਦੀ ਬੇਇਨਸਾਫ਼ੀ ਨਾਲ ਸਹਿਮਤ ਨਹੀਂ ਸਨ। ਪਰੰਤੂ ਅਜੋਕੇ ਕੌਰਵ ਸ਼ਾਸਕ ਵਰਗ ਵਿਚ ਅਜਿਹਾ ਕੋਈ ਯੁੱਗ ਪੁਰਸ਼ ਨਹੀਂ ਬਲਕਿ ਸਾਰੇ ਹੀ ਕੌਰਵ ਹਨ।

ਇਸ ਪ੍ਰਕਾਰ ਹੀ ਨਾਵਲ 'ਕੌਰਵ ਸਭਾ' ਦੇ ਪੀੜਤ ਪਾਤਰ ਆਮ ਵਿਅਕਤੀ ਹਨ ਉਹ ਕਿਸੇ ਖ਼ਾਸ ਕਲਾ ਵਿਚ ਨਿਪੁੰਨ ਨਹੀਂ। ਮਹਾਂਭਾਰਤ ਵਿਚ ਦਰੋਪਤੀ ਨੂੰ ਤਾਂ ਨਗਨ ਹੋਣ ਤੋਂ ਮਾਇਆਵੀ ਕ੍ਰਿਸ਼ਨ ਨੇ ਬਚਾਅ ਲਿਆ ਸੀ ਪਰੰਤੂ ਨੇਹਾ ਦਾ ਬਲਾਤਕਾਰ

ਹੋ ਜਾਂਦਾ ਹੈ। ਮਹਾਂਭਾਰਤ ਦੇ ਅਖੀਰ ਵਿਚ ਪਾਂਡਵ ਧਰਮਯੁੱਧ ਜਿੱਤ ਕੇ ਨਾਇਕ ਬਣ ਜਾਂਦੇ ਹਨ ਪਰੰਤੂ ਨਾਵਲ 'ਕੌਰਵ ਸਭਾ' ਦੇ ਪਾਤਰ ਇਨਸਾਫ਼ ਲਈ ਲੜਦੇ-ਲੜਦੇ ਘੋਰ ਸੰਕਟ ਵਿਚ ਜਕੜੇ ਜਾਂਦੇ ਹਨ। ਮਹਾਂਭਾਰਤ ਵਿਚ ਅੰਤ ਉੱਤੇ ਨੇਕੀ ਦੀ ਬਦੀ ਉੱਤੇ ਜਿੱਤ ਹੁੰਦੀ ਹੈ ਪਰ 'ਕੌਰਵ ਸਭਾ' ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿੱਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ ਬਦੀ ਉੱਤੇ ਨੇਕੀ ਦੀ ਜਿੱਤ ਦੀ ਮਿੱਥ ਨੂੰ ਤੋੜਦਾ ਹੋਇਆ ਇਹ ਵਿਅੰਗ ਕਰਦਾ ਹੈ ਕਿ ਆਧੁਨਿਕ ਲੋਕਤੰਤਰੀ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੈ।

---

1 'Introduction' in John B. Vickery (eds.), Myth and Literature, p-9

2 'Myth, Fiction and Displacement', in William J. Handy and Max Westbrook (ed.), Twentieth Century Criticism, p-165

3 'Myth, Fiction and Displacement', in William J. Handy and Max Westbrook (ed.), Twentieth Century Criticism, p-168

4 'Notes on the Study of Myth' in William J. Handy and Max Westbrook (ed.), Twentieth Century Criticism, p-248

5 John J. White, op.cit., p-14-15

6 Jan De Vries, op.cit., p-44

7 'Introduction' in John B. Vickery (eds.), Myth and Literature, p-9

8 Richard Slotkin, opcit., p-4

9 ਉੱਦਾਤ ਬਾਰੇ, ਪੰਨਾ-20

10 As quoted in D.K.Lal, Myth And Mythical Concept in O' Neill's plays, p-1

---

[11] Northrop Frye, ''Myth, Fiction, and Displacement'', Twentieth Century Criticism: The Major Statement(ed.), William J Handy, Wax Westbrook, p-161

[12] ਗੁਰਚਰਨ ਸਿੰਘ, ''ਹਰਿਭਜਨ ਸਿੰਘ ਨਾਲ ਇਕ ਕਲਪਿਤ ਸੰਬਾਦ'', ਵਿਹਾਰਕੀ (ਸੰਪਾ.ਤਰਲੋਕ ਸਿੰਘ ਕੰਵਰ), ਪੰਨਾ-97

[13] ਜਗਬੀਰ ਸਿੰਘ, ''ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ: ਇਕ ਅਧਿਐਨ'', ਵਿਹਾਰਕੀ (ਸੰਪਾ. ਤਰਲੋਕ ਸਿੰਘ ਕੰਵਰ), ਪੰਨਾ-59

[14] ''Myth, Fiction and Displacement'', Twentieth Century Criticism: The Major Statement (ed.), William J Handy, Wax Westbrook, p-168

[15] ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ-89

[16] Anotomy of Criticism, p-136

[17] ''Myth, Fiction and Displacement'', Twentieth Century Criticism: The Major Statement (ed.), William j Handy, Wax Westbrook, p-165-166

[18] John B. Vickery(ed.), ''Introduction'', Myth and Literature: Contemporary Theory and Practice, p.IX ( Source: Google Book Search)

[19] ''Myth in Primitive Psychology'', Myth: Critical Concepts in Literary and Cultural Studies (ed.), Robert A. Segal, Vol-III, p-156

[20] ਜਸਵਿੰਦਰ ਸਿੰਘ, ਸਭਿਆਚਾਰ ਅਤੇ ਕਿੱਸਾ ਕਾਵਿ, ਪੰਨਾ-48

[21] Northop Frye, ''Myth, Fiction and Displacement'', Twentieth Century Criticism: The Major Statement (ed.), William J Handy, Wax Westbrook, p-164

[22] ''Myth'', A Dictionary of Modern Critical Terms(ed.), Roger Fowler, p-119

[23] ਸਤਿੰਦਰ ਸਿੰਘ, ਪੰਜਾਬੀ ਕਾਵਿ(1930-60 ਈ.) ਦਾ ਰੂਪਾਕਾਰਕ ਅਧਿਐਨ (ਖੋਜ-ਪ੍ਰਬੰਧ), ਪੰਨਾ-2

[24] Translated by Ingram Bywater, Aristotle on the Art of Poetry, p-29

[25] ''Myth, Fiction and Displacement'', Twentieth Century Criticism: The Major Statement (ed.), William J Handy, Wax Westbrook, p-159

[26] ਹਰਿਭਜਨ ਸਿੰਘ, ਪਤਰਾਂਜਲੀ, ਪੰਨਾ-56-60

[27] The Myth of the State, p-22 (Source: Google book search)

[28] ਹਰਿਭਜਨ ਸਿੰਘ, ਪਤਰਾਂਜਲੀ, ਪੰਨਾ-55-57

[29] ਕੁਲਵੰਤ ਸਿੰਘ, ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ, ਪੰਨਾ-227

[30] Northrop Frye, ''Myth, Fiction and Displacement'', Twentieth Century Criticism: The Major Statement (ed.), William J Handy, Wax Westbrook, p-165

[31] ਵਿਚਾਰ, ਚਿੰਤਨ ਤੇ ਵਿਹਾਰ, ਪੰਨਾ-81

[32] ਨਾਵਲ ਅਤੇ ਲੋਕ ਜੀਵਨ (ਅਨੁ. ਗੁਰਬਚਨ), ਪੰਨਾ-101

[33] ਟੀ. ਆਰ. ਵਿਨੋਦ, ਸਾਹਿਤ ਅਤੇ ਚਿੰਤਨ, ਪੰਨਾ-109

[34] ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਪੰਨਾ-93

[35] ਜੋਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਪੰਨਾ-99

[36] ਪੰਜਾਬੀ ਬਿਰਤਾਂਤਕ ਪ੍ਰਵਚਨ, ਪੰਨਾ-47

[37] ਭਾਈ ਵੀਰ ਸਿੰਘ, ਸੁੰਦਰੀ, ਪੰਨਾ-26

[38] ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ, ਪੰਨਾ-2

[39] ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ (1850-1970), ਪੰਨਾ-352

# ਅਧਿਆਇ - ਤੀਜਾ

## ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵ

ਪੰਜਾਬੀ ਨਾਵਲ ਅੰਦਰ 1960 ਈ: ਤੋ ਬਾਅਦ ਵਾਲੇ ਦਹਾਕੇ ਵਿਚ ਕਈ ਪ੍ਰਕਾਰ ਦੇ ਨਵੇਂ ਝੁਕਾਅ ਆਏ ਹਨ, ਜਿੰਨ੍ਹਾਂ ਨੇ ਪੰਜਾਬੀ ਨਾਵਲ ਦਾ ਮੂੰਹ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ। ਇਹ ਉਹ ਸਮਾਂ ਸੀ ਜਦੋਂ ਮਹਿੰਗਾਈ ਦੇ ਵਧਣ ਕਾਰਨ ਨਵੀਆਂ ਕਠਨਾਈਆਂ ਮੱਧ ਸ਼੍ਰੇਣੀਆਂ ਤੇ ਹੇਠਲੀਆਂ ਸ਼੍ਰੇਣੀਆਂ ਨੂੰ ਪੇਸ਼ ਆ ਰਹੀਆਂ ਸਨ। ਹੇਠਲੇ ਵਰਗ ਦੇ ਲੋਕ ਇਸ ਕਾਰਨ ਦੁਖੀ ਸਨ ਕਿ ਉਨ੍ਹਾਂ ਨੂੰ ਪੂਰੀ ਮਿਹਨਤ ਕਰਨ ਤੋਂ ਬਾਅਦ ਰੋਟੀ ਵੀ ਨਹੀਂ ਜੁੜਦੀ ਸੀ। ਭ੍ਰਿਸ਼ਟਾਚਾਰ ਚਾਰੇ ਪਾਸੇ ਫੈਲਣ ਲੱਗਾ, ਜਿਸ ਕਾਰਨ ਭ੍ਰਿਸ਼ਟ ਤੰਤਰ ਦਾ ਜਨਮ ਹੋਇਆ ਜਿਸ ਨਾਲ ਦੇਸ਼ ਅੰਦਰਲਾ ਅਮਨ ਕਾਨੂੰਨ ਢਿੱਲਾ ਹੁੰਦਾ ਗਿਆ।

ਪੰਜਾਬੀ ਨਾਵਲ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੇਖਕਾਂ ਦੁਆਰਾ ਸਾਡੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਕਾਨੂੰਨੀ ਤੇ ਨਿਆਇਕ ਸਿਸਟਮ ਉੱਪਰ ਸਮੇਂ ਦੇ ਹਾਲਾਤਾਂ ਅਨੁਸਾਰ ਵਿਅੰਗ ਕੀਤੇ ਗਏ ਹਨ ਪਰ ਉਨ੍ਹਾਂ ਲੇਖਕਾਂ ਵਿਚੋਂ ਸਭ ਤੋਂ ਮੁੱਖ ਹੈ ਮਿੱਤਰ ਸੈਨ ਮੀਤ ਜਿਸ ਦੇ ਨਾਵਲਾਂ ਵਿਚੋਂ ਸਾਨੂੰ ਅਜੋਕੇ ਭ੍ਰਿਸ਼ਟ ਤੰਤਰ ਦੀ ਪੇਸ਼ਕਾਰੀ ਕੀਤੀ ਸਾਫ਼ ਨਜ਼ਰ ਆਉਂਦੀ ਹੈ। ਭ੍ਰਿਸ਼ਟ ਤੰਤਰ ਦੀ ਪੇਸ਼ਕਾਰੀ ਦੇ ਸੰਦਰਭ ਵਿਚ ਮਿੱਤਰ ਸੈਨ ਮੀਤ ਦੇ ਨਾਵਲ (ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ) ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਹਥਲੇ ਖੋਜ ਕਾਰਜ ਵਿਚ ਮੀਤ ਦੇ ਇੱਕੋ ਨਾਵਲ 'ਕੌਰਵ ਸਭਾ' ਵਿਚ ਪੇਸ਼ ਕੀਤੇ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦਾ ਹੀ ਅਧਿਐਨ ਕੀਤਾ ਗਿਆ ਹੈ ਇਹੀ ਕਾਰਨ ਹੈ ਕਿ ਭ੍ਰਿਸ਼ਟ ਤੰਤਰ ਦੇ ਬਾਰੇ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ, ਜਿਸ ਦਾ ਵਰਣਨ ਇਸ ਪ੍ਰਕਾਰ ਹੈ-

ਭ੍ਰਿਸ਼ਟ ਤੰਤਰ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਸ਼ਬਦ ਹੈ। ਭ੍ਰਿਸ਼ਟ+ਤੰਤਰ, ਜਿਸ ਵਿਚ ਭ੍ਰਿਸ਼ਟ ਤੋਂ ਭਾਵ ਹੈ ਬੁਰਾ ਜਾ ਵਿਗੜਿਆ ਹੋਇਆ ਅਤੇ ਤੰਤਰ ਤੋਂ ਭਾਵ ਹੈ ਵਾਤਾਵਰਨ। ਇਸ ਤਰਾਂ ਜਦੋਂ ਕੋਈ ਵਿਅਕਤੀ ਸਮਾਜਿਕ ਨਿਯਮਾਂ ਦੇ ਵਿਰੁੱਧ ਜਾ ਕੇ ਆਪਣੇ ਸਵਾਰਥ ਦੀ ਪੂਰਤੀ ਲਈ ਗ਼ਲਤ ਵਿਵਹਾਰ ਜਾ ਅਨੈਤਿਕ ਕਾਰਜ ਕਰਦਾ ਹੈ ਤਾਂ ਉਸ ਨੂੰ ਭ੍ਰਿਸ਼ਟਾਚਾਰੀ ਕਿਹਾ ਜਾਂਦਾ ਹੈ। ਪਰ ਜਦੋਂ ਸਮੁੱਚਾ ਸਿਸਟਮ ਹੀ ਅਨੈਤਿਕ ਕਦਰਾਂ ਕੀਮਤਾਂ ਵੱਲ ਝੁਕ ਜਾਂਦਾ ਹੈ ਤਾਂ ਉਸ ਨੂੰ ਭ੍ਰਿਸ਼ਟ ਤੰਤਰ ਦਾ ਨਾਮ ਦਿੱਤਾ ਜਾ ਸਕਦਾ ਹੈ। ਅਜੋਕੇ ਸਮਾਜਿਕ ਸਿਸਟਮ ਵਿਚ ਭ੍ਰਿਸ਼ਟਾਚਾਰ ਦੇ ਬਹੁਤ ਸਾਰੇ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ ਕਿ- ਰਿਸ਼ਵਤਖ਼ੋਰੀ, ਭਾਈ ਭਤੀਜਾ ਵਾਦ, ਗ਼ਬਨ, ਸਰੰਕਸ਼ਣ, ਪੱਖਪਾਤ ਆਦਿ।

ਅਜੋਕੇ ਸਮੇਂ ਵਿਚ ਮਿੱਤਰ ਸੈਨ ਮੀਤ ਪੰਜਾਬੀ ਗਲਪ ਖੇਤਰ ਵਿੱਚ ਉੱਘਾ ਸਥਾਨ ਰੱਖਦਾ ਹੈ। ਉਸ ਨੇ ਆਪਣੇ ਨਾਵਲਾਂ ਵਿੱਚ ਮੌਜੂਦਾ ਸਮੇਂ ਵਿੱਚ ਅਨੈਤਿਕਤਾ ਦੇ ਚੁਤਰਫ਼ਾ ਪਸਾਰੇ ਦੀ ਯਥਾਰਥਕ ਤਸਵੀਰ ਨੂੰ ਪੇਸ਼ ਕੀਤਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ਸਾਡੇ ਅਜੋਕੇ ਸਮਾਜਿਕ ਸਿਸਟਮ (ਆਰਥਿਕ, ਨਿਆਇਕ, ਸਿਹਤ ਪ੍ਰਬੰਧ, ਪ੍ਰਸ਼ਾਸਨਿਕ, ਰਾਜਨੀਤਕ) ਵਿਚ ਫੈਲੇ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਕਰਦੇ ਹਨ।

ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦਾ ਅਧਿਐਨ ਹੇਠ ਲਿਖੇ ਚਾਰ ਭਾਗਾਂ ਵਿੱਚ ਵੰਡ ਕੇ ਕੀਤਾ ਜਾ ਸਕਦਾ ਹੈ-

**ਸਮਾਜਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ**- ਸਾਡਾ ਅਜੋਕਾ ਸਮਾਜ ਪੂੰਜੀ ਦੀ ਦੌੜ ਵਿਚ ਅੰਨ੍ਹਾ ਹੋਇਆ ਪੈਸਾ ਕਮਾਉਣ ਵਿਚ ਰੁੱਝਿਆ ਹੋਇਆ ਹੈ। ਇਸ ਅੰਨ੍ਹੀ ਦੌੜ ਵਿਚ ਗ੍ਰਸਿਆ ਉਹ ਰਿਸ਼ਤਿਆਂ-ਨਾਤਿਆਂ, ਭਾਈਚਾਰੇ, ਪਰਿਵਾਰ ਕਿਸੇ ਦੀ ਪ੍ਰਵਾਹ ਨਹੀਂ ਕਰਦਾ ਤੇ ਘਿਨਾਉਣੇ ਤੋਂ ਘਿਣਾਉਣਾ ਕਾਰਜ ਕਰਨ ਵਿਚ ਵੀ ਗੁਰੇਜ਼ ਨਹੀਂ ਕਰਦਾ। ਇਸੇ ਤਰ੍ਹਾਂ ਅਜੋਕੇ ਉੱਤਰ-ਬਸਤੀਵਾਦੀ ਪੂੰਜੀਵਾਦੀ ਦੌਰ ਵਿਚ ਸਾਡਾ ਸਮਾਜਕ ਪ੍ਰਬੰਧ ਵੀ ਪੂੰਜੀਵਾਦੀ ਹੀ ਬਣਦਾ ਜਾ ਰਿਹਾ ਹੈ। ਅੱਜ ਦੇ ਸਮੇਂ ਵਿੱਚ ਇਕੱਠੇ ਪਰਿਵਾਰਾਂ ਦੀ ਥਾਂ ਇਕੱਲੇ-ਇਕਹਿਰੇ ਪਰਿਵਾਰਾਂ ਦੀ ਸਥਿਤੀ ਪੂੰਜੀਵਾਦੀ ਦੌਰ ਦੀ ਹੀ ਦੇਣ ਹੈ। ਅੱਜ ਸਥਿਤੀ ਅਜਿਹੀ ਬਣ ਚੁੱਕੀ ਹੈ ਕਿ ਖ਼ੂਨ ਦੇ ਰਿਸ਼ਤਿਆਂ ਵਿੱਚ ਵੀ ਪੈਸੇ, ਜਾਇਦਾਦ ਅਤੇ ਦੌਲਤ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ, ਮਨੁੱਖ ਇਨ੍ਹਾਂ ਨੂੰ ਹਾਸਲ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਇਸ ਦੀ ਬਹੁਤ ਹੀ ਵਧੀਆ ਉਦਾਹਰਨ ਮਿੱਤਰ ਸੈਨ ਨੇ ਕੌਰਵ ਸਭਾ ਰਾਹੀ ਪੇਸ਼ ਕੀਤੀ ਹੈ। ਮਿੱਤਰ ਸੈਨ ਮੀਤ ਨੇ ਕੌਰਵ ਸਭਾ ਨਾਵਲ ਵਿਚ ਪੈਸੇ ਦੇ ਲਾਲਚ ਵਿੱਚ ਅੰਨ੍ਹੇ ਤੇ ਭ੍ਰਿਸ਼ਟ ਹੋਏ ਇਨਸਾਨ ਦੀ ਮਨੋਸਥਿਤੀ ਦਾ ਵਰਣਨ ਕੀਤਾ ਹੈ ਕਿ ਪੈਸਾ, ਜ਼ਮੀਨ ਅਤੇ ਜਾਇਦਾਦ ਕਾਰਨ ਇਨਸਾਨ ਆਪਣੇ ਖ਼ੂਨ ਦੇ ਰਿਸ਼ਤਿਆਂ ਦਾ ਵੀ ਘਾਣ ਕਰ ਦਿੰਦਾ ਹੈ। ਅੱਜ ਦੇ ਪੂੰਜੀਵਾਦੀ ਯੁੱਗ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਨੂੰ ਦੇਖਣ ਨੂੰ ਮਿਲਦੀਆਂ ਹਨ। ਇਸ ਨਾਵਲ ਦੇ ਅਧਿਐਨ ਦੌਰਾਨ ਨਾਵਲ ਦੇ ਸ਼ੁਰੂ ਵਿਚ ਵੇਦ ਦੇ ਪਰਿਵਾਰ ਨਾਲ ਜੋ ਦੁਖਾਂਤਕ ਘਟਨਾ ਵਾਪਰਦੀ ਹੈ ਉਸ ਦੇ ਨਾਲ ਹੀ ਲੇਖਕ ਨੇ ਮਨੁੱਖ ਦੀ ਪੈਸੇ ਪ੍ਰਤੀ ਅੰਨ੍ਹੀ ਦੋੜ ਨੂੰ ਪੇਸ਼ ਕੀਤਾ ਹੈ। ਇਸ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਕਿਵੇਂ ਇੱਕੋ ਪਰਿਵਾਰ ਦੇ ਮੈਂਬਰ ਪੈਸੇ ਖ਼ਾਤਰ, ਜ਼ਮੀਨ ਜਾਇਦਾਦ ਖ਼ਾਤਰ ਆਪਣੇ ਹੀ ਪਰਿਵਾਰ ਦੇ ਮੈਂਬਰਾਂ ਦਾ ਕਤਲ ਕਰਵਾ ਦਿੰਦੇ ਹਨ। ਲੇਖਕ ਨੇ ਆਪਣੀ ਇਸ ਗੱਲ ਨੂੰ ਦੋ ਸਕੇ ਭਰਾਵਾਂ ਮੋਹਨ ਤੇ ਵੇਦ ਦੀ ਜ਼ਿੰਦਗੀ ਨਾਲ ਜੋੜ ਕੇ ਪੇਸ਼ ਕੀਤਾ ਹੈ। ਮੋਹਨ ਤੇ ਵੇਦ ਦੋਵੇਂ ਭਰਾ ਸਰਕਾਰੀ ਨੌਕਰੀ ਵਿਚ ਬਹੁਤ ਹੀ ਖ਼ੁਸ਼ਹਾਲ ਤੇ ਆਰਾਮ ਭਰਿਆ ਜੀਵਨ ਗੁਜ਼ਾਰ ਰਹੇ ਹਨ। ਮੋਹਨ ਨੂੰ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰਦਿਆਂ ਹੀ **P.W.D** ਵਰਗਾ ਮਹਿਕਮਾ ਅਤੇ **S.D.O** ਦਾ ਰੁਤਬਾ ਮਿਲ ਜਾਂਦਾ ਹੈ, ਫਿਰ ਉਸ ਦਾ ਠੇਕੇਦਾਰਾਂ ਨਾਲ ਸੰਪਰਕ ਵਧਦਾ ਜਾਂਦਾ ਹੈ, ਜਿਸ ਕਾਰਨ ਹੌਲੀ-ਹੌਲੀ ਉਸ ਨੂੰ ਕਮਿਸ਼ਨ ਦੀ ਆਦਤ ਪੈ ਜਾਂਦੀ ਹੈ। ਇਸ ਤਰਾਂ ਫਿਰ ਬਠਿੰਡੇ ਦੇ ਇੱਕ ਸਿਰਕੱਢ ਠੇਕੇਦਾਰ ਦੇ ਘਰ ਉਸ ਦੀ ਸ਼ਾਦੀ ਹੋ ਜਾਂਦੀ ਹੈ, ਫਿਰ ਉਹ ਦਿੱਲੀ ਚਲਿਆ ਜਾਂਦਾ ਹੈ, ਉਹ ਲੁੱਕ ਬਣਾਉਣ ਦਾ ਆਪਣਾ ਪ੍ਰਾਜੈਕਟ ਬਣਾ ਲੈਂਦਾ ਹੈ ਤੇ ਉਸ ਵਿੱਚੋਂ ਬਹੁਤ ਪੈਸਾ ਕਮਾਉਂਦਾ ਹੈ। ਅਜੋਕੇ ਸਮਾਜਕ ਪ੍ਰਬੰਧ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਸਾਡੇ ਸਮਾਜਕ ਰਿਸ਼ਤਿਆਂ-ਨਾਤਿਆਂ ਤੇ ਕੀ ਪ੍ਰਭਾਵ ਪੈਂਦਾ ਹੈ ਉਸ ਦਾ ਵਰਣਨ ਇਸ ਪ੍ਰਕਾਰ ਹੈ-

'ਓਨਾ ਮਾਲ ਸੜਕਾਂ 'ਤੇ ਨਹੀਂ ਸੀ ਪੈਂਦਾ ਜਿੰਨਾ ਬਚ ਰਹਿੰਦਾ ਸੀ। ਓਨੀ ਕਮਾਈ ਸੜਕਾਂ ਤੇ ਮਾਲ ਵਿਛਾ ਕੇ ਨਹੀਂ ਸੀ ਹੁੰਦੀ, ਜਿੰਨੀ ਬਚੇ ਮਾਲ ਨੂੰ ਵੇਚ ਕੇ ਹੁੰਦੀ ਸੀ। ਪਲਾਂਟ ਦਾ ਖਰਚਾ ਦੋ ਸਾਲ ਵਿਚ ਨਿਕਲ ਗਿਆ। ਜਦੋਂ ਤਕ ਮਿਕਸ ਪਲਾਂਟ ਵਿਚੋਂ ਹੁੰਦੀ ਕਮਾਈ ਦੀ ਸਮਝ ਹੋਰ ਵਿਉਪਾਰੀਆਂ ਨੂੰ ਲਗਦੀ, ਉਦੋਂ ਤਕ ਮੋਹਨ ਲਾਲ ਕਈ ਕਰੋੜ ਰੁਪਿਆ ਕਮਾ ਚੁੱਕਾ ਸੀ। ਇਸ ਕਮਾਈ ਵਿਚੋਂ ਉਹ ਸ਼ਹਿਰ ਦੀ ਹੱਦ 'ਤੇ ਚਲਦੇ ਦੋ ਭੱਠੇ ਅਤੇ ਇਕ ਸ਼ੈਲਰ ਖ਼ਰੀਦ ਚੁੱਕਾ ਸੀ। ਕੋਇਲੇ ਦੀ ਦਲਾਲੀ ਵਿਚੋਂ ਚੰਗਾ ਪੈਸਾ ਬਣ ਰਿਹਾ ਸੀ, ਵਿੱਚੇ ਇਸ ਵਿਉਪਾਰ ਵਿਚ ਨਹੁੰ ਅਟਕਾ ਲਿਆ। ਵਧੀਆ ਇੱਟ ਮਾਇਆ ਨਗਰ ਦੇ ਵਿਉਪਾਰੀ ਲੈ ਜਾਂਦੇ। ਪਿੱਲੀ ਇੱਟ ਵਧੀਆ ਇੱਟ ਦੇ ਭਾਵ ਸਰਕਾਰ ਦੀਆਂ ਸੜਕਾਂ ਅਤੇ ਇਮਾਰਤਾਂ ਵਿਚ ਖੱਪ ਜਾਂਦੀ। ਕੋਇਲੇ ਦੇ ਨਾਲ-ਨਾਲ ਮੋਹਨ ਲਾਲ ਨੇ ਸਰਕਾਰ ਨੂੰ ਲੁੱਕ ਸਪਲਾਈ ਕਰਨ ਦੇ ਠੇਕੇ ਲੈ ਲਏ। ਚੌਥਾ ਹਿੱਸਾ ਕੋਲਤਾਰ ਮਾਇਆ ਨਗਰ ਪੁੱਜਦੀ। ਤਿੰਨ ਚੌਥਾਈ ਮਥੁਰਾ ਵਿਚ ਹੀ ਵਿਕ ਜਾਂਦੀ ਸੀ।

ਮੀਂਹ ਵਾਂਗ ਬਰਸਦੇ ਪੈਸੇ ਨੂੰ ਮੋਹਨ ਲਾਲ ਕਿਥੇ ਸੰਭਾਲੇ?

ਦੋਸਤਾਂ ਮਿੱਤਰਾਂ ਨੇ ਸਲਾਹ ਦਿੱਤੀ। ਬਲੈਕ ਮਨੀ ਨੂੰ ਜਾਇਦਾਦ ਵਿਚ ਖਪਾਓ। ਮਾਇਆ ਨਗਰ ਵਿਚ ਪਲਾਟਾਂ ਦੀ ਕੀਮਤ ਪੰਜਾਹ-ਪੰਜਾਹ ਲੱਖ ਰੁਪਏ ਤਕ ਸੀ। ਇਕ ਨੰਬਰ ਦੇ ਲੱਖ ਨਾਲ ਵੀਹ ਲੱਖ ਛੁਪ ਜਾਂਦਾ ਸੀ। ਇਸ ਧੰਦੇ ਵਿਚ ਸਭ ਤੋਂ ਵੱਧ ਲੁੱਟ ਸੀ। ਪਲਾਟਾਂ ਦੀ ਖ਼ਰੀਦੋ ਫ਼ਰੋਖ਼ਤ ਛੱਡ ਕੇ ਉਸ ਨੇ ਕਾਲੋਨੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ'।[1]

ਇਸੇ ਪੈਸੇ ਨੂੰ ਸੰਭਾਲਣ ਲਈ ਉਹ ਆਪਣੇ ਭਰਾ ਵੇਦ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ ਤਾਂ ਦੋਵੇਂ ਇੱਕ ਤੇ ਇੱਕ ਗਿਆਰਾਂ ਹੋ ਜਾਂਦੇ ਹਨ। ਇਸ ਤਰ੍ਹਾਂ ਦੋਵੇਂ ਭਰਾ ਰਲ ਕੇ ਕਾਰੋਬਾਰ ਅੱਗੇ ਤੋਰਦੇ ਹਨ। ਜਦੋਂ ਤਕ ਮੋਹਨ ਤੇ ਵੇਦ ਵਿਚਕਾਰ ਵਿਉਪਾਰਕ ਸਾਂਝ ਰਹਿੰਦੀ ਹੈ, ਉਸ ਸਮੇਂ ਤਕ ਸਭ ਕੁਝ ਠੀਕ ਰਹਿੰਦਾ ਹੈ, ਪਰ ਜਿਵੇਂ ਹੀ ਮੋਹਨ ਦੇ ਮੁੰਡੇ ਕੰਮ ਕਾਰ ਸੰਭਾਲਣ ਲੱਗਦੇ ਹਨ ਤੇ ਵੱਡੇ ਵਪਾਰੀ ਬਣ ਜਾਂਦੇ ਹਨ, ਉਨ੍ਹਾਂ ਵਿਚ ਇੱਕ 100 ਗਜ ਦੀ ਕੋਠੀ ਦੇ ਪਲਾਟ ਬਦਲੇ ਝਗੜਾ ਸ਼ੁਰੂ ਹੋ ਜਾਂਦਾ ਹੈ, ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮੋਹਨ ਦੀ ਹਾਰਟ ਅਟੈਕ ਨਾਲ ਮੌਤ ਹੋ ਜਾਂਦੀ ਹੈ। ਮੋਹਨ ਦੇ ਮੁੰਡੇ ਭਈਆਂ ਨੂੰ ਸੁਪਾਰੀ ਦੇ ਕੇ ਆਪਣੇ ਚਾਚੇ ਵੇਦ ਦੇ ਘਰ ਡਾਕਾ ਮਰਵਾ ਦਿੰਦੇ ਹਨ, ਜਿਸ ਵਿਚ ਵੇਦ ਦੀ ਕੁੜੀ ਨਾਲ ਰੇਪ ਹੋ ਜਾਂਦਾ ਹੈ ਤੇ ਵੇਦ ਦੇ ਮੁੰਡੇ ਕਮਲ ਦੀ ਹੱਤਿਆ ਹੋ ਜਾਂਦੀ ਹੈ। ਕਿਹਾ ਜਾ ਸਕਦਾ ਹੈ ਕਿ ਅਜੋਕਾ ਸਮਾਜ ਪੂੰਜੀ ਦੀ ਦੌੜ ਵਿਚ ਅੰਨ੍ਹਾ ਹੋਇਆ ਪੈਸਾ ਕਮਾਉਣ ਵਿਚ ਰੁੱਝਿਆ ਹੋਇਆ ਹੈ। ਇਸ ਅੰਨ੍ਹੀ ਦੌੜ ਵਿਚ ਗ੍ਰਸਿਆ ਉਹ ਰਿਸ਼ਤਿਆਂ-ਨਾਤਿਆਂ, ਭਾਈਚਾਰੇ, ਪਰਿਵਾਰ ਕਿਸੇ ਦੀ ਪ੍ਰਵਾਹ ਨਹੀਂ ਕਰਦਾ ਤੇ ਘਿਨਾਉਣੇ ਤੋਂ ਘਿਣਾਉਣਾ ਕਾਰਜ ਕਰਨ ਵਿਚ ਵੀ ਗੁਰੇਜ਼ ਨਹੀਂ ਕਰਦਾ। ਵੇਦ ਇਕ ਸਰਕਾਰੀ ਕਲਰਕ ਲੱਗਿਆ ਸੀ ਤੇ ਆਪਣੀ ਪਤਨੀ ਤੇ ਬੱਚਿਆਂ ਨਾਲ ਆਰਾਮ ਦੀ ਜ਼ਿੰਦਗੀ ਜਿਊਂ ਰਿਹਾ ਸੀ ਪਰ ਆਪਣੇ ਭਰਾ ਮੋਹਨ ਦੇ ਕਹਿਣ ਤੇ ਉਹ ਮਾਇਆ ਨਗਰੀ ਚਲਿਆ ਜਾਂਦਾ ਹੈ ਤੇ ਭਰਾ ਨਾਲ ਰਲ ਕੇ ਅੰਨ੍ਹੀ ਦੌਲਤ ਕਮਾਉਂਦਾ ਹੈ ਪਰ ਅੰਤ ਉਹੋ ਦੌਲਤ ਉਸ ਦੇ ਪਰਿਵਾਰ ਦੇ ਅੰਤ ਦਾ ਕਾਰਨ ਬਣਦੀ ਹੈ। ਪੂੰਜੀਵਾਦੀ ਸਿਸਟਮ ਵਿਚ ਰਿਸ਼ਤਿਆਂ ਦੇ ਟੁੱਟਣ ਦਾ ਇਹ ਯਥਾਰਥ ਲੇਖਕ ਨੇ ਬਹੁਤ ਹੀ ਚੰਗੇ ਤਰੀਕੇ ਨਾਲ ਬਿਆਨ ਕੀਤਾ ਹੈ।

**ਸਿਹਤ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ**- ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨਾਵਲ ਕੌਰਵ ਸਭਾ ਵਿਚ ਪੇਸ਼ ਕੀਤੇ ਗਏ ਘਟੀਆ ਸਿਹਤ ਪ੍ਰਬੰਧਾਂ ਰਾਹੀ ਵੀ ਪੇਸ਼ ਕੀਤਾ ਗਿਆ ਹੈ। ਜੇਕਰ ਨਾਵਲ ਵਿਚਲੀ ਇਸ ਸਥਿਤੀ ਨੂੰ ਅੱਜ ਦੇ ਸਮੇਂ ਨਾਲ ਜੋੜ ਕੇ ਵੇਖੀਏ ਤਾਂ ਸਥਿਤੀ ਬਹੁਤੀ ਬਦਲੀ ਨਹੀਂ ਹੈ। ਅੱਜ ਵੀ ਬਹੁਤ ਸਾਰੇ ਸਰਕਾਰੀ ਹਸਪਤਾਲਾਂ ਵਿਚ ਸਿਹਤ ਪ੍ਰਬੰਧਾਂ ਦੀ ਹਾਲਤ ਖਸਤਾ ਹੀ ਹੈ, ਇਸ ਬਾਰੇ ਜਾਣਕਾਰੀ ਉਸ ਸਮੇਂ ਮਿਲਦੀ ਹੈ ਜਦੋਂ ਵੇਦ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ, ਪਰ ਉੱਥੇ ਵੀ ਬਿਨਾ ਪੈਸੇ ਤੋਂ ਕੋਈ ਉਹਨਾ ਦੀ ਦੇਖਭਾਲ ਕਰਨ ਨੂੰ ਤਿਆਰ ਨਹੀਂ ਹੁੰਦਾ।

ਸੰਗੀਤਾ ਦੀ ਹਾਜ਼ਰੀ 'ਤੇ ਕੁਝ ਰਾਹਤ ਮਹਿਸੂਸ ਕਰਦੀ ਪੜੋਸਣ ਰਾਮ ਨਾਥ ਦੇ ਕੰਨ ਕੋਲ ਮੂੰਹ ਕਰਕੇ ਕਹਿਣ ਲੱਗੀ-

"ਕਿਸੇ ਨੇ ਕੁਝ ਨਹੀਂ ਕੀਤਾ। ਇਕ ਜਮਾਦਾਰ ਜਿਹਾ ਆਇਆ ਸੀ। ਵਾਲ ਕੱਟ ਕੇ, ਖ਼ੂਨ ਪੂੰਝ ਕੇ ਪੱਟੀ ਕਰ ਗਿਆ। ਕਹਿੰਦਾ ਪਹਿਲਾਂ ਡਾਕਟਰ ਸੱਟਾਂ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫੇਰ ਇਲਾਜ ਸ਼ੁਰੂ ਹੋਊ। ਭਾਈ ਕੁਝ ਕਰੋ। ਇੱਥੇ ਇਹ ਮਰਜੂ ਵਿਚਾਰੀ"।[2]

ਇੱਥੇ ਹੀ ਬੱਸ ਨਹੀਂ, ਡਾਕਟਰ ਖ਼ੁਦ ਰਾਮ ਨਾਥ ਨੂੰ ਮਰੀਜ਼ਾਂ ਨੂੰ ਕਿਸੇ ਹੋਰ ਹਸਪਤਾਲ ਲੈ ਜਾਣ ਲਈ ਆਖਦਾ ਹੈ-

"ਮੁੱਢਲੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਰੇਲ ਹੇਠ ਆ ਕੇ ਇਕ ਕੁਲੀ ਦੀ ਬਾਂਹ ਕੱਟੀ ਗਈ। ਉਸ ਨੂੰ ਸੰਭਾਲਦੇ ਕੁਝ ਦੇਰ ਲਗ ਗਈ। ਕੋਈ ਗੱਲ ਨਹੀਂ। ਤੁਸੀਂ ਮਰੀਜ਼ ਨੂੰ ਲਿਜਾਣਾ ਚਾਹੁੰਦੇ ਹੋ ਲੈ ਜਾਓ। ਲਿਖਾ-ਪੜ੍ਹੀ ਕਰ ਲਵਾਂਗੇ। ਤੁਸੀਂ ਵਕੀਲ ਹੋ। ਮੈਨੂੰ ਤੁਹਾਡੇ ਨਾਲ ਹਮਦਰਦੀ ਹੈ"।[3]

ਰਾਮ ਨਾਥ ਸਮਝ ਰਿਹਾ ਸੀ। ਹਮਦਰਦੀ ਨਾ ਉਸ ਨੂੰ ਵਕੀਲ ਨਾਲ ਸੀ ਨਾ ਮਰੀਜ਼ ਨਾਲ। ਹਮਦਰਦੀ ਉਸ ਨੂੰ ਆਪਣੀ ਨੌਕਰੀ ਨਾਲ ਸੀ। ਉਸ ਨੇ ਜ਼ਿੰਦਗੀ-ਮੌਤ ਦੀ ਲੜਾਈ ਲੜਦੇ ਮਰੀਜ਼ ਨੂੰ ਪੂਰੇ ਦੋ ਘੰਟੇ ਤੋਂ ਰੱਬ ਦੇ ਰਹਿਮੋ-ਕਰਮ 'ਤੇ ਛੱਡ ਰੱਖਿਆ ਸੀ। ਰਾਮ ਨਾਥ ਦੇ ਆਉਣ 'ਤੇ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਸੀ। ਉਹ ਇਕ ਵਕੀਲ ਨਾਲ ਉਲਝਣ ਤੋਂ ਡਰਦਾ ਮਿੱਠੀਆਂ ਗੱਲਾਂ ਨਾਲ ਉਸ ਨੂੰ ਭਰਮਾ ਰਿਹਾ ਸੀ।

ਅੱਜ ਦੇ ਸਮੇਂ ਵਿਚ ਸਾਡੇ ਸਰਕਾਰੀ ਹਸਪਤਾਲਾਂ ਦੇ ਡਾਕਟਰ ਆਪਣੀ ਬਦਲੀ ਉਸ ਹਸਪਤਾਲ ਵਿਚ ਕਰਵਾਉਣਾ ਚਾਹੁੰਦੇ ਹਨ ਜਿੱਥੇ ਉਹਨਾ ਨੂੰ ਜ਼ਿਆਦਾ ਪੈਸੇ ਜਾ ਕਮਿਸ਼ਨ ਮਿਲਦਾ ਹੋਵੇ, ਇਸ ਬਦਲੀ ਕਰਵਾਉਣ ਦੀ ਖ਼ਾਤਰ ਮੰਤਰੀਆਂ ਨੂੰ ਲੱਖਾਂ ਰੁਪਏ ਰਿਸ਼ਵਤ ਵਜੋਂ ਦੇਣ ਲਈ ਤਿਆਰ ਹੁੰਦੇ ਹਨ। ਲੇਖਕ ਨੇ ਆਪਣੇ ਇਸ ਨਾਵਲ ਵਿਚ ਸਾਡੇ ਸਿਹਤ ਮਹਿਕਮੇ ਦੀ ਇਸ ਅਸਲ ਯਥਾਰਥਕ ਭ੍ਰਿਸ਼ਟ ਤਸਵੀਰ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਹਸਪਤਾਲ ਵਿਚ ਬਦਲੀ ਕਰਵਾਉਣ ਲਈ ਡਾਕਟਰ ਪੈਸੇ ਦੇ ਕੇ ਬਦਲੀਆਂ ਕਰਵਾਉਂਦੇ ਹਨ ਇਸ ਦੀ ਉਦਾਹਰਨ ਇਕ ਠੇਕੇਦਾਰ ਦੀਆਂ ਇਨ੍ਹਾਂ ਸਤਰਾਂ ਤੋਂ ਮਿਲਦੀ ਹੈ ਜਿਹੜਾ ਹਸਪਤਾਲ ਦੇ ਮਰੀਜ਼ਾਂ ਦਾ ਡਾਕਟਰ ਨਾਲ ਪੈਸਿਆਂ ਦਾ ਲੈਣ-ਦੇਣ ਕਰਵਾਉਂਦਾ ਹੈ।

"ਇਹ ਵਾਰਡ ਖ਼ਾਲੀ ਕਿਉਂ ਪਿਆ ਹੈ?" ਟਾਈਮ ਪਾਸ ਕਰਨ ਲਈ ਰਸਤੇ ਵਿਚ ਜੈ ਨਰਾਇਣ ਨੇ ਠੇਕੇਦਾਰ ਤੋਂ ਪੁੱਛਿਆ।

"ਇਸ ਵਾਰਡ ਦੇ ਡਾਕਟਰ ਦੀ ਤਰੱਕੀ ਹੋ ਗਈ ਹੈ। ਇਸ ਹਸਪਤਾਲ ਦਾ ਇਹ ਸਭ ਤੋਂ ਅਹਿਮ ਵਾਰਡ ਹੈ। ਲੜਾਈ ਝਗੜੇ ਵਿਚ ਹੱਡ ਤੁੜਾ ਕੇ ਲੋਕ ਇਸੇ ਵਾਰਡ ਵਿਚ ਆਉਂਦੇ ਹਨ। ਡਾਕਟਰ ਦੋਹਾਂ ਪਾਸਿਆਂ ਤੋਂ ਪੈਸੇ ਝਾੜਦੇ ਹਨ। ਕਈ ਡਾਕਟਰ ਇੱਥੇ ਆਉਣ ਲਈ ਭੱਜ-ਨੱਠ ਕਰ ਰਹੇ ਹਨ। ਇਕ ਜਾਂਦਾ ਹੈ ਆਪਣੇ ਆਰਡਰ ਕਰਵਾ ਲੈਂਦਾ ਹੈ। ਦੂਜਾ ਉਸ ਤੋਂ ਵੱਡਾ ਬਰੀਫ਼-ਕੇਸ ਲੈ ਜਾਂਦਾ ਹੈ। ਉਹ ਪਹਿਲੇ ਆਰਡਰ ਕੈਂਸਲ ਕਰਵਾ ਕੇ ਆਪਣੇ ਆਰਡਰ ਕਰਵਾ ਲੈਂਦਾ ਹੈ। ਦੋ ਮਹੀਨੇ ਵਿਚ ਪੰਜ ਬਦਲੀਆਂ ਹੋ ਗਈਆਂ। ਇਸੇ ਚੱਕਰ ਕਾਰਨ ਥਾਂ ਖ਼ਾਲੀ ਪਈ ਹੈ। ਬਿਨਾਂ ਡਾਕਟਰ ਤੋਂ ਮਰੀਜ਼ਾਂ ਨੇ ਇੱਥੇ ਆ ਕੇ ਕੀ ਕਰਨਾ ਹੈ?"।

"ਫੇਰ ਸਾਡੇ ਮਰੀਜ਼ ਦਾ ਇਲਾਜ ਕੌਣ ਕਰੇਗਾ?"

"ਕਿਸੇ ਨਹੀਂ। ਐਕਸਰੇ ਕਰਾਓ। ਮਨਮਰਜ਼ੀ ਦੀ ਰਿਪੋਰਟ ਲਓ। ਫੇਰ ਜਿਹੜੇ ਮਰਜ਼ੀ ਚੰਗੇ ਹਸਪਤਾਲ ਵਿਚ ਚਲੇ ਜਾਓ"।[4]

ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਸਿਹਤ ਪ੍ਰਬੰਧ ਵਿਚਲੇ ਭ੍ਰਿਸ਼ਟ ਤੰਤਰ ਦੇ ਪ੍ਰਭਾਵ-

1 ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਦੀ ਲਗਭਗ ਅਣਹੋਂਦ, ਜਿਸ ਕਾਰਨ ਮਰੀਜ਼ਾਂ ਦਾ ਪ੍ਰਾਈਵੇਟ ਹਸਪਤਾਲਾਂ ਤੇ ਡਾਕਟਰਾਂ ਦੇ ਵੱਲ ਜਾਣਾ ਅਤੇ ਉਹਨਾ ਦੀ ਲੁੱਟ ਦਾ ਸ਼ਿਕਾਰ ਹੋਣਾ।

2 ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਦਾ ਡਿਊਟੀ ਤੋਂ ਗ਼ੈਰਹਾਜ਼ਰ ਰਹਿਣਾ ਜਿਸ ਦਾ ਕਾਰਨ ਉਨ੍ਹਾਂ ਦਾ ਕਿਸੇ ਵੱਡੇ ਰਾਜਨੀਤਿਕ ਨੇਤਾ ਜਾਂ ਉੱਚ ਅਧਿਕਾਰੀ ਦਾ ਰਿਸ਼ਤੇਦਾਰ ਆਦਿ ਹੋਣਾ ਤੇ ਆਪਣੇ ਨਿੱਜੀ ਕਲੀਨਿਕ ਚਲਾਉਣਾ।

3 ਸਰਕਾਰੀ ਹਸਪਤਾਲ ਦੀਆਂ ਦਵਾਈਆਂ, ਐਕਸਰੇ ਫ਼ਿਲਮਾਂ ਤੇ ਹੋਰ ਸਾਜੋ-ਸਮਾਨ ਪ੍ਰਾਈਵੇਟ ਦੁਕਾਨਾਂ ਤੇ ਵੇਚੇ ਜਾਣਾ।

4 ਸਰਕਾਰੀ ਹਸਪਤਾਲਾਂ ਵਿਚ ਬਣੀਆਂ ਸੱਟਾਂ ਦੀਆਂ ਰਿਪੋਰਟਾਂ ਨੂੰ ਅਦਾਲਤਾਂ ਵੱਲੋਂ ਵਧੇਰੇ ਤਰਜੀਹ ਦੇਣਾ, ਇਸ ਨੁਕਤੇ ਦਾ ਫ਼ਾਇਦਾ ਉਠਾ ਕੇ ਡਾਕਟਰਾਂ ਵੱਲੋਂ ਰਿਸ਼ਵਤ ਲੈ ਕੇ ਝੂਠੀਆਂ ਰਿਪੋਰਟਾਂ ਤਿਆਰ ਕਰਨਾ।

ਇਸ ਤਰ੍ਹਾਂ ਨਾਵਲ ਵਿਚ ਹਸਪਤਾਲਾਂ ਤੇ ਡਾਕਟਰਾਂ ਦੇ ਯਥਾਰਥ ਨੂੰ ਵੀ ਬੇਪਰਦਾ ਕੀਤਾ ਗਿਆ ਹੈ ਕਿ- ਕਿਸ ਤਰ੍ਹਾਂ ਹਸਪਤਾਲਾਂ ਦੀਆਂ ਸੀਟਾਂ ਵਿਕਦੀਆਂ ਹਨ ਕਿਵੇਂ ਡਾਕਟਰ ਸਰਕਾਰੀ ਹਸਪਤਾਲਾਂ ਦੀ ਬਜਾਇ ਘਰਾਂ ਵਿਚ ਮਰੀਜ਼ਾਂ ਨੂੰ ਦੇਖਦੇ ਹਨ। ਹਸਪਤਾਲਾਂ ਵਿਚ ਕਿਸ ਤਰ੍ਹਾਂ ਉਨ੍ਹਾਂ ਦੇ ਏਜੰਟ ਮਰੀਜ਼ਾਂ ਨੂੰ ਫਸਾਉਂਦੇ ਹਨ ਤੇ ਕਿਵੇਂ ਉਹ ਪੈਸੇ ਲੈ ਕੇ ਗ਼ਲਤ ਰਿਪੋਰਟਾਂ ਤਿਆਰ ਕਰਦੇ ਹਨ, ਇਹਨਾਂ ਸਾਰੀਆਂ ਗੱਲਾਂ ਨੂੰ ਲੇਖਕ ਨੇ ਬਹੁਤ ਹੀ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਜਿਨ੍ਹਾਂ ਵਿਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਹੈ।

**ਕਾਨੂੰਨ ਅਤੇ ਨਿਆਇਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ-** ਕੌਰਵ ਸਭਾ ਨਾਵਲ ਦਾ ਅਧਿਐਨ ਕਰਦਿਆਂ ਭ੍ਰਿਸ਼ਟਾਚਾਰ ਦਾ ਇੱਕ ਹੋਰ ਰੂਪ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ- ਅੱਜ ਦੇ ਪੁਲਿਸ ਪ੍ਰਬੰਧ ਵਿਚ ਫੈਲਿਆ ਹੋਇਆ ਭ੍ਰਿਸ਼ਟਾਚਾਰ। ਇਸ ਨਾਵਲ ਵਿਚ ਅਸੀ ਦੇਖਦੇ ਹਾਂ ਕਿ ਪੁਲਿਸ ਕਿਸ ਤਰ੍ਹਾਂ ਬੇਗੁਨਾਹਾਂ ਨੂੰ ਗੁਨਾਹਗਾਰ ਤੇ ਗੁਨਾਹਗਾਰਾਂ ਨੂੰ ਬੇਗੁਨਾਹ ਸਾਬਤ ਕਰਦੀ ਹੈ। ਇਸ ਦੇ ਵੇਰਵੇ ਇਸ ਨਾਵਲ ਵਿਚ ਥਾਂ-ਥਾਂ 'ਤੇ ਮਿਲਦੇ ਹਨ। ਪੁਲਿਸ ਕਪਤਾਨ ਤੋਂ ਲੈ ਕੇ ਆਈ.ਜੀ, ਡੀ.ਆਈ.ਜੀ

ਅਤੇ ਐਸ.ਐਚ.ਓ, ਤੋਂ ਲੈ ਕੇ ਸਾਧਾਰਨ ਸਿਪਾਹੀ ਤਕ ਸਾਰੇ ਕਿਸ ਤਰ੍ਹਾਂ ਪੈਸੇ ਲੈ ਕੇ ਖ਼ਾਕੀ ਵਰਦੀ ਨੂੰ ਭ੍ਰਿਸ਼ਟ ਕਰ ਰਹੇ ਹਨ। ਇਸ ਨਾਵਲ ਵਿਚ ਅਸੀ ਵੇਖਦੇ ਹਾਂ ਕਿ ਵੇਦ ਦੇ ਪਰਿਵਾਰ ਨਾਲ ਜੋ ਘਟਨਾ ਵਾਪਰਦੀ ਹੈ ਉਸ ਦੀ ਛਾਣਬੀਣ ਦੀ ਤਹਿ ਤਕ ਪੁਲਿਸ ਨਾਵਲ ਦੇ 60-70 ਸਫ਼ਿਆਂ ਵਿਚ ਹੀ ਪਹੁੰਚ ਜਾਂਦੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਨਾਵਲ ਦੇ ਅੰਤ ਤਕ ਵੀ ਉਸ ਦਾ ਸਹੀ ਫ਼ੈਸਲਾ ਨਹੀਂ ਹੋ ਪਾਉਂਦਾ ਇਸ ਸਾਰੇ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਵੀ ਪੁਲਿਸ ਮਹਿਕਮੇ ਤੋਂ ਹੀ ਹੁੰਦੀ ਹੈ। ਕਪਤਾਨ ਜਿਹੜਾ ਸਾਰੀ ਘਟਨਾ ਦੀ ਤਫ਼ਤੀਸ਼ ਕਰਦਾ ਹੈ ਉਹ ਇਸ ਸਮੁੱਚੀ ਫਾਈਲ ਨੂੰ ਬੰਦ ਕਰਨ ਦਾ ਪੰਜ ਲੱਖ ਰੁਪਿਆ ਮੰਗਦਾ ਹੈ-

'ਕਪਤਾਨ ਨੇ ਸਾਰੀ ਗੱਲ ਦੋ ਮਿੰਟਾਂ ਵਿਚ ਮੁਕਾ ਦਿੱਤੀ। ਇਹ ਵਾਰਦਾਤ ਨੀਰਜ ਅਤੇ ਪੰਕਜ ਦੀ ਸ਼ਹਿ 'ਤੇ ਹੋਈ ਸੀ। ਠੇਕੇਦਾਰ ਅਤੇ ਉਸ ਦੇ ਭਤੀਜੇ ਨੇ ਸਾਰੀ ਕਹਾਣੀ ਟੇਪ ਕਰਵਾ ਦਿੱਤੀ ਸੀ। ਸਬੂਤ ਵਜੋਂ ਟੇਪ ਦੇ ਕੁਝ ਹਿੱਸੇ ਕਪਤਾਨ ਨੇ ਉਨ੍ਹਾਂ ਨੂੰ ਸੁਣਾਏ। ਬਹੁਤ ਸਾਰੇ ਠੋਸ ਸਬੂਤ ਪੁਲਿਸ ਦੇ ਹੱਥ ਲੱਗ ਚੁੱਕੇ ਸਨ। ਕੁਝ ਸਬੂਤਾਂ ਦਾ ਵੇਰਵਾ ਉਸ ਨੇ ਵਿਨੇ ਨੂੰ ਦਿੱਤਾ। ਉਹ ਚਾਹੇ ਤਾਂ ਇਸ ਦੀ ਤਸਦੀਕ ਨੀਰਜ ਕੋਲੋਂ ਕਰ ਲਏ।

ਵਿਨੇ ਨੇ ਨੀਰਜ ਨਾਲ ਫ਼ੋਨ 'ਤੇ ਗੱਲ ਕੀਤੀ। ਹੁਣ ਕੀ ਕੀਤਾ ਜਾਏ?

ਨੀਰਜ ਉੱਚੀ-ਉੱਚੀ ਰੋਣ ਲੱਗਾ। ਕਪਤਾਨ ਜੋ ਆਖ ਰਿਹਾ ਸੀ, ਸੱਚ ਸੀ। ਕਿਸੇ ਨਾ ਕਿਸੇ ਤਰ੍ਹਾਂ ਖਹਿੜਾ ਛਡਾਇਆ ਜਾਵੇ। ਪੰਜ ਲੱਖ ਵਿਚ ਸੌਦਾ ਤੈਅ ਹੋ ਗਿਆ। ਕੱਲ੍ਹ ਸ਼ਾਮ ਤਕ ਸਾਰੀ ਰਕਮ ਮੇਲੂ ਕੋਲ ਪੁੱਜ ਜਾਣੀ ਚਾਹੀਦੀ ਸੀ।

ਇਵਜ਼ ਵਿਚ ਕਪਤਾਨ ਅੱਗੇ ਤੋਂ ਉਨ੍ਹਾਂ ਦੀ ਡਟ ਕੇ ਮਦਦ ਕਰੇਗਾ। ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਣਗੇ। ਥਾਣੇ ਦਾ ਰਿਕਾਰਡ ਇਸ ਤਰ੍ਹਾਂ ਲਿਖਿਆ ਜਾਏਗਾ ਜਿਹੜਾ ਉਨ੍ਹਾਂ ਦੇ ਹੱਕ ਵਿਚ ਭੁਗਤੇ। ਹਰ ਦਸਤਾਵੇਜ਼ ਦੀ ਫ਼ੋਟੋ-ਕਾਪੀ ਉਨ੍ਹਾਂ ਨੂੰ ਮਿਲਦੀ ਰਹੇਗੀ'।[5]

ਇਸ ਤੋਂ ਇਲਾਵਾ ਨਾਵਲ ਵਿਚ ਅਸੀ ਵੇਖਦੇ ਹਾਂ ਕਿ ਪੁਲਿਸ ਕਪਤਾਨ ਉਨ੍ਹਾਂ ਨੂੰ ਹੋਰ ਵੀ ਬਹੁਤ ਸਾਰੀਆਂ ਸਲਾਹਾਂ ਦਿੰਦਾ ਹੈ ਜਿਵੇਂ ਕਿ-

ਮਾਮਲਾ ਹਰ ਵੱਡੇ ਅਫ਼ਸਰ ਤੋਂ ਲੈ ਕੇ ਮੁੱਖ-ਮੰਤਰੀ ਤਕ ਦੇ ਧਿਆਨ ਵਿਚ ਸੀ। ਉਨ੍ਹਾਂ ਤਕ ਸੰਪਰਕ ਪਾਰਟੀ ਨੇ ਆਪ ਕਰਨਾ ਸੀ। ਉਸ ਨੇ ਪੰਕਜ ਹੋਰਾਂ ਨੂੰ ਪ੍ਰੈੱਸ ਨੂੰ ਕਾਬੂ ਕਰਨ ਦਾ ਸੁਝਾਅ ਵੀ ਦਿੱਤਾ ਅਤੇ ਉਨ੍ਹਾਂ ਨੂੰ ਵਿਸ਼ਵਾਸ ਵੀ ਦਵਾਇਆ ਕੀ ਉਹ ਖ਼ੁਦ ਪ੍ਰੈੱਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰੇਗਾ, ਤੱਥ ਤੋੜ-ਮਰੋੜ ਕੇ ਪੇਸ਼ ਕਰੇਗਾ, ਆਏ ਦਿਨ ਬਿਆਨ ਬਦਲੇਗਾ। ਦੋਸ਼ੀ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਦੀ ਕਟਿੰਗ ਸੰਭਾਲ ਕੇ ਰੱਖਣ, ਮੁਕੱਦਮੇ ਸਮੇਂ ਉਨ੍ਹਾਂ ਦੇ ਇਹ ਕੰਮ ਆਉਣਗੀਆਂ।

ਫੇਰ ਉਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰਨ ਦਾ ਵਿਸ਼ਵਾਸ ਵੀ ਦਵਾਇਆ-

"ਬਾਕੀ ਫੇਰ ਦੇਖੀ ਜਾਏਗੀ। ਹੁਣ ਜਾਓ ਅਤੇ ਪੇਸ਼ਗੀ ਜ਼ਮਾਨਤ ਦੀ ਕੋਸ਼ਿਸ਼ ਕਰੋ"।

"ਪੇਸ਼ਗੀ ਜ਼ਮਾਨਤ ਹੋਣ ਤਕ ਪੁਲਿਸ ਹੋਰ ਸਭ ਕੁਝ ਕਰੇਗੀ, ਪਰ ਤੁਹਾਨੂੰ ਗ੍ਰਿਫ਼ਤਾਰ ਨਹੀਂ ਕਰੇਗੀ"।[6]

ਇਸ ਤਰ੍ਹਾਂ ਪੁਲਿਸ ਵਿਚਲੇ ਭ੍ਰਿਸ਼ਟਾਚਾਰ ਨੂੰ ਲੇਖਕ ਨੇ ਇਸ ਨਾਵਲ ਰਾਹੀਂ ਬੇਪਰਦਾ ਕੀਤਾ ਹੈ ਜੋ ਕਿ ਇੱਕ ਬੜਾ ਹੀ ਸੰਵੇਦਨਸ਼ੀਲ ਮਸਲਾ ਹੈ ਜਿਸ ਨੂੰ ਖ਼ਤਮ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਆਮ ਜਨਤਾ ਵਿਚ ਪੁਲਿਸ ਪ੍ਰਤੀ ਵਿਸ਼ਵਾਸ ਬਣਿਆ ਰਹਿ ਸਕੇ ਅਤੇ ਬੇਗੁਨਾਹਾਂ ਨਾਲ ਹੁੰਦਾ ਅਨਿਆ ਖ਼ਤਮ ਹੋ ਸਕੇ।

ਕੌਰਵ ਸਭਾ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਸਾਡੇ ਦੇਸ਼ ਵਿਚਲੀ ਅਜੋਕੀ ਕਾਨੂੰਨੀ ਵਿਵਸਥਾ ਦਾ ਵੀ ਪਰਦਾ ਫਾਸ਼ ਕੀਤਾ ਹੈ। ਅੱਜ ਦੇ ਸਮੇਂ ਵਿਚ ਸਾਡੇ ਦੇਸ਼ ਦਾ ਕਾਨੂੰਨੀ ਪ੍ਰਸ਼ਾਸਨ ਇੰਨਾ ਭ੍ਰਿਸ਼ਟ ਹੋ ਚੁੱਕਿਆ ਹੈ ਕਿ ਵਕੀਲ ਤੇ ਜੱਜ, ਮੁਜਰਮਾਂ ਦਾ ਪੱਖ-ਪੂਰਨ ਲਈ ਲੱਖਾਂ ਰੁਪਏ ਲੈਂਦੇ ਹਨ। ਅੱਜ ਦੇ ਸਮੇਂ ਦੀ ਸਥਿਤੀ ਅਜਿਹੀ ਹੈ ਕਿ ਪੈਸੇ ਨਾਲ ਅਰਦਲੀਆਂ, ਵਕੀਲਾਂ ਤੇ ਜੱਜਾਂ ਨੂੰ ਬੜੀ ਆਸਾਨੀ ਨਾਲ ਖ਼ਰੀਦਿਆ ਜਾ ਸਕਦਾ ਹੈ। ਇਸ ਨੂੰ ਅਸੀ ਅੱਜ ਦੀ ਨਿਆਂ ਪ੍ਰਣਾਲੀ ਦਾ ਯਥਾਰਥ ਕਹਿ ਸਕਦੇ ਹਾਂ। ਨਿਆਂ ਪ੍ਰਣਾਲੀ ਜਿਹੜੀ ਕਿਸੇ ਵੀ ਦੇਸ਼ ਵਾਸੀ ਨੂੰ ਨਿਆਂ ਦੁਆਉਂਦੀ ਹੈ ਉਹ ਏਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਇਸ ਪ੍ਰਬੰਧ ਵਿਚ ਚਪੜਾਸੀ, ਵਕੀਲ, ਸਰਕਾਰੀ ਵਕੀਲ, ਮੁਨਸ਼ੀ ਤੋਂ ਲੈ ਕੇ ਜੱਜ ਤਕ ਸਭ ਵਿਕਾਊ ਹਨ। ਜਿਵੇਂ ਕਿ ਨਾਵਲ ਵਿਚ ਪੰਕਜ ਤੇ ਨੀਰਜ ਦਾ ਨਾਮ ਕਾਤਲਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਪਰ ਉਹ ਨਿਆਂ ਪ੍ਰਣਾਲੀ ਵਿਚ ਸਭ ਨੂੰ ਪੈਸੇ ਨਾਲ ਖ਼ਰੀਦ ਲੈਂਦੇ ਹਨ ਤੇ ਅੰਤ ਵਿਚ ਬਿਨਾਂ ਕਿਸੇ ਦਿੱਕਤ ਦੇ ਬਰੀ ਹੋ ਜਾਂਦੇ ਹਨ। ਨਾਵਲ ਕੌਰਵ ਸਭਾ ਵਿਚ ਵਕੀਲ ਨੰਦ ਲਾਲ ਨੂੰ ਇੱਕ ਭ੍ਰਿਸ਼ਟ ਕਾਨੂੰਨੀ ਵਿਵਸਥਾ ਦੇ ਪ੍ਰਤੀਕ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ। ਨਾਵਲ ਵਿਚਲੀ ਉਸ ਦੀ ਕਾਰਗੁਜ਼ਾਰੀ ਵੇਖਣ ਯੋਗ ਹੈ- 'ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਅਜੇ ਨੰਦ ਲਾਲ ਨੂੰ ਵਕੀਲ ਕਰਨ ਦੇ ਹੱਕ ਵਿਚ ਸੀ। ਉਹ ਫ਼ੀਸ ਜ਼ਰੂਰ ਠੋਕ ਕੇ ਲੈਂਦਾ ਸੀ ਪਰ ਫ਼ੀਸ ਤੈਅ ਹੋਣ ਬਾਅਦ ਸਾਇਲ ਦੀ ਸਿਰਦਰਦੀ ਮੁੱਕ ਜਾਂਦੀ ਸੀ। ਅਸਾਮੀ ਪੈਸਾ ਖ਼ਰਚਣ ਵਾਲੀ ਹੋਵੇ ਉਹ ਕਚਹਿਰੀ ਦੇ ਅਰਦਲੀ ਤੋਂ ਲੈ ਕੇ ਸੁਪਰੀਮ ਕੋਰਟ ਦੇ ਜੱਜ ਤਕ ਦੀ ਆਪੇ ਖ਼ਰੀਦੋ-ਫ਼ਰੋਖ਼ਤ ਕਰ ਦਿੰਦਾ ਸੀ'।[7]

ਨੰਦ ਲਾਲ ਦੀ ਉਮਰ 70 ਦੇ ਕਰੀਬ ਸੀ ਅਤੇ ਪੁਲਿਸ ਵਿਭਾਗ ਵਿਚ ਉਸ ਦੀ ਪੂਰੀ ਚੜ੍ਹਤ ਸੀ। ਉਸ ਦੇ ਫ਼ੋਨ ਉੱਪਰ ਕੰਮ ਹੁੰਦੇ ਸਨ। ਉਸ ਨੇ ਕਈਆਂ ਦੀਆਂ ਤਰੱਕੀਆਂ ਵੀ ਪੈਸੇ ਲੈ ਕੇ ਕਰਵਾਈਆਂ ਸਨ। ਨਾਵਲ ਦੇ 66 ਪੰਨੇ ਉੱਪਰ ਨੰਦ ਲਾਲ ਨੇ ਆਪਣੀ ਫ਼ੀਸ ਤੇ ਸ਼ਰਤਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ- 'ਮੈ ਇੱਕ ਲੱਖ ਰੁਪਿਆ ਫ਼ੀਸ ਲਵਾਂਗਾ। ਜੇ ਕੇਸ ਲੜਨਾ ਪਿਆ ਫੇਰ ਪੰਜਾਹ ਹਜ਼ਾਰ ਹੋਰ ਲੱਗਣਗੇ। ਜੇ ਸ਼ਰਤ ਮਨਜ਼ੂਰ ਹੋਵੇ ਤਾਂ ਅੱਧੀ ਫ਼ੀਸ ਤੇ ਗੱਡੀ ਭੇਜ ਦੇਵੋ'।[8]

ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਕਾਨੂੰਨ ਤੇ ਨਿਆਇਕ ਪ੍ਰਬੰਧ ਵਿਚਲੇ ਭ੍ਰਿਸ਼ਟ ਤੰਤਰ ਦੇ ਪ੍ਰਭਾਵ-

1 ਜਾਣਕਾਰੀ ਦੇ ਬਾਵਜੂਦ ਵੀ ਪੁਲਿਸ ਦਾ ਮੌਕਾ-ਏ-ਵਾਰਦਾਤ ਤੇ ਸਮੇਂ ਸਿਰ ਨਾ ਪਹੁੰਚਣਾ।

2 ਸਿਪਾਹੀ ਤੋਂ ਲੈ ਕੇ ਹੌਲਦਾਰ, ਮੁਨਸ਼ੀ, ਤਫ਼ਤੀਸ਼ੀ, ਮੁੱਖ ਅਫ਼ਸਰ, ਡੀ.ਐੱਸ.ਪੀ, ਐੱਸ.ਐੱਸ.ਪੀ, ਡੀ.ਆਈ.ਜੀ, ਆਈ.ਜੀ ਆਦਿ ਸਭ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਅਹੁਦੇ ਅਤੇ ਕਾਰਜ ਦੇ ਹਿਸਾਬ ਨਾਲ ਰਿਸ਼ਵਤ ਲੈਣਾ।

3 ਸਟੇਟ ਦੀਆਂ ਬਾਕੀ ਸੰਸਥਾਵਾਂ ਵਾਂਗ ਨਿਆਂਪਾਲਿਕਾ ਵਿਚ ਵੀ ਭ੍ਰਿਸ਼ਟਾਚਾਰ ਦਾ ਸਿਖਰ ਤੇ ਹੋਣਾ।

4 ਜੱਜਾਂ ਦੀਆਂ ਨਿਯੁਕਤੀਆਂ ਤੇ ਤਰੱਕੀਆਂ, ਬਦਲੀਆਂ ਆਦਿ ਰਾਜਨੀਤਕ ਚਾਲਬਾਜ਼ੀ ਅਤੇ ਰਿਸ਼ਵਤਖ਼ੋਰੀ ਨਾਲ ਕਰਨਾ।

5 ਕਾਨੂੰਨੀ ਨੁਕਤਿਆਂ ਦੀ ਦੁਰਵਰਤੋਂ। ਜਿਸ ਦੇ ਆਧਾਰ ਤੇ ਤੱਥਾਂ ਦੀ ਤੋੜ-ਮਰੋੜ ਕਰਨਾ, ਸ਼ੱਕ ਦਾ ਫ਼ਾਇਦਾ ਮੁਲਜ਼ਮਾਂ ਨੂੰ ਮਿਲਣਾ, ਤਫ਼ਤੀਸ਼ ਦਾ ਵਿਗਿਆਨਕ ਆਧਾਰ ਨਾ ਹੋਣਾ।

6 ਵਕੀਲ ਉਹੋ ਨਾਮਵਰ ਗਿਣਿਆ ਜਾਣਾ ਜਿਸ ਦੀ ਜੱਜਾਂ ਤੇ ਪੁਲਿਸ ਤੱਕ ਖੁੱਲ੍ਹੀ-ਡੁੱਲ੍ਹੀ ਗੱਲ ਬਾਤ ਅਤੇ ਪਹੁੰਚ ਹੋਵੇ। ਸਰਕਾਰੀ ਵਕੀਲਾਂ ਵੱਲੋਂ ਮੁੱਦਈ ਤੇ ਮੁਲਜ਼ਮ ਦੋਵਾਂ ਧਿਰਾਂ ਨਾਲ ਗੱਠਜੋੜ ਰੱਖਣਾ।

7 ਅਦਾਲਤਾਂ ਦੇ ਸਟੈਨੋ, ਰੀਡਰ, ਅਹਿਲਮੰਦ, ਨਾਇਬ ਕੋਰਟ, ਜ਼ਿਲ੍ਹਾ ਅਟਾਰਨੀ, ਐਡਵੋਕੇਟ ਜਨਰਲ, ਰਜਿਸਟਰਾਰ ਆਦਿ ਸਭ ਵੱਲੋਂ ਰਿਸ਼ਵਤ ਦੀ ਝਾਕ ਰੱਖਣਾ।

ਇਸ ਪ੍ਰਕਾਰ ਕੌਰਵ ਸਭਾ ਵਿਚ ਲੇਖਕ ਨੇ ਨੰਦ ਲਾਲ ਨੂੰ ਕਾਨੂੰਨੀ ਸਿਸਟਮ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ, ਇਸ ਤੋਂ ਇਲਾਵਾ, ਅਰਦਲੀਆਂ, ਮੁਨਸ਼ੀਆਂ, ਜੱਜਾਂ, ਆਦਿ ਨੂੰ ਇਸ ਅਜੋਕੇ ਭ੍ਰਿਸ਼ਟ ਬਾਜ਼ਾਰ ਵਿਚ ਪੈਸੇ ਦੇ ਕੇ ਖ਼ਰੀਦਿਆ ਜਾ ਸਕਦਾ ਹੈ। ਇਸ ਭ੍ਰਿਸ਼ਟ ਸਿਸਟਮ ਨੂੰ ਖ਼ਤਮ ਕਰਨਾ ਜ਼ਰੂਰਤ ਦੇ ਨਾਲ-ਨਾਲ ਇੱਕ ਚੁਨੌਤੀ ਵੀ ਹੈ ਪਰ ਇਸ ਦੇ ਖ਼ਾਤਮੇ ਨਾਲ ਹੀ ਆਮ ਲੋਕਾਂ ਦਾ ਇਸ ਸਿਸਟਮ ਵਿਚ ਵਿਸ਼ਵਾਸ ਬਣਿਆ ਰਹਿ ਸਕਦਾ ਹੈ।

**ਰਾਜਨੀਤਿਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ**- ਨਾਵਲ ਕੌਰਵ ਸਭਾ ਵਿਚ ਲੇਖਕ ਨੇ ਸਾਡੇ ਸਮਾਜ ਨੂੰ ਚਲਾਉਣ ਵਾਲੇ ਮੁੱਖ ਸਮਾਜਿਕ ਪ੍ਰਬੰਧਾਂ ਜਾ ਸਿਸਟਮਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਹੈ। ਇਹਨਾਂ ਮੁੱਖ ਪ੍ਰਬੰਧਾਂ ਵਿਚੋਂ ਇਕ ਹੈ ਰਾਜਨੀਤਿਕ ਪ੍ਰਬੰਧ, ਜੋ ਕਿ ਸਾਡੇ ਸਮਾਜ ਦਾ ਇੱਕ ਮੁੱਖ ਪ੍ਰਬੰਧ ਮੰਨਿਆ ਜਾਂਦਾ ਹੈ, ਜੇਕਰ ਅੱਜ ਦੇ ਸਮੇਂ ਵਿਚ ਇਸ ਸਿਸਟਮ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਜ਼ਿਆਦਾ ਭ੍ਰਿਸ਼ਟਾਚਾਰ ਇਸੇ ਪ੍ਰਬੰਧ ਵਿਚ ਨਜ਼ਰ ਆਉਂਦਾ ਹੈ। ਜੇਕਰ ਇਸ ਨਾਵਲ ਵਿਚ ਪੇਸ਼ ਰਾਜਨੀਤਿਕ ਪ੍ਰਬੰਧ ਦਾ ਵਿਸ਼ਲੇਸ਼ਣ ਕਰੀਏ ਤਾਂ ਬਘੇਲ ਸਿੰਘ ਤੇ ਮੁੱਖ ਮੰਤਰੀ ਸਮੇਤ ਸਾਰੇ ਨੇਤਾ ਇੱਕ ਭ੍ਰਿਸ਼ਟ ਰਾਜਨੀਤਿਕ ਪ੍ਰਬੰਧ ਦੇ ਪ੍ਰਤੀਕ ਜਾਪਦੇ ਹਨ। ਇਨ੍ਹਾਂ ਨੇਤਾਵਾਂ ਦੇ ਕੰਮਾਂ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਕਿਵੇਂ ਵਿਧਾਇਕ ਆਮ ਜਨਤਾ ਦੇ ਕੰਮ ਕਰਨ ਨਾਲੋਂ ਉਨ੍ਹਾਂ ਨੂੰ ਲੁੱਟਣ ਨੂੰ ਤਰਜੀਹ ਦਿੰਦੇ ਹਨ। ਉਦਾਹਰਨ ਵਜੋਂ- ‘ਬਘੇਲ ਸਿੰਘ ਦਾ ਸਿਆਸੀ ਭਵਿੱਖ ਖ਼ਤਰੇ ਵਿਚ ਸੀ। ਜੇ ਪਾਰਟੀ ਦੋ-ਫਾੜ ਨਾ ਹੋਈ ਤਾਂ ਮੁੱਖ-ਮੰਤਰੀ ਨੇ ਉਸ ਦਾ ਟਿਕਟ ਵਾਲਾ ਪੱਤਾ ਕੱਟ ਦੇਣਾ ਸੀ। ਜੇ ਪਾਰਟੀ ਬਚੀ ਰਹੀ ਅਤੇ ਉਸ ਨੂੰ ਟਿਕਟ ਮਿਲ ਗਿਆ ਫੇਰ ਵੀ ਉਸ ਦੇ ਜਿੱਤਣ ਦੀ ਕੋਈ ਸੰਭਾਵਨਾ ਨਹੀਂ ਸੀ। ਅਸੁਰੱਖਿਅਤ ਮਹਿਸੂਸ ਕਰਦਾ ਬਘੇਲ ਸਿੰਘ ਅਸਰ-ਰਸੂਖ਼ ਦੀ ਥਾਂ ਪੈਸਾ ਬਣਾਉਣ ਵੱਲ ਧਿਆਨ ਦੇ ਰਿਹਾ ਸੀ। ਦੋਹਾਂ ਸਥਿਤੀਆਂ ਵਿਚ ਪੈਸੇ ਦੀ ਜ਼ਰੂਰਤ ਸੀ। ਜੇ ਟਿਕਟ ਮਿਲ ਗਿਆ ਤਾਂ ਅਸਰ-ਰਸੂਖ਼ ਦੀ ਘਾਟ ਕਾਰਨ ਪੈਸਾ ਪਾਣੀ ਵਾਂਗ ਵਹਾਉਣਾ ਪੈਣਾ ਸੀ। ਟਿਕਟ ਨਾ ਮਿਲਿਆ ਤਾਂ ਅਗਲੇ ਪੰਜ ਸਾਲ ਆਰਾਮ ਨਾਲ ਕੱਢਣ ਲਈ ਪੈਸਾ ਚਾਹੀਦਾ ਸੀ। ਫੇਰ ਪਤਾ ਨਹੀਂ ਕਦੇ ਹਕੂਮਤ ਵਿਚ ਆਉਣ ਦਾ ਮੌਕਾ ਮਿਲੇ ਜਾਂ ਨਾ। ਇਹੋ ਜਿਹੀ ਸੋਚ ਤਹਿਤ ਬਘੇਲ ਸਿੰਘ ਨੇ ਇਹ ਤਕੜੀ ਮੱਛੀ ਆਪਣੇ ਜਾਲ ਵਿਚ ਫਸਾਈ ਸੀ’।[9]

ਨਾਵਲ ਵਿਚ ਪੰਕਜ ਤੇ ਨੀਰਜ ਜੋ ਕਤਲ, ਰੇਪ ਤੇ ਡਕੈਤੀ ਦੇ ਜੁਰਮ ਵਿਚ ਸਿੱਧੇ ਮੁਜਰਮ ਸਾਬਤ ਹੋ ਜਾਂਦੇ ਹਨ ਤਾਂ ਇਸ ਕੇਸ ਵਿਚ ਪੰਕਜ ਤੇ ਨੀਰਜ ਨੂੰ ਬਰੀ ਕਰਵਾਉਣ ਲਈ ਬਘੇਲ ਸਿੰਘ, ਮੁੱਖ ਮੰਤਰੀ ਰਾਹੀਂ ਇੱਕ ਕਰੋੜ ਰੁਪਏ ਦੇ ਪਾਰਟੀ ਫ਼ੰਡ ਦੀ ਮੰਗ ਕਰਦਾ ਹੈ। ਇਹ ਮੰਗ ਪੰਕਜ ਹੋਰਾਂ ਉੱਪਰ ਇਕ ਪਹਾੜ ਵਾਂਗ ਗਿਰਦੀ ਹੈ, ਜਿਵੇਂ ਕਿ- 'ਪੰਦਰਾਂ ਦਿਨਾਂ ਤੋਂ ਉਹ ਇਸ ਮੁਸੀਬਤ ਵਿਚ ਫਸੇ ਹੋਏ ਸਨ। ਸਾਰਾ ਕਾਰੋਬਾਰ ਠੱਪ ਸੀ। ਕੰਮ ਮੁਲਾਜ਼ਮਾਂ ਦੇ ਸਿਰ 'ਤੇ ਚੱਲ ਰਿਹਾ ਸੀ। ਪਤਾ ਨਹੀਂ ਘਾਟਾ ਪੈ ਰਿਹਾ ਸੀ ਜਾਂ ਵਾਧਾ ਹੋ ਰਿਹਾ ਸੀ। ਵੀਹ ਲੱਖ ਉਹ ਹੁਣ ਤਕ ਦੇ ਚੁੱਕੇ ਸਨ। ਅੱਜ ਤਕ ਉਨ੍ਹਾਂ ਪੈਸਾ ਖ਼ੁਸ਼ੀ-ਖ਼ੁਸ਼ੀ ਦਿੱਤਾ ਸੀ। ਲੱਗਦਾ ਸੀ, ਬੱਸ ਇਹ ਆਖ਼ਰੀ ਪੜਾਅ ਸੀ। ਇੱਧਰ-ਉੱਧਰ ਅਤੇ ਬੈਂਕਾਂ ਵਿਚ ਪਈ ਰਕਮ ਖ਼ਤਮ ਹੋ ਚੁੱਕੀ ਸੀ। ਅੱਗੋਂ ਤੋਂ ਭੁਗਤਣ ਲਈ ਪੈਸਾ ਕਿਸੇ ਕੋਲੋਂ ਫੜਨਾ ਪੈਣਾ ਸੀ। ਉੱਪਰੋਂ ਮਾਰ ਇਹ ਕਿ ਹੁਣ ਤਕ ਖ਼ਰਚਿਆ ਪੈਸਾ ਗੁੜ ਤੋਂ ਗੋਬਰ ਬਣ ਚੁੱਕਾ ਸੀ। ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਮੁੜ ਵਿਚਾਰਾਂ ਹੋਣ ਲੱਗੀਆਂ'।[10]

ਪਹਿਲਾਂ ਤਾਂ ਪੰਕਜ ਹੁਣੀ ਬਘੇਲ ਸਿੰਘ ਨੂੰ ਟਾਲ-ਮਟੋਲ ਕਰਦੇ ਰਹੇ ਪਰ ਅਖੀਰ ਵਿਚ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਜਦੋਂ ਤੱਕ ਇੱਕ ਕਰੋੜ ਦੀ ਮੰਗ ਪੂਰੀ ਨਹੀਂ ਕੀਤੀ ਜਾਵੇਗੀ ਤਦ ਤੱਕ ਉਹਨਾ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਹੋਵੇਗਾ ਇਸ ਤਰ੍ਹਾਂ ਅਖੀਰ ਵਿਚ ਉਹ ਬਘੇਲ ਸਿੰਘ ਦੁਆਰਾ ਰੱਖੀ ਗਈ ਇੱਕ ਕਰੋੜ ਦੀ ਮੰਗ ਕਿਸ਼ਤਾਂ ਵਿਚ ਪੂਰੀ ਕਰਨ ਲਈ ਮੰਨ ਜਾਂਦੇ ਹਨ। ਇੱਕ ਕਰੋੜ ਦੀਆਂ ਕਿਸ਼ਤਾਂ ਕਿਸ ਤਰ੍ਹਾਂ ਬੰਨ੍ਹੀਆਂ ਜਾਂਦੀਆਂ ਹਨ, ਉਸ ਦਾ ਨਾਵਲ ਵਿਚ ਜ਼ਿਕਰ ਇਸ ਪ੍ਰਕਾਰ ਹੈ-

'ਉਨ੍ਹਾਂ ਦੀ ਸਰਕਾਰ ਦੇ ਗਿਣਵੇਂ ਮਹੀਨੇ ਬਾਕੀ ਸਨ। ਚੋਣਾਂ ਬਾਅਦ ਪਤਾ ਨਹੀਂ ਕਿਸ ਪਾਰਟੀ ਦੀ ਸਰਕਾਰ ਬਣਨੀ ਸੀ। ਸਰਕਾਰ ਬਦਲਣ ਬਾਅਦ ਕਿਸੇ ਨੇ ਵਾਅਦੇ ਨਹੀਂ ਨਿਭਾਉਣੇ, ਇਹ ਸਭ ਨੂੰ ਪਤਾ ਸੀ। ਅਜਿਹੇ ਮੁਕੱਦਮੇ ਸਾਲਾਂ-ਬੱਧੀ ਚਲਦੇ ਹਨ। ਮੁੱਖ-ਮੰਤਰੀ ਇੰਨੀ ਲੰਬੀ ਉਡੀਕ ਨਹੀਂ ਸੀ ਕਰ ਸਕਦਾ। ਸ਼ਰਤਾਂ ਵਿਚ ਥੋੜ੍ਹੀ ਬਹੁਤ ਰੱਦੋ-ਬਦਲ ਹੋਈ। ਪਹਿਲੀ ਕਿਸ਼ਤ ਤੀਹ ਦੀ ਥਾਂ ਚਾਲੀ ਦੀ ਹੋਣੀ ਸੀ। ਦੂਜੀ ਕਿਸ਼ਤ ਦੋਸ਼ੀਆਂ ਦੀ ਸ਼ਰਤ ਮੁਤਾਬਿਕ ਉਨ੍ਹਾਂ ਦੇ ਬੇ-ਕਸੂਰ ਸਾਬਤ ਹੁੰਦਿਆਂ ਲਈ ਜਾਣੀ ਸੀ। ਵੈਸੇ ਮੁੱਖ-ਮੰਤਰੀ ਦਾ ਕੰਮ ਇੱਥੇ ਖ਼ਤਮ ਹੋ ਜਾਂਦਾ ਸੀ। ਅਦਾਲਤੀ ਕਾਰਵਾਈ ਦੋਸ਼ੀਆਂ ਨੇ ਆਪ ਦੇਖਣੀ ਸੀ, ਪਰ ਕੋਈ ਸਰਕਾਰੀ ਵਕੀਲ ਜਾਂ ਕੋਈ ਪੁਲਿਸ ਅਫ਼ਸਰ ਅੜਿੱਕਾ ਨਾ ਲਾਵੇ ਇਸ ਲਈ ਤੀਜੀ ਕਿਸ਼ਤ ਦਾ ਭੁਗਤਾਨ ਦੋਸ਼ੀਆਂ ਦੇ ਬਾਹਰ ਆਉਣ ਤਕ ਰੋਕਿਆ ਗਿਆ'।[11]

ਨਾਵਲ 'ਕੌਰਵ ਸਭਾ' ਵਿਚ ਪ੍ਰਸਤੁਤ ਰਾਜਨੀਤਿਕ ਪ੍ਰਬੰਧ ਵਿਚਲੇ ਭ੍ਰਿਸ਼ਟ ਤੰਤਰ ਦੇ ਪ੍ਰਭਾਵ-

1 ਰਾਜਨੀਤੀਵਾਨਾਂ ਦਾ ਵੱਡੇ-ਵੱਡੇ ਪੂੰਜੀਪਤੀਆਂ ਤੋਂ ਪਾਰਟੀ ਫ਼ੰਡ ਲੈ ਕੇ ਉਨ੍ਹਾਂ ਦੇ ਜਾਇਜ਼-ਨਜਾਇਜ਼ ਕੰਮਾਂ ਵਿਚ ਹਿੱਸੇਦਾਰ ਬਣਨਾ।

2 ਅਹੁਦੇ ਦੀ ਦੁਰਵਰਤੋਂ ਕਰਨਾ ਤੇ ਨਿੱਜੀ ਲਾਭਾਂ ਲਈ ਸਰਕਾਰੀ ਤਾਕਤ ਅਤੇ ਮਸ਼ੀਨਰੀ ਦਾ ਪ੍ਰਯੋਗ ਕਰਨਾ।

ਇਸ ਤਰਾਂ ਲੇਖਕ ਨੇ ਸਾਡੇ ਅਜੋਕੇ ਸਮਾਜ ਦੇ ਰਾਜਨੀਤਿਕ ਪ੍ਰਬੰਧ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਂਦਾ ਹੈ। ਰਾਜਨੀਤਿਕ ਸਿਸਟਮ ਸਮਾਜ ਦੇ ਪ੍ਰਬੰਧਾਂ ਨੂੰ ਚਲਾਉਣ ਵਾਲੇ ਮੁੱਖ ਪ੍ਰਬੰਧਾਂ ਵਿਚੋਂ ਸਭ ਤੋਂ ਮੁੱਖ ਹੈ ਜੇਕਰ ਇਹ ਸਿਸਟਮ ਹੀ

ਭ੍ਰਿਸ਼ਟਾਚਾਰੀ ਨਾਲ ਗ੍ਰਸਤ ਹੋਇਆ ਹੋਵੇਗਾ ਤਾਂ ਬਾਕੀ ਸਭ ਸਿਸਟਮ ਜੋ ਸਮਾਜ ਨੂੰ ਚਲਾ ਰਹੇ ਹਨ ਜਾਂ ਸਮਾਜ ਦੀ ਰੱਖਿਆ ਕਰ ਰਹੇ ਹਨ ਉਹ ਤਾਂ ਆਪਣੇ ਆਪ ਹੀ ਭ੍ਰਿਸ਼ਟ ਹੋਣਗੇ, ਸੋ ਇਹ ਅੱਜ ਦੇ ਸਮੇਂ ਦੀ ਲੋੜ ਹੈ ਕਿ ਰਾਜਨੀਤਿਕ ਪ੍ਰਬੰਧ ਵਿਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕੀਤਾ ਜਾਵੇ, ਤਾਂ ਜੋ ਸਮਾਜ ਇੱਕ ਚੰਗੀ ਦਿਸ਼ਾ ਵਲ ਅੱਗੇ ਵੱਧ ਸਕੇ।

---

[1] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-5
[2] -ਉਹੀ-, ਪੰਨਾ-19
[3] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-20
[4] -ਉਹੀ-, ਪੰਨਾ-24
[5] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-96
[6] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-97
[7] -ਉਹੀ-, ਪੰਨਾ-64
[8] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-66
[9] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-164
[10] -ਉਹੀ-, ਪੰਨਾ-166
[11] -ਉਹੀ-, ਪੰਨਾ-193

# ਅਧਿਆਇ - ਚੌਥਾ

## ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ

ਸਾਹਿਤਕ ਖੇਤਰ ਵਿਚ ਨਾਵਲ ਹੀ ਇੱਕ ਅਜਿਹਾ ਸਾਹਿਤਕ ਰੂਪ ਹੈ ਜੋ ਸਮਾਜ ਦੇ ਕਿਸੇ ਵੀ ਪੱਖ ਨੂੰ ਆਪਣੇ ਘੇਰੇ ਵਿਚ ਸਮਾਂ ਸਕਣ ਦੀ ਸਮਰੱਥਾ ਰੱਖਦਾ ਹੈ, ਜੋ ਮਨੁੱਖੀ ਮਨੋਵੇਗਾਂ ਦੇ ਕਾਰਜਾਂ ਨੂੰ ਵਿਸ਼ਾਲ ਰੂਪ ਵਿਚ ਦਰਸਾਉਣ ਦੀ ਤਰਜਮਾਨੀ ਕਰਦਾ ਹੋਇਆ ਸਮੁੱਚੇ ਸਮਾਜ ਦੀ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿਸ ਨੂੰ ਪਾਠਕ ਪੜ੍ਹ ਕੇ ਇੱਕ ਨਾਵਲ ਦੇ ਤੌਰ 'ਤੇ ਨਹੀਂ ਸਗੋਂ ਆਪਣੇ ਆਪ ਨੂੰ ਸਮੁੱਚੇ ਸਮਾਜ ਵਿਚ ਵਿਚਰ ਰਿਹਾ ਪ੍ਰਤੀਤ ਕਰਦਾ ਹੈ ਕਿਉਂਕਿ ਇੱਥੇ ਉਸ ਦੀ ਸਾਂਝ ਕੇਵਲ ਨਾਵਲ ਦੇ ਪੜ੍ਹਨ ਤਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਸਮੁੱਚੇ ਸਮਾਜਕ ਵਾਤਾਵਰਨ ਨਾਲ ਜਾ ਪੈਂਦੀ ਹੈ। ਅਜੋਕੇ ਮਨੁੱਖ ਦੀਆਂ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਨੂੰ ਸਰਲ ਪਰ ਗੰਭੀਰਤਾ ਪੂਰਵਕ ਚਿਤਰਨਾ ਇਸ ਸਾਹਿਤ ਰੂਪ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੇ ਵਿਸ਼ਿਆਂ ਨੂੰ ਅਨੇਕਾਂ ਘਟਨਾਵਾਂ ਤੇ ਪ੍ਰਸਥਿਤੀਆਂ ਦੇ ਪਰਿਪੇਖ ਰਾਹੀਂ ਸਮਝਿਆ ਜਾ ਸਕਦਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਦੀ ਸਾਂਝ ਕੇਵਲ ਕਾਨੂੰਨ ਤਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਸਮੁੱਚੇ ਸਮਾਜਕ ਵਾਤਾਵਰਣ ਨਾਲ ਜਾ ਪੈਂਦੀ ਹੈ। ਨਾਵਲਕਾਰ ਦੇ ਨਾਵਲਾਂ ਵਿਚੋਂ ਜਿੱਥੇ ਬਹੁ-ਵਿਸਥਾਰਤਾ ਮਿਲਦੀ ਹੈ ਉੱਥੇ ਇਸ ਨਾਵਲ ਵਿਚੋਂ ਯਥਾਰਥ ਨੂੰ ਸੰਘਣੇਪਣ ਰਾਹੀਂ ਚਿਤਰਿਆ ਗਿਆ ਹੈ। ਇਸ ਨਾਵਲ ਦਾ ਕੇਂਦਰੀ ਵਿਸ਼ਾ ਭਾਰਤੀ ਨਿਆਂਪਾਲਿਕਾ ਤੇ ਇਸ ਦੇ ਅੱਗੋਂ ਵੱਖ-ਵੱਖ ਥੀਮਕ ਪਾਸਾਰਾਂ ਵਿਚੋਂ ਸਮੁੱਚੀ ਵਿਵਸਥਾ ਵਿਚ ਵਿਆਪਤ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਵੇਰਵੇ, ਸਟੇਟ ਅਤੇ ਆਮ ਆਦਮੀ ਦੇ ਆਪਸੀ ਤਣਾਉ ਦਾ ਮਸਲਾ, ਵਰਤਮਾਨ ਸਮੇਂ ਵਿਚ ਮੀਡੀਏ ਦੀ ਭੂਮਿਕਾ, ਪੂੰਜੀਵਾਦ ਤੋਂ ਪ੍ਰਭਾਵਿਤ ਹੁੰਦੀ ਰਿਸ਼ਤਾ-ਨਾਤਾ ਪ੍ਰਣਾਲੀ, ਇਸ ਦੇ ਸਿੱਟੇ ਵਜੋਂ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ, ਸਮਾਜ ਵਿਚ ਨਿਰੰਤਰ ਵੱਧ ਰਿਹਾ ਜੁਰਮ ਅਤੇ ਪਰਵਾਸੀ ਮਜ਼ਦੂਰਾਂ ਦੀ ਸਮੱਸਿਆ ਵਰਗੇ ਅੰਤਰ-ਸੰਬੰਧਿਤ ਸਰੋਕਾਰ ਆ ਜਾਂਦੇ ਹਨ। ਇਕ ਤੋਂ ਵੱਧ ਪਾਸਾਰਾਂ ਤੇ ਅਨੇਕਾਂ ਥੀਮਕ ਪਰਤਾਂ ਨੂੰ ਵਿਸਤਰਿਤ ਅਤੇ ਸੰਘਣੀ ਸੰਰਚਨਾ ਦਾ ਰੂਪ ਦੇਣ ਲਈ ਨਾਵਲਕਾਰ ਨੇ ਅਤੀਤ ਦੀਆਂ ਮਿੱਥਾਂ ਨੂੰ ਪਿਛੋਕੜ ਵਿਚ ਰੱਖ ਕੇ ਬਿਰਤਾਂਤ ਨੂੰ ਕਈ ਭਾਗਾਂ ਵਿਚ ਵੰਡਿਆ ਹੈ। ਨਾਵਲ ਵਿਚ ਆਏ ਮਿਥਿਕ ਵੇਰਵਿਆਂ ਦੀ ਜਾਣਕਾਰੀ ਲੈਣ ਲਈ ਮਿੱਥ ਬਾਰੇ ਸੰਖੇਪ ਵਿਚ ਜਾਣਨਾ ਵੀ ਜ਼ਰੂਰੀ ਜਾਪਦਾ ਹੈ, ਕਿਉਂਕਿ ਮੁੱਢ ਤੋਂ ਹੀ ਵਿਸ਼ਵ ਪੱਧਰ 'ਤੇ ਮਿੱਥ ਦਾ ਚਿੰਤਨ ਹੋ ਰਿਹਾ ਹੈ।

ਮਿੱਥ 'Myth' ਅੰਗਰੇਜ਼ੀ ਸ਼ਬਦ ਹੈ ਜਿਸ ਦਾ ਮੂਲ ਰੂਪ ਪੰਜਾਬੀ ਭਾਸ਼ਾ ਵਿਚ ਨਹੀਂ ਮਿਲਦਾ ਸਗੋਂ ਸਮਾਂ ਪਾ ਕੇ ਪੰਜਾਬੀ ਭਾਸ਼ਾ ਵਿਚ ਇਸ ਨੂੰ ਹੂ-ਬ-ਹੂ ਅੰਗਰੇਜ਼ੀ ਭਾਸ਼ਾ ਵਾਲਾ ਹੀ ਅਪਣਾਇਆ ਗਿਆ ਹੈ। ਮਿੱਥ ਦੇ ਬਾਰੇ ਨਾਵਲ ਵਿਗਿਆਨੀਆਂ, ਮਨੋਵਿਗਿਆਨੀਆਂ, ਸਮਾਜ-ਵਿਗਿਆਨੀਆਂ, ਭਾਸ਼ਾ-ਵਿਗਿਆਨੀਆਂ ਅਤੇ ਸਾਹਿਤ-ਵਿਗਿਆਨੀਆਂ ਨੇ ਵੱਖੋ-ਵੱਖਰੇ ਵਿਚਾਰ ਪੇਸ਼ ਕੀਤੇ ਹਨ।

'ਮਿੱਥ' ਸ਼ਬਦ ਦੇ ਕਈ ਅਰਥ ਕੀਤੇ ਜਾਂਦੇ ਹਨ ਜਿਵੇਂ 'ਗਲਪ' ਜਾਂ 'ਮਨਘੜਤ' ਕਹਾਣੀ ਅਤੇ ਭਰਮ ਆਦਿ। ਮਿੱਥ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਆਇ ਰਹਿਤ ਵਸਤੂ ਅਤੇ ਇਤਿਹਾਸਕ ਪੱਖ ਤੋਂ ਤੱਥ ਰਹਿਤ ਵਸਤੂ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਹੈ।[1]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, "ਮਿੱਥ ਮਨੁੱਖ ਦੀ ਇਕ ਸਭਿਆਚਾਰਕ ਪ੍ਰਾਪਤੀ ਹੈ। ਇਸ ਦਾ ਸਿਰਜਣ ਅਤੇ ਪ੍ਰਚਲਣ ਲੋਕ-ਜੀਵਨ ਅਤੇ ਲੋਕ-ਸਭਿਆਚਾਰ ਦੇ ਖੇਤਰ ਵਿਚ ਹੋਣ ਕਰਕੇ ਇਹ ਲੋਕਯਾਨ ਦੇ ਵਿਸ਼ਾਲ ਅਧਿਐਨ ਖੇਤਰ ਦਾ ਇਕ ਵਿਸ਼ੇਸ਼ ਭਾਗ ਬਣ ਜਾਂਦੀ ਹੈ। ਲੋਕਯਾਨ ਦਾ ਵਿਸ਼ਾਲ ਅਧਿਐਨ ਖੇਤਰ ਸਮਸਤ ਮਨੁੱਖੀ ਸਮਾਜ, ਇਸ ਦੇ ਮੂਲ ਵਿਸ਼ਵਾਸਾਂ ਅਤੇ ਤਿਉਹਾਰਾਂ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ। ਮਿੱਥ ਵਿਚੋਂ ਮਾਨਵ ਜਾਤੀ ਦਾ ਸਾਂਸਕ੍ਰਿਤਿਕ ਇਤਿਹਾਸ ਉਲੀਕਿਆ ਮਿਲਦਾ ਹੈ"।[2]

ਐਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ ਅਨੁਸਾਰ- "ਮਿੱਥ ਕਥਾਵਾਂ ਪੂਰਨ ਅਧਿਕ੍ਰਿਤ ਵਿਵਰਨ ਹੁੰਦਾ ਹੈ ਜਿੰਨਾ ਦੀ ਅਤਿਕ੍ਰਿਤਤਾ ਪ੍ਰਮਾਣਿਤ ਨਾਲੋਂ ਪ੍ਰਤੱਖ ਵਧੇਰੇ ਹੁੰਦੀ ਹੈ। ਇਨ੍ਹਾਂ ਵਿਚ ਘਟਨਾਵਾਂ ਤੇ ਸਥਿਤੀਆਂ ਵਰਣਿਤ ਹੁੰਦੀਆਂ ਹਨ ਜੋ ਸਾਧਾਰਨ ਮਾਨਵੀ ਦੁਨੀਆ ਦੀਆਂ ਸੀਮਾਵਾਂ ਤੋਂ ਉੱਪਰ ਹੁੰਦੀਆਂ ਹੋਈਆਂ ਵੀ ਉਸ ਲਈ ਬੁਨਿਆਦੀ ਮਹੱਤਵ ਵਾਲੀਆਂ ਹੁੰਦੀਆਂ ਹਨ ਤੇ ਜਿਸ ਸਮੇਂ ਵਿਚ ਇਨ੍ਹਾਂ ਕਥਾਵਾਂ ਦੀਆਂ ਘਟਨਾਵਾਂ ਨੂੰ ਵਾਪਰਦਿਆਂ ਦੱਸਿਆ ਜਾਂਦਾ ਹੈ ਉਹ ਮਨੁੱਖੀ ਅਨੁਭਵ ਦੇ ਸਾਧਾਰਨ ਇਤਿਹਾਸਕ ਸਮੇਂ ਤੋਂ ਬਿਲਕੁਲ ਵੱਖਰਾ ਹੁੰਦਾ ਹੈ (ਵਧੇਰੇ ਹਾਲਤਾਂ ਵਿਚ ਤਾਂ ਇਹ ਇਕ ਕਾਲਪਨਿਕ ਸਮੇਂ ਦੀ ਗੱਲ ਹੀ ਹੁੰਦੀ ਹੈ) ਇਨ੍ਹਾਂ ਘਟਨਾਵਾਂ ਦੇ ਪਾਤਰ ਦੈਵੀ ਪੁਰਸ਼ ਜਾਂ ਪਸ਼ੂਆਂ ਜਾਂ ਬੂਟਿਆਂ ਵਰਗੇ ਅਸਾਧਾਰਨ ਜੀਵ-ਜੰਤੂ ਜਾਂ ਆਦਿ ਕਾਲੀਨ ਮਨੁੱਖ ਜਾਂ ਐਸੇ ਮਹਾਂਪੁਰਖ ਹੁੰਦੇ ਹਨ ਜਿਨ੍ਹਾਂ ਦੇ ਮਾਨਵੀ ਸਥਿਤੀ ਨੂੰ ਹੀ ਬਦਲ ਦਿੱਤਾ ਹੋਵੇ"।[3]

ਉਪਰੋਕਤ ਪਰਿਭਾਸ਼ਾ ਵਿਚ ਮਿੱਥ ਦੇ ਕਥਾ-ਸੰਗਠਨ ਵਿਚ ਦੈਵੀ ਅੰਸ਼ਾਂ ਜਾਂ ਪਰ੍ਹਾ-ਪ੍ਰਾਕ੍ਰਿਤਕ ਹੋਂਦ ਤੇ ਸ੍ਰਿਸ਼ਟੀ ਦੇ ਮੂਲ ਸੋਮਿਆਂ ਤੇ ਅਧਿਕ ਬਲ ਦਿੱਤਾ ਗਿਆ ਹੈ ਜਦਕਿ ਮਿੱਥ ਦੀ ਸਰਲਤਾ ਨਾਲ ਸਮਝ ਕਰਨੈਲ ਸਿੰਘ ਥਿੰਦ ਦੇ ਵਿਚਾਰਾਂ ਵਿਚ ਵੇਖੀ ਜਾ ਸਕਦੀ ਹੈ-

"ਪੂਰਵ ਇਤਿਹਾਸਕ ਯੁੱਗ ਵਿਚ ਵਾਪਰੀ ਕਿਸੇ ਘਟਨਾ ਨੂੰ ਜੋ ਲੋਕਾਂ ਦੀਆਂ ਅਲੌਕਿਕ ਪਰੰਪਰਾਵਾਂ ਨਾਲ ਜੁੜੀ ਹੋਵੇ ਅਤੇ ਜਿਹੜੀ ਉਨ੍ਹਾਂ ਦੇ ਦੇਵਤਿਆਂ, ਪ੍ਰਾਚੀਨ ਯੋਧਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸੰਸਕ੍ਰਿਤਿਕ ਗੁਣਾਂ ਨਾਲ ਸੰਬੰਧਿਤ ਹੋਵੇ ਪੁਰਾਣ ਕਥਾ ਆਖਦੇ ਹਨ"।[4]

ਮਿੱਥ ਇੱਕ ਮਨੁੱਖੀ ਮਨ ਦੀ ਵੇਦਨਾ ਹੈ ਜੋ ਸਮਾਜ ਦੇ ਬੌਧਿਕ ਵਿਕਾਸ ਅਤੇ ਸਭਿਆਚਾਰ ਵਿਚ ਕੜੀ ਦਾ ਕੰਮ ਕਰਦੀ ਹੈ। ਮਿੱਥ ਦਾ ਕਾਰਜ ਮਨੁੱਖੀ ਸਮੂਹਾਂ ਦੀ ਚੇਤਨਾ ਨੂੰ ਨਵੀਂ ਸੇਧ ਦੇਣਾ ਹੈ। ਮਿੱਥ ਦੀ ਸਿਰਜਨਾ ਕਿਸੇ ਇਕੱਲੇ-ਇਕਹਿਰੇ ਮਨੁੱਖ ਦੁਆਰਾ ਨਹੀਂ ਸਗੋਂ ਲੰਮੇ ਸਮੇਂ ਦੀ ਘਾਲਣਾ ਬਾਅਦ ਜਨ-ਸਮੂਹ ਦੀ ਪ੍ਰਵਾਨਗੀ ਅਧੀਨ ਹੋਂਦ ਵਿਚ ਆਉਂਦੀ ਹੈ।

ਸਾਹਿਤ ਅਤੇ ਮਿੱਥ ਦਾ ਰਿਸ਼ਤਾ ਮੁੱਢ ਕਦੀਮ ਤੋਂ ਜੁੜਿਆ ਹੋਇਆ ਹੈ। ਸਾਹਿਤ ਭਾਵੇਂ ਮੌਖਿਕ ਹੋਵੇ ਭਾਵੇਂ ਲਿਖਤੀ ਹਰ ਸਾਹਿਤ ਦੇ ਰੂਪ ਵਿਚ ਮਿੱਥ ਦਾ ਵਰਣਨ ਜ਼ਰੂਰ ਆਉਂਦਾ ਹੈ ਕਿਉਂਕਿ ਕੋਈ ਵੀ ਸਾਹਿਤ ਖ਼ਲਾਅ ਵਿਚੋਂ ਪੈਦਾ ਨਹੀਂ ਹੋ ਸਕਦਾ, ਸਗੋਂ ਮਿਥਿਹਾਸ ਵਿਚੋਂ ਜਨਮ ਲੈਂਦਾ ਹੈ। ਜੇਕਰ ਭਾਰਤੀ ਸਾਹਿਤ ਦੀ ਉਤਪਤੀ ਤੇ ਝਾਤ ਮਾਰੀਏ ਤਾਂ ਇਹ ਉਪਜਦਾ ਹੀ ਵੈਦਿਕ ਮਿੱਥਾਂ ਵਿਚੋਂ ਹੈ। ਸੋ ਮਿੱਥ ਨੂੰ ਹਰੇਕ ਸਾਹਿਤ ਦੇ ਰੂਪ ਦਾ ਆਧਾਰ ਬਣਾਇਆ ਜਾਂਦਾ ਰਿਹਾ ਹੈ। ਇੱਥੇ ਸਾਹਿਤ ਦੇ ਰੂਪ ਨਾਵਲ ਵਿਚ ਮਿੱਥ ਨੂੰ ਆਧਾਰ ਬਣਾਏ ਜਾਣ ਬਾਰੇ ਡਾ. ਰਾਹੀ ਦੇ ਵਿਚਾਰਾਂ ਨਾਲ ਨਾਵਲ ਵਿਚ ਮਿੱਥ ਦੇ ਆਧਾਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

“ਨਾਵਲ ਨੂੰ ਵੀ ਮਿੱਥਾਂ ਤੋਂ ਬੇਨਿਆਜ਼ ਨਹੀਂ ਕਿਹਾ ਜਾ ਸਕਦਾ। ਇਸ ਵਿਚ ਵੀ ਮਿੱਥਾਂ ਉਸਾਰੀਆਂ ਜਾਂਦੀਆਂ ਹਨ, ਜਿਵੇਂ ਲੋਕ ਹਿੱਤਾਂ, ਸਭਿਆਚਾਰਕ ਮੁੱਲਾਂ, ਮਨੁੱਖੀ ਬਰਾਬਰੀ, ਸਮਾਜਿਕ ਨਿਆਂ, ਸਿਆਸੀ ਅਤੇ ਆਰਥਿਕ ਆਜ਼ਾਦੀ ਆਦਿ ਦੀਆਂ ਮਿੱਥਾਂ। ਮੁੱਲਾਂ ਦੀ ਸਿਰਜਨਾ ਮਿੱਥਾਂ ਦੀ ਸਿਰਜਨਾ ਹੈ। ਕਲਪਨਾ ਦੀ ਹਰ ਇਖ਼ਤਰਾਅ ਨੂੰ ਮੰਤਕ ਦੇ ਨੁਕਤਾ ਨਿਗਾਹ ਤੋਂ ਮਿੱਥ ਹੀ ਕਹਿਣਾ ਪਵੇਗਾ। ਬੰਦਾ ਸਮਾਜਿਕ ਪ੍ਰਾਣੀ ਹੈ। ਉਸ ਲਈ ਮੁੱਲਾਂ ਬਿਨਾ ਜਿਊਣਾ ਮੁਮਕਿਨ ਨਹੀਂ। ਇਸ ਲਈ ਮਿੱਥਾਂ ਬਿਨ ਉਸ ਦੀ ਹੋਂਦ ਜਲ ਬਿਨ ਮੀਨ ਵਰਗੀ ਹੋਵੇਗੀ। ਮਿੱਥਾਂ ਉਸ ਦੀ ਮਾਨਵਤਾ ਦੀਆਂ ਤਦਬੀਰਾਂ ਤੇ ਉਸ ਦੇ ਸੁਪਨਿਆਂ ਦਾ ਖ਼ਾਕ ਹਨ। ਮਿੱਥਾਂ ਰਾਹੀਂ ਹੀ ਬੰਦਾ ਕ੍ਰਾਂਤੀਆਂ ਦੇ ਨਕਸ਼ ਉਲੀਕਦਾ ਤੇ ਹੋਣੀਆਂ ਨੂੰ ਆਪਣੀ ਰਜ਼ਾ ਅਨੁਸਾਰ ਢਾਲਣਾ ਲੋਚਦਾ ਹੈ। ਮਿੱਥਾਂ ਹੀ ਉਸ ਨੂੰ ਹੋਰ ਜੀਵਾਂ ਨਾਲੋਂ ਨਿਖੇੜਦੀਆਂ ਹਨ। ਉਸ ਦੇ ਗਿਆਨ-ਵਿਗਿਆਨ ਦੇ ਬੀਜ ਸਭ ਤੋਂ ਪਹਿਲਾਂ ਮਿੱਥਾਂ ਵਿਚ ਹੀ ਉੱਗਦੇ ਹਨ। ਮਿੱਥਾਂ ਰੁਕੇ ਹੋਏ ਪਾਣੀਆਂ ਦਾ ਕੜ ਤੋੜਦੀਆਂ ਹਨ। ਮਿੱਥਾਂ ਸਮਾਜਿਕ-ਇਤਿਹਾਸਕ ਅਹਿਮੀਅਤ ਵਾਲੀ ਚੀਜ਼ ਹੁੰਦੀਆਂ ਹਨ ਪਰ ਨਾਵਲ ਵਿਚ ਮਿੱਥਾਂ ਇਕ ਖ਼ਾਸ ਫ਼ਰਕ ਨਾਲ ਉੱਸਰਦੀਆਂ ਹਨ। ਇਹ ਫ਼ਰਕ ਵਿਧਾ ਦਾ ਹੈ ਤੇ ਇਸ ਤੋਂ ਇਲਾਵਾ ਉਨ੍ਹਾਂ ਦੇ ਪ੍ਰਕਾਰਜ ਦਾ”।[5]

ਸੋ ਉਪਰੋਕਤ ਪਰਿਭਾਸ਼ਾ ਤੋਂ ਸਪਸ਼ਟ ਹੁੰਦਾ ਹੈ ਕਿ ਮਿੱਥ ਸਾਹਿਤ ਦੇ ਆਧੁਨਿਕ ਰੂਪ ਨਾਵਲ ਦਾ ਆਧਾਰ ਮੁੱਢ-ਕਦੀਮ ਤੋਂ ਬਣਦੀ ਰਹੀ ਹੈ। ਮਿੱਤਰ ਸੈਨ ਮੀਤ ਦੇ ਨਾਵਲ ‘ਕੌਰਵ ਸਭਾ’ ਵਿਚ ਅਤੀਤ ਦੀਆਂ ਮਿੱਥਾਂ ਨੂੰ ਆਧਾਰ ਬਣਾ ਕੇ ਵਰਤੇ ਮਿਥਿਕ ਸ਼ਬਦਾਂ, ਮਿਥਿਕ ਪ੍ਰਤੀਕਾਂ, ਬਿੰਬਾਂ ਅਤੇ ਮਿੱਥ ਰੂਪਾਂਤਰਨ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:-

## ਕੌਰਵ ਸਭਾ ਵਿਚ ਮਿਥਿਕ ਸ਼ਬਦ

ਕਿਸੇ ਵੀ ਰਚਨਾ ਦਾ ਢਾਂਚਾ ਬਣਾਉਣ ਸਮੇਂ ਹੋਰ ਤੱਤਾਂ ਦੀ ਤਰ੍ਹਾਂ ਭਾਸ਼ਾਈ ਸ਼ਬਦਾਂ ਦੇ ਤੱਤ ਦਾ ਵੀ ਵਿਸ਼ੇਸ਼ ਮਹੱਤਵ ਹੈ। ਭਾਸ਼ਾ ਵਿਚਲੇ ਸ਼ਬਦ ਸੌਖੇ, ਸਰਲ ਤੇ ਸਪਸ਼ਟ ਹੋਣ ਕਾਰਨ ਹੀ ਰਚਨਾ ਵਿਚ ਰੋਚਿਕਤਾ ਆਉਂਦੀ ਹੈ ਕਿਉਂਕਿ ਪਾਠਕ ਸੌਖ ਨਾਲ ਪੜ੍ਹ ਕੇ ਹੀ ਰਚਨਾ ਦੇ ਵਿਸ਼ੇਸ਼ ਪਾਤਰਾਂ ਅਤੇ ਘਟਨਾਵਾਂ ਨਾਲ ਜੁੜਦਾ ਹੈ। ਪਿਆਰਾ ਸਿੰਘ ਭੋਗਲ ਅਨੁਸਾਰ, “ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜਿਸ ਵਿਚ ਸਾਹਿਤ ਰਚਨਾ ਹੋਂਦ ਵਿਚ ਆਈ। ਸਾਹਿਤ ਅਜਿਹੀ ਕਲਾ ਹੈ ਜੋ ਸ਼ਬਦਾਂ ਰਾਹੀ ਪ੍ਰਗਟ ਹੁੰਦੀ ਹੈ, ਇਹ ਕਲਾ ਪਾਠਕ ਨੂੰ ਹਲੂਣਦੀ ਵੀ ਹੈ ਅਤੇ ਨਾਵਲਕਾਰ ਦੇ ਮੰਤਵ ਨੂੰ ਵੀ ਪੂਰਦੀ ਹੈ”।[6]

ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਵੀ ਰਚਨਾ, ਖ਼ਾਸ ਕਰਕੇ ਨਾਵਲ ਦੀ ਭਾਸ਼ਾ ਸਾਫ਼-ਸੁਥਰੀ, ਸਰਲ ਅਤੇ ਹਰ ਤਰ੍ਹਾਂ ਦੇ ਪਾਠਕ ਦੇ ਪੱਧਰ ਦੀ ਹੋਵੇ ਤਾਂ ਕਿ ਨਾਵਲ ਨੂੰ ਉਸ ਦੇ ਵਿਸ਼ੇ ਦੀ ਗਹਿਰਾਈ ਤੋਂ ਪੜ੍ਹਿਆ ਜਾ ਸਕਦਾ ਹੋਵੇ।

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਪੇਸ਼ੇ ਦੇ ਤੌਰ ਤੇ ਵਕੀਲ ਹੋਣ ਦੇ ਬਾਵਜੂਦ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਰਤਦਾ ਹੈ। ਬੇਸ਼ੱਕ ਉਸ ਦਾ ਵਾਹ-ਵਾਸਤਾ ਹਮੇਸ਼ਾ ਅੰਗਰੇਜ਼ੀ ਬੋਲਣ ਵਾਲੇ ਵਕੀਲਾਂ ਨਾਲ ਪੈਂਦਾ ਹੈ ਪਰੰਤੂ ਉਹ ਆਪਣੇ ਨਾਵਲ ਵਿਚ ਅੰਗਰੇਜ਼ੀ ਸ਼ਬਦਾਵਲੀ ਵਰਤਣ ਤੋਂ ਸੰਕੋਚ ਕਰਦਾ ਹੈ ਪਰ ਜੋ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਸਾਡੇ ਅਜੋਕੇ ਸਮਾਜਿਕ, ਆਰਥਿਕ, ਨਿਆਇਕ ਤੇ ਰਾਜਨੀਤਿਕ ਸਿਸਟਮ ਦਾ ਹਿੱਸਾ ਬਣ ਚੁੱਕੇ ਹਨ ਤੇ ਜਿਨ੍ਹਾਂ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਨੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਥਾਂ ਲੈ ਲਈ ਹੈ ਉਹਨਾ ਸ਼ਬਦਾਂ ਨੂੰ ਲੇਖਕ ਵਰਤਣ ਤੋਂ ਗੁਰੇਜ਼ ਨਹੀਂ ਕਰਦਾ। ਸ਼ਾਇਦ ਉਸ ਦੇ ਬਰਨਾਲੇ ਬੀਤੇ ਬਚਪਨ ਦਾ ਅਸਰ ਹੈ ਕਿ ਵੱਡੀ ਤੋਂ ਵੱਡੀ ਘਟਨਾ ਨੂੰ ਛੋਟੀ ਤੋਂ ਛੋਟੀ ਸ਼ਬਦਾਵਲੀ ਅਤੇ ਸਾਧਾਰਨ ਭਾਸ਼ਾ ਰਾਹੀਂ ਪੇਸ਼ ਕਰਨ ਦਾ ਯਤਨ ਕਰਦਾ ਹੈ। ਸਰਲ ਗੱਲ ਨੂੰ ਔਖੇ ਫ਼ਿਕਰਿਆਂ ਵਿਚ ਕਹਿਣਾ ਸੌਖਾ ਹੈ ਪਰ ਗਹਿਰ ਗੰਭੀਰ ਗੱਲ ਨੂੰ ਅਤਿ ਸਰਲ ਭਾਸ਼ਾ ਵਿਚ ਕਹਿਣਾ ਬਹੁਤ ਔਖਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ਇਸ ਪੱਖੋਂ ਮਹੱਤਵਪੂਰਨ ਪ੍ਰਾਪਤੀ ਰੱਖਦੇ ਹਨ ਕਿ ਉਸ ਨੇ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਿਚ ਪੇਸ਼ ਕੀਤਾ ਹੈ।

ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਵਿਚ ਬੋਲੀ ਜਾਂਦੀ ਭਾਸ਼ਾ ਜਿੱਥੇ ਸਹਿਜ, ਸਰਲ ਤੇ ਸੰਖੇਪ ਰੂਪ ਵਾਲੀ ਰਹੀ ਹੈ ਉੱਥੇ ਹੀ ਉਸ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਬਹੁਤ ਸਾਰੀ ਮਿਥਿਕ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ ਅਤੇ ਇਨ੍ਹਾਂ ਸ਼ਬਦਾਂ ਦਾ ਸੰਬੰਧ ਅਤੀਤ ਦੀਆਂ ਬਹੁਤ ਸਾਰੀਆਂ ਮਿੱਥਾਂ ਨਾਲ ਜਾਂ ਜੁੜਦਾ ਹੈ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

ਰਾਮ ਲਕਸ਼ਮਣ ਅਤੇ ਸੁਗਰੀਵ ਬਾਲੀ, ਹਨੂਮਾਨ, ਅਵਤਾਰ, ਭਗਵਾਨ ਸ਼ਿਵ, ਮਾਂ ਪਾਰਵਤੀ, ਕੁੰਡਲਨੀ ਸ਼ਕਤੀ, ਧਿਆਨ ਸਾਧਨਾ, ਦੁਰਗਾ ਕਵਚ, ਮਾਤਾ ਸੀਤਾ, ਰਾਕਸ਼ਸ਼, ਚੀਰ ਹਰਨ, ਮਹਾਂਭਾਰਤ, ਧਰਿਤਰਾਸ਼ਟਰ, ਕੰਧਾਰੀ, ਭਬੀਖਣ/ਭਵੀਸ਼ਣ, ਦੈਂਤ, ਭੀਸ਼ਮ-ਪਿਤਾਮਾ, ਭੀਮ, ਲਛਮਣ ਰੇਖਾ, ਕੌਰਵਾਂ, ਪਾਂਡਵਾਂ, ਸਤਜੁਗੀ ਔਰਤ, ਹਨੂਮਾਨ ਦੀ ਪੂਛ, ਦੈਵੀ ਸ਼ਕਤੀ, ਤਾੜਕਾਸੁਰ, ਸੁਦਾਮਾ, ਕੌਰਵ ਸਭਾ, ਦੁਸ਼ਾਸ਼ਣ, ਅਭਿਮਨਯੂ, ਚੱਕਰਵਿਯੂ, ਬ੍ਰਹਮ-ਅਸਤਰ, ਅਰਜੁਨ, ਰਾਣੀ ਝਾਂਸੀ।

ਉਪਰੋਕਤ ਮਿਥਿਕ ਸ਼ਬਦਾਂ ਦਾ ਪ੍ਰਯੋਗ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਦੀ ਕਹਾਣੀ ਅਨੁਸਾਰ ਬਹੁਤ ਹੀ ਉਚੇਚੇ ਢੰਗ ਨਾਲ ਕੀਤਾ ਹੈ ਅਤੇ ਲੋੜ ਅਨੁਸਾਰ ਉਸ ਨੇ ਨਾਵਲ ਵਿਚਲੇ ਮੁੱਖ ਪਾਤਰਾਂ ਨੂੰ ਮਿਥਿਕ ਪਾਤਰਾਂ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਤੁਲਨਾਇਆ ਹੈ। ਜਿਵੇਂ ਕਿ-

**ਰਾਮ ਲਕਸ਼ਮਣ ਅਤੇ ਸੁਗਰੀਵ ਬਾਲੀ**- ਇਹ ਦੋਵੇਂ ਮਿਥਿਕ ਸ਼ਬਦ ਅਤੀਤ ਦੀਆਂ ਮਿੱਥਾਂ ਨਾਲ ਸੰਬੰਧਿਤ ਹਨ। ਜੋ ਕਿ ਭਰਾਵਾਂ ਵਿਚਲੇ ਆਪਸੀ ਪਿਆਰ-ਮੁਹੱਬਤ ਅਤੇ ਆਪਸੀ ਈਰਖਾ, ਵੈਰ ਵਿਰੋਧ ਨੂੰ ਦਰਸਾਉਂਦੇ ਹਨ। ਜਿਵੇਂ ਕਿ ਰਾਮ

ਲਕਸ਼ਮਣ ਅਯੋਧਿਆ ਦੇ ਰਾਜਾ ਦਸ਼ਰਥ ਦੇ ਪੁੱਤਰ ਸਨ। ਦੋਨੋਂ ਭਰਾਂ ਆਪਸ ਵਿਚ ਬਹੁਤ ਹੀ ਪਿਆਰ-ਮੁਹੱਬਤ ਨਾਲ ਰਹੇ ਅਤੇ ਇਕ ਦੂਜੇ ਦੇ ਦੁੱਖ-ਸੁੱਖ ਵਿਚ ਸਾਥ ਦਿੰਦੇ ਰਹੇ, ਜਦ ਕਿ ਸੁਗਰੀਵ ਬਾਲੀ ਜੋ ਦੋ ਵੱਖ-ਵੱਖ ਦੇਵਤਿਆਂ ਦੇ ਪੁੱਤਰ ਸਨ ਜਿਵੇਂ ਕਿ ਸੁਗਰੀਵ ਸੂਰਜ ਭਗਵਾਨ ਦਾ ਪੁੱਤਰ ਸੀ ਜਦ ਕਿ ਬਾਲੀ ਇੰਦਰ ਦਾ ਪੁੱਤਰ ਸੀ ਪਰ ਇਹਨਾਂ ਦੋਹਾਂ ਭਰਾਵਾਂ ਦੀ ਮਾਤਾ ਇਕ ਅਪਸਰਾ ਸੀ। ਪਰ ਫਿਰ ਵੀ ਦੋਨੋਂ ਇਕ ਮਾਂ ਦੀ ਸੰਤਾਨ ਹੋਣ ਕਾਰਨ ਭਰਾ ਸਨ ਪਰ ਉਹ ਇਕ ਦੂਜੇ ਨਾਲ ਈਰਖਾ, ਵੈਰ ਵਿਰੋਧ ਨਾਲ ਰਹੇ ਸਨ। ਇਸ ਤਰ੍ਹਾਂ ਨਾਵਲਕਾਰ ਨੇ ਆਪਣੇ ਇਸ ਨਾਵਲ ਦੇ ਦੋ ਮੁੱਖ ਪਾਤਰਾਂ ਮੋਹਨ ਤੇ ਵੇਦ ਜੋ ਸਕੇ ਭਰਾ ਹਨ ਦੇ ਆਪਸੀ ਪਿਆਰ ਮੁਹੱਬਤ ਅਤੇ ਵੈਰ ਵਿਰੋਧ ਨੂੰ ਇਨ੍ਹਾਂ ਮਿਥਿਕ ਸ਼ਬਦਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤਾ ਹੈ। ਜਿਵੇਂ ਕਿ- ਜਦੋਂ ਤਕ ਵਿਉਪਾਰਕ ਸਾਂਝ ਮੋਹਨ ਅਤੇ ਵੇਦ ਵਿਚਕਾਰ ਰਹੀ ਸਭ ਕੁਝ ਸਹੀ ਚੱਲ ਰਿਹਾ ਸੀ, ਪਰ ਮੋਹਨ ਦੇ ਬਿਮਾਰ ਪੈਣ ਤੇ ਕੰਮ ਕਾਰ ਜਦੋਂ ਉਸ ਦੇ ਮੁੰਡਿਆਂ ਨੇ ਸੰਭਾਲਿਆ ਤਾਂ ਸਥਿਤੀ ਬਦਲ ਗਈ। 'ਚੰਗਾ ਹੁੰਦਾ ਜੇ ਵੇਦ ਆਪਣਾ ਸ਼ਹਿਰ ਨਾ ਛੱਡਦਾ। ਚੰਗਾ ਹੁੰਦਾ ਜੇ ਉਸ ਨੇ ਮੋਹਨ ਦੀ ਤਜਵੀਜ਼ ਠੁਕਰਾ ਦਿੱਤੀ ਹੁੰਦੀ। ਅੱਜ ਇਹ ਦਿਨ ਨਾ ਵੇਖਣਾ ਪੈਂਦਾ। ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਰਾਮ ਲਕਸ਼ਮਣ ਵਾਲਾ ਪਿਆਰ ਸੁਗਰੀਵ ਬਾਲੀ ਵਿਚ ਬਦਲ ਜਾਏਗਾ'।[7]

**ਹਨੂਮਾਨ**- ਹਿੰਦੂ ਧਰਮ ਵਿਚ ਹਨੂਮਾਨ ਭਗਵਾਨ ਦੀ ਬਹੁਤ ਮਾਨਤਾ ਹੈ। ਹਨੂਮਾਨ ਨੂੰ ਪਿਤਾ ਕੇਸਰੀ ਅਤੇ ਮਾਤਾ ਅੰਜਨਾ ਦੀ ਸੰਤਾਨ ਮੰਨਿਆ ਜਾਂਦਾ ਹੈ। ਹਨੂਮਾਨ ਨੂੰ ਭਗਵਾਨ ਸ਼ਿਵ ਦਾ ਅੰਸ਼ ਜਾਂ ਅਵਤਾਰ ਮੰਨਿਆ ਜਾਂਦਾ ਹੈ। ਉਨ੍ਹਾਂ ਕੋਲ ਅਸੀਮਿਤ ਸ਼ਕਤੀਆਂ ਸਨ ਜਿਨ੍ਹਾਂ ਵਿਚੋਂ ਇਕ ਸੀ ਹਵਾ ਵਿਚ ਉੱਡਣਾ ਤੇ ਹਵਾ ਵਿਚ ਹੀ ਸਮੁੰਦਰ ਪਾਰ ਕਰਨਾ ਆਦਿ। ਮਿੱਤਰ ਸੈਨ ਮੀਤ ਨੇ ਇਸ ਨਾਵਲ ਵਿਚ ਹਨੂਮਾਨ ਜੀ ਦੀਆਂ ਸ਼ਕਤੀਆਂ ਨੂੰ ਪਿਛੋਕੜ ਵਿਚ ਰੱਖ ਕੇ ਅਜੋਕੇ ਸਮੇਂ ਦੇ ਰਾਜਨੀਤਿਕ ਲੋਕਾਂ ਅਤੇ ਆਰਥਿਕ ਪੱਖ ਤੋਂ ਮਜ਼ਬੂਤ ਲੋਕਾਂ ਦੀਆਂ ਸ਼ਕਤੀਆਂ ਨਾਲ ਤੁਲਨਾਇਆ ਹੈ ਜਿਵੇਂ ਕਿ-

'ਮੋਹਨ ਲਾਲ ਨੇ ਪਹਿਲਾਂ ਐਮ.ਪੀ. ਨੂੰ ਮਿਲਦੇ ਕੋਟਿਆਂ ਦਾ ਖ਼ੁਦ ਅਧਿਐਨ ਕੀਤਾ। ਫੇਰ ਉਨ੍ਹਾਂ ਬਾਰੇ ਬਾਬੂ ਜੀ ਨੂੰ ਰੌਸ਼ਨੀ ਪਾਈ। ਜਦੋਂ ਬਾਬੂ ਜੀ ਨੂੰ ਸਮਝ ਆਈ ਕਿ ਉਨ੍ਹਾਂ ਕੋਲ ਹਨੂਮਾਨ ਵਾਂਗ ਛਾਲ ਮਾਰ ਕੇ ਮਹਾਂ ਸਮੁੰਦਰ ਪਾਰ ਕਰਨ ਦੀ ਤਾਕਤ ਹੈ ਤਾਂ ਉਨ੍ਹਾਂ ਨੇ ਆਪਣੀ ਸਾਰੀ ਤਾਕਤ ਮੋਹਨ ਲਾਲ ਵੱਲ ਝੋਕ ਦਿੱਤੀ। ਬਾਬੂ ਜੀ ਦੇ ਦੋ ਵਾਰ ਫ਼ੋਨ ਕਰਨ ਨਾਲ ਜੇ ਦੋਹਾਂ ਪਰਿਵਾਰਾਂ ਦੀਆਂ ਪੀੜ੍ਹੀਆਂ ਦੀਆਂ ਰੋਟੀਆਂ ਦਾ ਇੰਤਜ਼ਾਮ ਹੁੰਦਾ ਹੈ ਤਾਂ ਇਸ ਵਿਚ ਬਾਬੂ ਜੀ ਨੂੰ ਕੀ ਇਤਰਾਜ਼ ਹੋ ਸਕਦਾ ਸੀ'।[8]

**ਅਵਤਾਰ**- ਅਵਤਾਰ ਸ਼ਬਦ ਵੀ ਇਕ ਮਿਥਿਕ ਸ਼ਬਦ ਹੈ ਜੋ ਕਿ ਸਾਡੇ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਵਿਚ ਮੌਜੂਦ ਹੈ। ਅਵਤਾਰ ਸ਼ਬਦ ਉਸ ਮਨੁੱਖ ਲਈ ਵਰਤਿਆ ਜਾਂਦਾ ਹੈ ਜਿਸ ਦਾ ਜਨਮ ਸਮਾਜ ਕਲਿਆਣ ਜਾਂ ਮਨੁੱਖੀ ਕਲਿਆਣ ਲਈ ਹੋਇਆ ਮੰਨਿਆ ਜਾਂਦਾ ਹੈ। ਅਵਤਾਰ ਸ਼ਬਦ ਉਸ ਮਨੁੱਖ ਲਈ ਵੀ ਵਰਤਿਆ ਜਾਂਦਾ ਹੈ ਜੋ ਕਿਸੇ ਮਹਾਂ ਸ਼ਕਤੀ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ। ਲੇਖਕ ਨੇ 'ਕੌਰਵ ਸਭਾ' ਵਿਚ ਅਵਤਾਰ ਸ਼ਬਦ ਦਾ ਪ੍ਰਯੋਗ ਮਾਤਾ ਕਲਿਆਣੀ ਲਈ ਵਰਤਿਆ ਹੈ-

'ਸਹਿਯੋਗ ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਭਗਵਾਨ ਸ਼ਿਵ ਦੀ ਆਦੀ ਸ਼ਕਤੀ ਮਾਂ ਪਾਰਵਤੀ ਦਾ ਅਵਤਾਰ ਸਨ। ਉਨ੍ਹਾਂ ਦਾ ਅਵਤਾਰ ਲੋਕ ਕਲਿਆਣ ਲਈ ਹੋਇਆ ਸੀ'।[9]

**ਕੁੰਡਲਨੀ ਸ਼ਕਤੀ**- ਇਸ ਸ਼ਕਤੀ ਨੂੰ ਇਕ ਅਜਿਹੀ ਸ਼ਕਤੀ ਮੰਨਿਆ ਜਾਂਦਾ ਹੈ ਜਿਸ ਨਾਲ ਕੋਈ ਮਨੁੱਖ ਜਾਂ ਅਵਤਾਰ ਬੀਤ ਚੁੱਕੇ ਅਤੇ ਆਉਣ ਵਾਲੇ ਸਮੇਂ ਬਾਰੇ ਗਿਆਨ ਹਾਸਲ ਕਰ ਸਕਦਾ ਹੈ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਆਪਣੇ ਸਰੀਰ ਦੇ ਸੱਤਾਂ ਚੱਕਰਾਂ ਦੀ ਸ਼ਕਤੀ ਨੂੰ ਜਾਗਰਿਤ ਕਰਨ ਵਾਲੀ ਸ਼ਕਤੀ ਹੀ ਕੁੰਡਲਨੀ ਸ਼ਕਤੀ ਅਖਵਾਉਂਦੀ ਹੈ। ਧਾਰਮਿਕ ਗ੍ਰੰਥਾਂ ਅਨੁਸਾਰ ਕੁੰਡਲਨੀ ਸ਼ਕਤੀ ਦਾ ਜਾਗਰਨ ਘੋਰ ਤਪੱਸਿਆ ਅਤੇ ਕਠਿਨ ਯੋਗ ਸਾਧਨਾ ਤੋਂ ਬਾਅਦ ਹੁੰਦਾ ਹੈ। ਮਿਥਿਹਾਸ ਅਨੁਸਾਰ ਬਹੁਤ ਘੱਟ ਰਿਸ਼ੀਆਂ ਨੂੰ ਇਸ ਸਿੱਧੀ ਦੀ ਪ੍ਰਾਪਤੀ ਹੋਈ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਗਰਭ ਦੇ ਢਾਈਵੇਂ ਮਹੀਨੇ ਜੀਵ ਵਿਚ ਆਤਮਿਕ ਸ਼ਕਤੀ ਦਾ ਪ੍ਰਵੇਸ਼ ਹੁੰਦਾ ਹੈ। ਇਹ ਸ਼ਕਤੀ ਮਨੁੱਖ ਦੇ ਤਾਲੂਏ ਰਾਹੀਂ ਪ੍ਰਵੇਸ਼ ਕਰਦੀ ਹੈ ਅਤੇ ਸਰੀਰ ਦੇ ਸੱਤਾਂ ਕੇਂਦਰਾਂ ਰਾਹੀ ਗੁਜ਼ਰ ਕੇ ਉਨ੍ਹਾਂ ਕੇਂਦਰਾਂ ਰਾਹੀਂ ਸੰਚਾਲਿਤ ਅੰਗਾਂ ਨੂੰ ਕਿਰਿਆਸ਼ੀਲ ਕਰਦੀ ਹੈ। ਬਾਕੀ ਬਚਦੀ ਸ਼ਕਤੀ ਆਖ਼ਰੀ ਮੂਲਾਧਾਰ ਚੱਕਰ ਵਿਚ ਕੁੰਡਲੀ ਮਾਰ ਕੇ ਬੈਠ ਜਾਂਦੀ ਹੈ। ਯੋਗ ਸਾਧਨਾ ਰਾਹੀਂ ਇਸ ਸੁੱਤੀ ਸ਼ਕਤੀ ਨੂੰ ਜਗਾਇਆ ਜਾ ਸਕਦਾ ਹੈ। ਜਾਗੀ ਸ਼ਕਤੀ ਮੂਲਾਧਾਰ ਚੱਕਰ ਤੋਂ ਉੱਠ ਕੇ ਤਾਲੂਏ ਵੱਲ ਨੂੰ ਉਥਾਨ ਕਰਦੀ ਹੈ। ਇਸ ਉਥਾਨ ਦੌਰਾਨ ਉਹ ਵਿਚਕਾਰਲੇ ਚੱਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਸ਼ਕਤੀ ਨਾਲ ਆਤਮਾ ਦਾ ਆਪਣੇ ਮੂਲ ਸਰੋਤ ਪਰਮਾਤਮਾ ਨਾਲ ਸੰਪਰਕ ਸਥਾਪਤ ਹੁੰਦਾ ਹੈ। ਪਰਮ ਸੱਚ ਪ੍ਰਮਾਤਮਾ ਦੇ ਸੰਪਰਕ ਵਿਚ ਆ ਕੇ ਮਨੁੱਖ ਨੂੰ ਪਰਮ ਅਨੰਦ ਪ੍ਰਾਪਤ ਹੁੰਦਾ ਹੈ। ਰੂਹਾਨੀ ਤੇਜ਼ ਉਸ ਦੇ ਚਿਹਰੇ ਉੱਪਰ ਸੂਰਜ ਵਾਂਗ ਚਮਕਣ ਲੱਗਦਾ ਹੈ।

ਇਸ ਨਾਵਲ ਵਿਚ ਕੁੰਡਲਨੀ ਸ਼ਕਤੀ ਸ਼ਬਦ ਦਾ ਪ੍ਰਯੋਗ ਮਾਤਾ ਕਲਿਆਣੀ ਦੇ ਸੰਦਰਭ ਵਿਚ ਇੰਝ ਕੀਤਾ ਗਿਆ ਹੈ-

'ਮਾਤਾ ਜੀ ਨੇ ਆਪਣੀ ਕੁੰਡਲਨੀ ਦਾ ਜਾਗਰਨ ਤਾਂ ਕੀਤਾ ਹੀ ਸੀ, ਉਨ੍ਹਾਂ ਨੇ ਹੋਰਾਂ ਦੀ ਕੁੰਡਲਨੀ ਸ਼ਕਤੀ ਦੇ ਜਾਗਰਨ ਦਾ ਵੀ ਰਾਹ ਪੱਧਰਾ ਕੀਤਾ ਸੀ। ਉਨ੍ਹਾਂ ਦਾ ਯੋਗ ਕੋਈ ਛੱਲ ਫ਼ਰੇਬ ਨਹੀਂ ਸੀ। ਮਾਤਾ ਜੀ ਦੇ ਪੈਰੋਕਾਰਾਂ ਨੂੰ ਕੁੰਡਲਨੀ ਜਾਗਰਨ ਦਾ ਅਨੁਭਵ ਆਪਣੀਆਂ ਉਂਗਲਾਂ ਅਤੇ ਹਥੇਲੀਆਂ ਉੱਪਰ ਹੁੰਦਾ ਸੀ। ਯੋਗ ਸਾਧਨਾ ਦੌਰਾਨ ਉਂਗਲਾਂ ਅਤੇ ਹਥੇਲੀਆਂ ਵਿਚੋਂ ਠੰਢੀਆਂ ਤਰੰਗਾਂ ਨਿਕਲਦੀਆਂ ਸਨ। ਜਿਉਂ-ਜਿਉਂ ਕੁੰਡਲਨੀ ਮਾਂ ਦਾ ਉਥਾਨ ਹੁੰਦਾ ਸੀ ਤਿਉਂ-ਤਿਉਂ ਤਰੰਗਾਂ ਦੀ ਠੰਢਕ ਵਧਦੀ ਜਾਂਦੀ ਸੀ'।[10]

**ਧਿਆਨ ਸਾਧਨਾ**- ਤੋਂ ਭਾਵ ਹੈ ਕਿ ਇਕਾਗਰ ਚਿੱਤ ਹੋ ਕੇ ਆਪਣੀ ਅੰਤਰ ਆਤਮਾ ਪ੍ਰਤੀ ਧਿਆਨ ਕੇਂਦਰਿਤ ਕਰਨਾ ਜਾਂ ਇਕਾਗਰ ਚਿੱਤ ਹੋ ਕੇ ਪ੍ਰਮਾਤਮਾ ਦਾ ਸਿਮਰਨ ਕਰਨ ਨੂੰ ਹੀ ਧਿਆਨ ਸਾਧਨਾ ਕਿਹਾ ਜਾਂਦਾ ਹੈ। ਧਿਆਨ ਸਾਧਨਾ ਨੂੰ ਪੁਰਾਤਨ ਸਮਿਆਂ ਵਿਚ ਬਹੁਤ ਹੀ ਮਹੱਤਵਪੂਰਨ ਮੰਨਿਆ ਜਾਂਦਾ ਸੀ ਅਤੇ ਅੱਜ ਦੇ ਯੁੱਗ ਵਿਚ ਵੀ ਇਸ ਦੀ ਮਹੱਤਤਾ ਬਹੁਤ ਹੈ, ਕਿਉਂਕਿ ਅੱਜ ਦੇ ਅਸ਼ਾਂਤੀ ਭਰੇ ਮਾਹੌਲ ਵਿਚ ਇਸ ਦਾ ਬਹੁਤ ਮਹੱਤਵ ਹੈ। ਇਸ ਕਿਰਿਆ ਦੇ ਬਹੁਤ ਸਾਰੇ ਸਰੀਰਕ ਲਾਭ ਹਨ ਜਿੰਨ੍ਹਾਂ ਕਾਰਨ ਅੱਜ ਵੀ ਇਸ ਦੀ ਓਨੀ ਹੀ ਮਹੱਤਤਾ ਹੈ ਜਿੰਨੀ ਕਿ ਪੁਰਾਤਨ ਯੁੱਗਾਂ ਵਿਚ ਸੀ। ਨਾਵਲਕਾਰ

ਨੇ ਧਿਆਨ ਸਾਧਨਾ ਦੀ ਅਜੋਕੀ ਸਥਿਤੀ ਉੱਪਰ ਝਾਤ ਪੁਆਈ ਹੈ ਤੇ ਕਿਸ ਤਰ੍ਹਾਂ ਇਹ ਹੌਲੀ-ਹੌਲੀ ਵਧ ਰਹੀ ਹੈ ਉਸ ਦਾ ਜ਼ਿਕਰ ਨਾਵਲ ਦੀਆਂ ਇਹਨਾਂ ਸਤਰਾਂ ਵਿਚੋਂ ਮਿਲਦਾ ਹੈ-

'ਇਨ੍ਹੀਂ ਦਿਨੀਂ ਇਸ ਪੁਰਾਤਨ ਭਾਰਤੀ ਪਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਪੂਰੇ ਜ਼ੋਰ-ਸ਼ੋਰ ਨਾਲ ਹੋ ਰਿਹਾ ਸੀ। ਧਿਆਨ ਸਾਧਨਾ ਲੋਕਾਂ ਦਾ ਧਿਆਨ ਖਿੱਚ ਰਹੀ ਸੀ। ਨਵੇਂ-ਨਵੇਂ ਸਾਧੂ ਨਵੀਆਂ-ਨਵੀਆਂ ਸੰਸਥਾਵਾਂ ਖੜੀਆਂ ਕਰਕੇ ਲੋਕਾਂ ਨੂੰ ਯੋਗ ਸਾਧਨਾ ਲਈ ਪ੍ਰੇਰ ਰਹੇ ਸਨ। ਅਖ਼ਬਾਰਾਂ ਵਿਚ ਮੁਫ਼ਤ ਲਗਦੇ ਧਿਆਨ ਸ਼ਿਵਰਾਂ ਦੇ ਵੱਡੇ-ਵੱਡੇ ਇਸ਼ਤਿਹਾਰ ਛਪ ਰਹੇ ਸਨ। ਟੀ.ਵੀ. ਉੱਪਰ ਯੋਗੀ ਮਹਾਤਮਾ ਅਤੇ ਉਨ੍ਹਾਂ ਕਿਸਮਤ ਵਾਲੇ ਲੋਕਾਂ ਦੇ ਇੰਟਰਵਿਊ ਆ ਰਹੇ ਸਨ, ਜਿਨ੍ਹਾਂ ਨੇ ਯੋਗ ਸਾਧਨਾ ਰਾਹੀਂ ਹੈਰਾਨ ਕਰਨ ਵਾਲੇ ਲਾਭ ਪ੍ਰਾਪਤ ਕੀਤੇ ਸਨ'।[11]

**ਦੁਰਗਾ ਕਵਚ**- ਹਿੰਦੂ ਧਰਮ ਵਿਚ ਦੁਰਗਾ ਕਵਚ ਇਕ ਮੰਤਰ ਦੇ ਰੂਪ ਵਿਚ ਪ੍ਰਸਿੱਧ ਹੈ। ਇਸ ਦੀ ਮਾਨਤਾ ਹੈ ਕਿ ਇਸ ਦੇ ਉਚਾਰਨ ਨਾਲ ਮਨੁੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ, ਕਿਉਂਕਿ ਕਵਚ ਸ਼ਬਦ ਦਾ ਅਰਥ ਹੀ ਇਕ ਸੁਰੱਖਿਆ ਚੱਕਰ ਹੈ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਵਿਚ ਇਸ ਸ਼ਬਦ ਦਾ ਪ੍ਰਯੋਗ ਵੀ ਇਕ ਸੁਰੱਖਿਆ ਘੇਰੇ ਦੇ ਰੂਪ ਵਿਚ ਹੀ ਕੀਤਾ ਹੈ-

'ਧਿਆਨ ਸਾਧਨਾ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਹਰ ਸਹਿਯੋਗੀ ਇਕ ਬੰਧਨ ਲਿਆ ਕਰਦਾ ਸੀ। ਇਸ ਕਿਰਿਆ ਦੌਰਾਨ ਉਹ ਸੱਤ ਵਾਰ ਮਾਤਾ ਜੀ ਕੋਲੋਂ ਆਪਣੇ ਸਰੀਰ ਦੇ ਸੱਤਾਂ ਚੱਕਰਾਂ ਦੀ ਸੁਰੱਖਿਆ ਦੀ ਮੰਗ ਕਰਦਾ ਸੀ। ਮਾਤਾ ਜੀ ਇਸ ਪ੍ਰਾਰਥਨਾ ਨੂੰ ਸਵੀਕਾਰ ਕਰਕੇ ਸਹਿਯੋਗੀ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਇਸ ਸੁਰੱਖਿਆ ਨੂੰ ਮਾਤਾ ਜੀ ਨੇ ਦੁਰਗਾ ਕਵਚ ਦਾ ਨਾਂ ਦਿੱਤਾ ਸੀ। ਇਸ ਕਵਚ ਵੱਲ ਦੁਨੀਆ ਦੀ ਕੋਈ ਬੁਰੀ ਤਾਕਤ ਝਾਕ ਨਹੀਂ ਸੀ ਸਕਦੀ। ਨੇਹਾ ਨੇ ਇਸ ਪ੍ਰਾਰਥਨਾ ਵਿਚ ਕੁਝ ਵਾਧਾ ਕੀਤਾ ਸੀ। ਆਪਣੀ ਸੁਰੱਖਿਆ ਬਾਅਦ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਮੰਗ ਕਰਦੀ ਸੀ। ਫੇਰ ਸਾਰੇ ਸੰਸਾਰ ਦੀ। ਉਹ ਮਾਤਾ ਜੀ ਤੋਂ ਪੁੱਛ ਰਹੀ ਸੀ। ਉਸ ਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ ਦੇ ਭਰਾ ਨੂੰ ਸੁਰੱਖਿਆ ਕਿਉਂ ਨਹੀਂ ਮਿਲੀ? ਉਸ ਦੇ ਪਰਿਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ? ਪਰ ਮਾਤਾ ਜੀ ਚੁੱਪ ਸਨ'।[12]

**ਸੀਤਾ**- ਰਾਜਾ ਜਨਕ ਦੀ ਸਪੁੱਤਰੀ ਅਤੇ ਭਗਵਾਨ ਰਾਮ ਚੰਦਰ ਦੀ ਪਤਨੀ ਸੀ। ਹਿੰਦੂ ਧਰਮ ਵਿਚ ਸੀਤਾ ਇਕ ਬਹੁਤ ਹੀ ਮਹਾਨ ਔਰਤ ਮੰਨੀ ਜਾਂਦੀ ਹੈ। ਲੰਕਾ ਵਿਚ ਰਾਵਣ ਦੇ ਖ਼ਾਤਮੇ ਤੋਂ ਬਾਅਦ ਭਗਵਾਨ ਰਾਮ ਨੇ ਉਸ ਨੂੰ ਅਪਣਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਸੀਤਾ ਦੀ ਪਵਿੱਤਰਤਾ ਤੇ ਸ਼ੱਕ ਸੀ ਤਦ ਉਸੇ ਸਮੇਂ ਸੀਤਾ ਨੇ ਸਾਰਿਆਂ ਦੇ ਸਾਹਮਣੇ ਆਪਣੇ ਪਵਿੱਤਰ ਹੋਣ ਦਾ ਪ੍ਰਤੱਖ ਅਗਨੀ ਪ੍ਰੀਖਿਆ ਰਾਹੀ ਦਿੱਤਾ ਸੀ। ਨਾਵਲਕਾਰ ਨੇ ਆਪਣੇ ਨਾਵਲ ਵਿਚ ਸੀਤਾ ਸ਼ਬਦ ਦਾ ਪ੍ਰਯੋਗ ਨੇਹਾ ਦੀ ਪਵਿੱਤਰਤਾ ਨੂੰ ਦਰਸਾਉਣ ਲਈ ਹੀ ਕੀਤਾ ਹੈ-

'ਨੇਹਾ ਸੰਸਥਾ ਦੀ ਅਹਿਮ ਮੈਂਬਰ ਸੀ। ਭੀੜ ਸਮੇਂ ਉਸ ਦੀ ਮਦਦ ਹੋਣੀ ਚਾਹੀਦੀ ਸੀ। ਪ੍ਰਧਾਨ ਨੂੰ ਇਸ ਪ੍ਰਾਰਥਨਾ ਤੇ ਕੋਈ ਇਤਰਾਜ਼ ਨਹੀਂ ਸੀ। ਇਹ ਗੱਲ ਉਹ ਪਹਿਲਾਂ ਹੀ ਤੋਰ ਚੁੱਕਾ ਸੀ। ਪਰ ਕੁਝ ਸਹਿਯੋਗੀਆਂ ਨੂੰ ਨੇਹਾ ਦੇ ਅਪਵਿੱਤਰ ਹੋਣ ਬਾਅਦ ਕੇਂਦਰ ਆਉਣ 'ਤੇ ਇਤਰਾਜ਼ ਸੀ। ਇਸ ਤਰ੍ਹਾਂ ਆਸ਼ਰਮ ਦੀ ਪਵਿੱਤਰਤਾ ਭੰਗ ਹੁੰਦੀ ਸੀ। ਪ੍ਰਧਾਨ ਅਜਿਹੇ ਅਨਾੜੀ ਸਹਿਯੋਗੀਆਂ ਨੂੰ ਸਮਝਾਉਣ ਦਾ ਯਤਨ ਕਰ ਰਿਹਾ ਸੀ। ਉਸ ਨੂੰ ਕਾਮਯਾਬੀ ਮਿਲਣ ਦੀ ਪੂਰੀ ਆਸ ਸੀ। ਪਦਵੀ ਨੇ ਯੁਵਾ ਸ਼ਕਤੀ ਦੇ ਇਕ-ਇਕ ਮੈਂਬਰ ਨਾਲ ਗੱਲ ਕੀਤੀ। ਉਨ੍ਹਾਂ ਲਈ ਨੇਹਾ, ਮਾਤਾ ਸੀਤਾ ਵਾਂਗ ਪਵਿੱਤਰ ਸੀ'।[13]

**ਰਾਕਸ਼ਸ਼/ਦੈਂਤ**- ਹਿੰਦੂ ਧਰਮ ਵਿਚ ਇਹ ਮੰਨਿਆ ਜਾਂਦਾ ਹੈ ਕਿ ਇਕ ਕਸ਼ਯਪ ਰਿਸ਼ੀ ਹੋਏ ਸਨ ਅਤੇ ਉਹਨਾ ਦੀਆਂ ਦੋ ਪਤਨੀਆਂ ਸਨ। ਇਕ ਦਾ ਨਾਮ 'ਦਿੱਤੀ' ਸੀ ਅਤੇ ਦੂਸਰੀ ਦਾ ਨਾਮ 'ਅਦਿੱਤੀ'। ਇਹ ਵੀ ਮੰਨਿਆ ਜਾਂਦਾ ਹੈ ਕਿ ਕਸ਼ਯਪ ਰਿਸ਼ੀ ਦੀ ਪਤਨੀ ਦਿੱਤੀ ਦੁਆਰਾ ਜਿੰਨੀਆਂ ਵੀ ਸੰਤਾਨਾਂ ਨੇ ਜਨਮ ਲਿਆ ਉਨ੍ਹਾਂ ਸਾਰਿਆ ਨੂੰ ਰਾਕਸ਼ਸ਼ ਜਾਂ ਦੈਂਤ ਹੀ ਕਿਹਾ ਗਿਆ ਭਾਵ ਕਿ ਅਸੁਰ ਜਾਂ ਜੋ ਬੁਰੇ ਕੰਮ ਕਰ ਰਹੇ ਸਨ। ਸੋ ਇਸ ਤਰ੍ਹਾਂ ਰਾਕਸ਼ਸ਼ ਜਾਂ ਦੈਂਤ ਸ਼ਬਦ ਦਾ ਪ੍ਰਯੋਗ ਉਸ ਮਨੁੱਖ ਲਈ ਹੀ ਕੀਤਾ ਜਾਂਦਾ ਹੈ ਜੋ ਅਨਿਆ, ਬੁਰੇ ਕਰਮ ਅਤੇ ਅੱਤਿਆਚਾਰ ਕਰਦਾ ਹੈ। ਲੇਖਕ ਨੇ ਇਸ ਨਾਵਲ ਵਿਚ ਰਾਕਸ਼ਸ਼ ਅਤੇ ਦੈਂਤ ਸ਼ਬਦਾਂ ਦਾ ਪ੍ਰਯੋਗ ਉਨ੍ਹਾਂ ਮਨੁੱਖਾਂ ਲਈ ਹੀ ਕੀਤਾ ਹੈ ਜੋ ਅਨਿਆ, ਧੱਕਾ ਅਤੇ ਜੋ ਜ਼ੁਲਮ ਕਰ ਰਹੇ ਹਨ-

'ਸਭ ਕੁਝ ਭੁਲਾ ਕੇ ਨੇਹਾ ਨੇ ਧਿਆਨ ਲਾਉਣ ਦਾ ਯਤਨ ਕੀਤਾ ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂ-ਦ੍ਰਿਸ਼ ਨੇਹਾ ਅੱਗੇ ਸੁਰਜੀਤ ਹੋਣ ਲੱਗਾ। ਇਕ ਰਾਕਸ਼ਸ਼ ਉਸ ਦਾ ਚੀਰ ਹਰਨ ਕਰ ਰਿਹਾ ਸੀ। ਦੂਜਾ ਕਮਲ ਨੂੰ ਕੋਹ-ਕੋਹ ਮਾਰ ਰਿਹਾ ਸੀ। ਤੀਜਾ ਉਸ ਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸ ਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ਼ ਚਿਹਾੜਾ ਸੀ'।[14]

'ਕਿਸੇ ਨਾ ਕਿਸੇ ਤਰ੍ਹਾਂ ਨੇਹਾ ਦਿਨ ਕੱਟ ਲੈਂਦੀ ਸੀ। ਰਾਤ ਪੈਂਦੇ ਹੀ ਉਸ ਨੂੰ ਡਰ ਲੱਗਣ ਲਗਦਾ ਸੀ। ਕੋਠੀ ਦੀ ਹਰ ਨੁੱਕਰ ਵਿਚ ਉਸ ਨੂੰ ਕਾਲੇ-ਕਲੂਟੇ, ਦੈਂਤਾਂ ਵਰਗੇ ਭਈਏ ਚੀਰ ਹਰਨ ਕਰਨ ਦੀ ਤਿਆਰੀ ਕਰਦੇ ਨਜ਼ਰ ਆਉਂਦੇ ਸਨ। ਕਦੇ ਉਹ ਪਰਛਾਵੇਂ ਭਈਏ ਬਣ ਜਾਂਦੇ ਅਤੇ ਕਦੇ ਪੰਕਜ ਅਤੇ ਨੀਰਜ। ਕਦੇ ਉਹ ਕਮਲ ਦੇ ਢਿੱਡ ਵਿਚ ਛੁਰਾ ਖੋਭਣ ਲਗਦੇ। ਕਦੇ ਨੀਲਮ ਦਾ ਸਿਰ ਤੋੜਨ ਲਗਦੇ'।[15]

**ਚੀਰ ਹਰਨ**- ਇਸ ਸ਼ਬਦ ਤੋਂ ਭਾਵ ਹੈ ਕਿ ਕਿਸੇ ਔਰਤ ਨੂੰ ਬੇਇੱਜ਼ਤ ਕਰਨਾ। ਧੱਕੇ ਜਾਂ ਜ਼ੋਰ ਨਾਲ ਉਸ ਦੀ ਇੱਜ਼ਤ ਲੁੱਟਣ ਦਾ ਯਤਨ ਹੀ ਚੀਰ ਹਰਨ ਅਖਵਾਉਂਦਾ ਹੈ। ਇਸ ਮਿਥਿਕ ਸ਼ਬਦ ਦਾ ਸੰਬੰਧ ਮਹਾਂਭਾਰਤ ਵਿਚਲੀ ਮੁੱਖ ਪਾਤਰ ਦਰੋਪਦੀ ਨਾਲ ਵਾਪਰੀ ਘਟਨਾ ਨਾਲ ਜਾ ਜੁੜਦਾ ਹੈ। ਮਹਾਂਭਾਰਤ ਵਿਚ ਜਦੋਂ ਪਾਂਡਵ ਜੂਏ ਵਿਚ ਦਰੋਪਦੀ ਨੂੰ ਵੀ ਹਾਰ ਜਾਂਦੇ ਹਨ ਤਾਂ ਕੌਰਵ ਉਸ ਦੀ ਇੱਜ਼ਤ ਨਾਲ ਖੇਡਣਾ ਸ਼ੁਰੂ ਕਰ ਦਿੰਦੇ ਹਨ ਅਤੇ ਭਰੀ ਸਭਾ ਵਿਚ ਉਸ ਦਾ ਚੀਰ ਹਰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਮਾਇਆਵੀ ਕ੍ਰਿਸ਼ਨ ਦਰੋਪਦੀ ਨੂੰ ਬਚਾ ਲੈਂਦਾ ਹੈ। ਇਸ ਨਾਵਲ ਵਿਚ ਲੇਖਕ ਨੇ ਨਾਵਲ ਦੀ

ਮੁੱਖ ਪਾਤਰ ਨੇਹਾ ਲਈ ਚੀਰ ਹਰਨ ਸ਼ਬਦ ਦਾ ਪ੍ਰਯੋਗ ਕੀਤਾ ਹੈ, ਮਹਾਂਭਾਰਤ ਵਿਚ ਤਾਂ ਦਰੋਪਦੀ ਨੂੰ ਕ੍ਰਿਸ਼ਨ ਬਚਾ ਲੈਂਦਾ ਹੈ ਪਰ ਇੱਥੇ ਨੇਹਾ ਦੀ ਇੱਜ਼ਤ ਲੁੱਟੀ ਜਾਂਦੀ ਹੈ।

**ਮਹਾਂਭਾਰਤ**- ਭਾਰਤੀ ਸਾਹਿਤ, ਚਿੰਤਨ ਤੇ ਦਰਸ਼ਨ ਦੀ ਪਰੰਪਰਾ ਵਿਚ ਮਹਾਂਭਾਰਤ ਇਕ ਅਜਿਹੀ ਬੇਨਜ਼ੀਰ ਪੁਸਤਕ ਹੈ ਜੋ ਜੀਵਨ ਦੇ ਮਹੱਤਵਪੂਰਨ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਭਰਪੂਰ ਕੋਸ਼ਿਸ਼ ਕਰਦੀ ਹੈ ਅਤੇ ਮਿੱਥਾਂ ਦਾ ਅਥਾਹ ਸੋਮਾ ਹੈ। ਇਹ ਹਿੰਦੂਆਂ ਦਾ ਅਜਿਹਾ ਮਹਾਂਕਾਵਿ ਹੈ, ਜਿਹੜਾ ਸ਼ਾਇਦ ਸੰਸਾਰ ਵਿਚ ਜਿੰਨੇ ਵੀ ਪ੍ਰਾਪਤ ਮਹਾਂਕਾਵਿ ਹਨ, ਉਨ੍ਹਾਂ ਵਿਚੋਂ ਆਕਾਰ ਵਿਚ ਸਭ ਤੋਂ ਵੱਡਾ ਹੈ। ਇਸ ਵਿਚ ਭਰਤ ਦੀ ਸੰਤਾਨ ਵਿਚ ਹੋਏ ਮਹਾਂ ਯੁੱਧ ਦਾ ਵਰਣਨ ਹੈ, ਇਹ 18 ਪਰਵਾਂ (ਕਾਂਡਾਂ) ਵਿਚ ਵੰਡਿਆ ਹੋਇਆ ਹੈ ਅਤੇ ਇਸ ਦੀਆਂ 2,20,000 ਪੰਕਤੀਆਂ ਹਨ। ਨਾਵਲਕਾਰ ਨੇ ਇਸ ਨਾਵਲ ਵਿਚ ਮਹਾਂਭਾਰਤ ਸ਼ਬਦ ਦਾ ਪ੍ਰਯੋਗ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਵਿਚਕਾਰ ਧੰਨ, ਸੰਪਤੀ ਅਤੇ ਜਾਇਦਾਦ ਲਈ ਚੱਲ ਰਹੀ ਆਪਸੀ ਲੜਾਈ ਦੇ ਸੰਦਰਭ ਵਿਚ ਵਰਤਿਆਂ ਹੈ ਜਿਸ ਵਿਚ ਉਸ ਨੇ ਵੇਦ ਪਰਿਵਾਰ ਨੂੰ ਪਾਂਡਵ ਅਤੇ ਮੋਹਨ ਦੇ ਮੁੰਡਿਆਂ ਦੇ ਪਰਿਵਾਰ ਨੂੰ ਕੌਰਵਾਂ ਦੀ ਸ਼੍ਰੇਣੀ ਵਿਚ ਵੰਡ ਕੇ ਇਸ ਤਰ੍ਹਾਂ ਵਰਣਨ ਕੀਤਾ ਹੈ-

'ਵੇਦ ਪਰਿਵਾਰ ਲਈ ਇਹ ਲੜਾਈ ਹੋਰ ਵੀ ਔਖੀ ਸੀ। ਮੁੱਦਈ ਧਿਰ ਦਾ ਇਕ ਵੀ ਮੈਂਬਰ ਸਹੀ ਸਲਾਮਤ ਨਹੀਂ ਸੀ। ਕੋਈ ਜਾਨ ਬਚਾਉਣ ਲਈ ਬਿਮਾਰੀ ਨਾਲ ਲੜ ਰਿਹਾ ਸੀ, ਕੋਈ ਵਿਗੜੇ ਮਾਨਸਿਕ ਸੰਤੁਲਨ ਨੂੰ ਠੀਕ ਕਰਨ ਲਈ। ਪਰਾਏ ਲੋਕ ਕਦੋਂ ਤਕ ਉਨ੍ਹਾਂ ਲਈ ਹਿੱਕ ਤਾਣ ਕੇ ਖੜ੍ਹੇ ਸਕਦੇ ਸਨ। ਹਿੱਕ ਤਾਣ ਕੇ ਖੜੇ ਰਿਸ਼ਤੇਦਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ ਸੀ। ਸੰਗੀਤਾ ਖ਼ੁਦ ਮੈਦਾਨ ਛੱਡ ਕੇ ਭੱਜਣ ਲਈ ਤਿਆਰ ਸੀ। ਨਾਲ ਉਹ ਰਾਮ ਨਾਥ ਨੂੰ ਭਜਾ ਕੇ ਲਿਜਾਣਾ ਚਾਹੁੰਦੀ ਸੀ। ਜਦੋਂ ਤਕ ਮੁਦਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ ਉਦੋਂ ਤਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ'।[16]

**ਧਰਿਤਰਾਸ਼ਟਰ ਅਤੇ ਕੰਧਾਰੀ**- ਧਰਿਤਰਾਸ਼ਟਰ, ਕ੍ਰਿਸ਼ਨ ਦ੍ਵੈਪਾਯਨ ਵਿਆਸ ਅਤੇ ਅੰਬਿਕਾ ਦਾ ਪੁੱਤਰ ਸੀ, ਜੋ ਕਿ ਬਚਪਨ ਤੋਂ ਹੀ ਨੇਤਰਹੀਣ ਸੀ। ਪਾਂਡੂ ਜੋ ਕਿ ਧਰਿਤਰਾਸ਼ਟਰ ਦਾ ਭਰਾ ਸੀ ਪਹਿਲਾਂ ਉਸ ਨੂੰ ਰਾਜਾ ਬਣਾਇਆ ਗਿਆ ਪਰ ਪਾਂਡੂ ਰਾਜ ਛੱਡ ਕੇ ਜੰਗਲਾਂ ਵਿਚ ਚਲਾ ਗਿਆ ਸੀ ਤੇ ਇਸ ਤਰ੍ਹਾਂ ਧਰਿਤਰਾਸ਼ਟਰ ਨੂੰ ਹਸਤਨਾਪੁਰ ਦਾ ਰਾਜ ਭਾਗ ਸੌਂਪ ਦਿੱਤਾ ਗਿਆ। 'ਗਾਂਧਾਰੀ' ਧਰਿਤਰਾਸ਼ਟਰ ਦੀ ਪਤਨੀ ਸੀ ਜਿਸ ਨੇ 100 ਪੁੱਤਰਾਂ ਅਤੇ ਇਕ ਪੁੱਤਰੀ 'ਦੁਸ਼ੱਲਿਆ' ਨੂੰ ਜਨਮ ਦਿੱਤਾ ਸੀ। ਇਹ ਸਾਰੇ ਬੱਚੇ ਆਪਣੇ ਵੱਡੇ ਵਡੇਰੇ ਕੁਰੂ ਦੇ ਵੰਸ਼ ਦੇ ਹੋਣ ਕਰਕੇ ਉਨ੍ਹਾਂ ਨੂੰ ਕੌਰਵ ਕਿਹਾ ਜਾਣ ਲੱਗਾ। ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਦੁਰਯੋਧਨ ਸੀ। ਇਤਿਹਾਸ ਵਿਚ ਮੰਨਿਆ ਜਾਂਦਾ ਹੈ ਕਿ ਮਹਾਂਭਾਰਤ ਦੀ ਲੜਾਈ ਹੋਣ ਵਿਚ ਗਾਂਧਾਰੀ ਨੂੰ ਦੋਸ਼ ਦਿੱਤਾ ਜਾਂਦਾ ਹੈ ਕਿਉਂਕਿ ਜੇ ਗਾਂਧਾਰੀ ਆਪਣੇ ਬੱਚਿਆਂ ਵਿਚ ਪਾਂਡੂਆਂ ਪ੍ਰਤੀ ਨਫ਼ਰਤ ਨਾ ਪੈਦਾ ਹੋਣ ਦਿੰਦੀ ਤਾਂ ਸ਼ਾਇਦ ਇਹ ਯੁੱਧ ਨਾ ਹੁੰਦਾ ਸੋ ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਧਰਿਤਰਾਸ਼ਟਰ ਤਾਂ ਅੰਨ੍ਹਾ ਸੀ ਪਰ ਗਾਂਧਾਰੀ ਨੂੰ ਆਪਣੀਆਂ ਅੱਖਾਂ ਤੇ

ਪੱਟੀ ਬੰਨ੍ਹਣ ਦੀ ਕੀ ਮਜਬੂਰੀ ਸੀ? ਇਸੇ ਪ੍ਰਸੰਗ ਵਿਚ ਨਾਵਲਕਾਰ ਨੇ ਨੇਹਾ ਤੇ ਕਮਲ ਵਿਚਲੇ ਵਿਚਾਰ ਵਟਾਂਦਰੇ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ-

'ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸ ਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ ਤੇ ਪੱਟੀ ਬੰਨ੍ਹਣ ਦੀ ਕੰਧਾਰੀ (ਗਾਂਧਾਰੀ ਨੂੰ ਨਾਵਲ ਵਿੱਚ ਕੰਧਾਰੀ ਲਿਖਿਆ ਗਿਆ ਹੈ) ਦੀ ਕੀ ਮਜਬੂਰੀ ਸੀ? ਇਕ ਵਾਰ ਨੇਹਾ ਤੋਂ ਕਮਲ ਨੇ ਇਹ ਪ੍ਰਸ਼ਨ ਪੁੱਛਿਆ ਸੀ। ਫੇਰ ਆਪੇ ਉਸ ਨੇ ਉੱਤਰ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ। ਕਮਲ ਅੱਜ ਫੇਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ। ਕਮਲ ਨੂੰ ਕਤਲ ਕਰ ਦਿੱਤਾ ਗਿਆ। ਇਹ ਕਮਲ ਦੀ ਮਜਬੂਰੀ ਸੀ। ਨੇਹਾ ਜਿਊਂਦੀ ਹੋ ਕੇ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿੱਛੋਂ ਇਕ ਹੋਰ ਮਹਾਂਭਾਰਤ ਹੋ ਜਾਏਗਾ। ਉਨ੍ਹਾਂ ਦੇ ਮਾਂ ਬਾਪ ਰੁਲ ਕੇ ਮਰ ਜਾਣਗੇ। ਕਮਲ ਦੇ ਕਾਤਲ ਬਰੀ ਹੋ ਜਾਣਗੇ'।[17]

**ਭਵੀਸ਼ਣ**- ਇਹ ਰਾਵਣ ਦਾ ਛੋਟਾ ਭਰਾ ਸੀ। ਜੋ ਕਿ ਪਿਤਾ ਵਿਸ਼ਰਾਵਾਸ ਅਤੇ ਮਾਤਾ ਕੈਕਾਸੀ ਦੀ ਸੰਤਾਨ ਸੀ। ਭਵੀਸ਼ਣ ਨੂੰ ਉਸ ਦੇ ਭਰਾ ਰਾਵਣ, ਕੁੰਭਕਰਨ ਅਤੇ ਭੈਣ ਸਰੂਪਨਖਾਂ ਤੋਂ ਅਲੱਗ ਮੰਨਿਆ ਜਾਂਦਾ ਹੈ ਕਿਉਂਕਿ ਉਸ ਨੇ ਬੁਰਾਈ ਦਾ ਸਾਥ ਨਹੀਂ ਸੀ ਦਿੱਤਾ। ਮੰਨਿਆ ਜਾਂਦਾ ਹੈ ਕਿ ਪਹਿਲਾਂ ਭਵੀਸ਼ਣ ਅਤੇ ਰਾਵਣ ਸਾਰੇ ਭਰਾ ਆਪਸ ਵਿਚ ਬਹੁਤ ਚੰਗੀ ਤਰ੍ਹਾਂ ਰਿਹਾ ਕਰਦੇ ਸਨ ਪਰ ਜਦੋਂ ਰਾਵਣ ਨੇ ਸੀਤਾ ਦਾ ਅਪਹਰਨ ਕਰ ਲਿਆ ਅਤੇ ਉਸ ਨੂੰ ਆਪਣੀ ਸੋਨੇ ਦੀ ਲੰਕਾ ਵਿਚ ਬੰਦੀ ਬਣਾ ਲਿਆ ਤਾਂ ਭਵੀਸ਼ਣ ਨੇ ਰਾਵਣ ਨੂੰ ਕਿਹਾ ਸੀ ਕਿ ਉਹ ਸੀਤਾ ਨੂੰ ਆਦਰਪੂਰਵਕ ਅਤੇ ਸਨਮਾਨ ਸਹਿਤ ਵਾਪਸ ਛੱਡ ਆਵੇ ਨਹੀਂ ਤਾਂ ਉਸ ਦਾ ਵਿਨਾਸ਼ ਤਹਿ ਹੈ ਪਰ ਰਾਵਣ ਨੇ ਉਸ ਦੀ ਇਕ ਨਾ ਸੁਣੀ ਅਤੇ ਉਸ ਨੂੰ ਲੰਕਾ ਵਿਚੋਂ ਬਾਹਰ ਕੱਢ ਦਿੱਤਾ ਸੀ। ਇਸ ਨਾਵਲ ਵਿਚ ਲੇਖਕ ਨੇ ਭਵੀਸ਼ਣ ਦਾ ਜ਼ਿਕਰ ਦੋ ਥਾਵਾਂ ਤੇ ਕੀਤਾ ਹੈ ਇੱਕ ਵੇਦ ਤੇ ਮੋਹਨ ਦੇ ਆਪਸੀ ਪਿਆਰ ਦਾ ਵਰਣਨ ਕਰਨ ਲਈ, ਦੂਜਾ ਘਰ ਦੇ ਭੇਤ ਬਾਹਰ ਕੱਢਣ ਵਾਲੇ ਭੇਤੀ ਦੇ ਰੂਪ ਵਿਚ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

'ਇਹ ਮੋਹਨ ਲਾਲ ਦਾ ਆਪਣੇ ਭਰਾ ਪ੍ਰਤੀ ਪਿਆਰ ਸੀ, ਜਿਸ ਨੇ ਉਸ ਨੂੰ ਇਕ ਕਲਰਕ ਤੋਂ ਕਰੋੜਪਤੀ ਬਣਾਇਆ। ਕੋਈ ਬਦਨੀਤੀ ਹੁੰਦੀ ਪਹਿਲਾਂ ਹੀ ਭਬੀਖਣ ਵਾਂਗ ਉਸ ਨੂੰ ਸੋਨੇ ਦੀ ਲੰਕਾ ਵਿਚੋਂ ਬਾਹਰ ਕੱਢਿਆ ਹੁੰਦਾ'[18]

'ਮੁੱਖ-ਮੰਤਰੀ ਤਕ ਪਹੁੰਚ ਕਰਨੀ ਔਖੀ ਨਹੀਂ ਸੀ। ਸਮੱਸਿਆ ਸੀ, ਘਰ ਦੇ ਭੇਤ ਬਾਹਰ ਜਾਣ ਦੀ। ਲੰਕਾ ਢਾਹੁਣ ਵਾਲੇ ਭਵੀਸ਼ਣ ਦੀ'[19]

**ਭੀਸ਼ਮ**- ਰਾਜਾ ਸ਼ਾਂਤਨੂੰ ਦਾ ਅੱਠਵਾਂ ਪੁੱਤਰ ਸੀ ਜੋ ਕਿ ਮਾਤਾ ਗੰਗਾ ਦਾ ਪੁੱਤਰ ਮੰਨਿਆ ਜਾਂਦਾ ਹੈ। ਭੀਸ਼ਮ ਇਕ ਬਹਾਦਰ ਯੋਧਾ ਸੀ। ਉਸ ਦੇ ਬਹੁਤ ਸਾਰੇ ਨਾਮ ਪ੍ਰਸਿੱਧ ਸਨ ਜਿਵੇਂ ਕਿ ਦੇਵਵ੍ਰਤ, ਸ਼ਾਂਤਨਭ, ਗੰਗਾ ਪੁੱਤਰ, ਪਿਤਾਮਾ, ਮਹਾਮਹਿਮ, ਗੋਰਾਂਗ, ਸ਼ਵੇਤਵੀਰ ਆਦਿ। ਕੁਰੂਕਸ਼ੇਤਰ ਦੇ ਯੁੱਧ ਵਿਚ ਭੀਸ਼ਮ ਕੌਰਵਾਂ ਦੀ ਫ਼ੌਜ ਦੇ ਮੁਖੀ ਦੇ ਤੌਰ 'ਤੇ ਵੀ ਲੜਿਆ ਸੀ। ਯੁੱਧ ਦੌਰਾਨ ਉਹ ਕਾਫ਼ੀ ਜ਼ਖਮੀ ਹੋ ਗਿਆ ਸੀ ਅਤੇ ਕੁਝ ਵੀ ਕਰਨ ਦੇ ਅਸਮਰਥ ਸੀ। ਜਿਸ ਕਾਰਨ ਬਾਅਦ ਵਿਚ ਉਸ ਦੀ ਮੌਤ

ਹੋ ਗਈ ਸੀ। ਇਸ ਨਾਵਲ ਵਿਚ ਲੇਖਕ ਨੇ ਭੀਸ਼ਮ ਪਿਤਾਮਾ ਸ਼ਬਦ ਦਾ ਪ੍ਰਯੋਗ ਵੇਦ ਦੀ ਬੇਜਾਨ ਹੋਈ ਜ਼ਿੰਦਗੀ ਨੂੰ ਦਰਸਾਉਣ ਲਈ ਕੀਤਾ ਹੈ, ਜਿਵੇਂ ਕਿ-

'ਨੀਲਮ ਵਿਚਾਰੀ ਨੂੰ ਕੀ ਪਤਾ ਸੀ ਕਿ ਉਸ ਦਾ ਪਤੀ ਹੁਣ ਸਾਰਾ-ਸਾਰਾ ਦਿਨ ਘਰੋਂ ਬਾਹਰ ਰਹਿਣ ਦੀ ਸ਼ਿਕਾਇਤ ਨਹੀਂ ਸੀ ਹੋਣ ਦਿੰਦਾ। ਉਹ ਹੁਣ ਸਾਰਾ ਦਿਨ ਘਰ ਰਹਿੰਦਾ ਸੀ। ਨਾ ਹੁਣ ਉਹ ਦੋਸਤਾਂ ਵਿਚ ਬੈਠ ਕੇ ਸ਼ਰਾਬ ਪੀਂਦਾ ਸੀ, ਨਾ ਘਰ ਮੀਟ-ਮੱਛੀ ਲਿਆਉਂਦਾ ਸੀ। ਉਹ ਹੁਣ ਸਾਰਾ ਦਿਨ ਉਸ ਦੇ ਮੰਜੇ ਨਾਲ ਮੰਜਾ ਡਾਹੀ, ਭੀਸ਼ਮ-ਪਿਤਾਮਾ ਵਾਂਗ ਪਲੱਸਤਰ ਨਾਲ ਬੰਨ੍ਹਿਆ ਉਸ ਦੇ ਚਿਹਰੇ ਵੱਲ ਤੱਕਦਾ ਰਹਿੰਦਾ ਸੀ'।[20]

**ਭੀਮ**- ਕ੍ਰਿਸ਼ਨ ਦ੍ਵੈਪਾਯਨ ਵਿਆਸ ਦੀ ਛੋਟੀ ਰਾਣੀ (ਅੰਬਾਲੀਕਾ) ਨੇ ਪਾਂਡੂ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ ਸੀ ਜੋ ਕਿ ਬਚਪਨ ਤੋਂ ਹੀ ਪੀਲਾ ਸੀ। ਪਾਂਡੂ ਦੀਆਂ ਦੋ ਪਤਨੀਆਂ ਸਨ- ਕੁੰਤੀ ਅਤੇ ਮਾਦਰੀ। ਪਾਂਡੂ ਆਪਣੀ ਬਿਮਾਰੀ ਕਾਰਨ ਇਹਨਾਂ ਨਾਲ ਸੰਬੰਧ ਨਾ ਬਣਾ ਸਕਿਆ ਤੇ ਮਰ ਗਿਆ ਸੀ ਪਰ ਉਸ ਦੀਆਂ ਦੋਨੋਂ ਪਤਨੀਆਂ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ ਜੋ ਕਿ ਵੱਖ-ਵੱਖ ਦੇਵਤਿਆਂ ਦੇ ਪੁੱਤਰ ਕਹਿਲਾਏ। ਕੁੰਤੀ ਨੇ ਤਿੰਨ ਵੱਡੇ ਪੁੱਤਰਾਂ ਨੂੰ ਜਨਮ ਦਿੱਤਾ- ਯੁਧਿਸ਼ਟਰ, ਭੀਮ, ਅਰਜੁਨ ਅਤੇ ਮਾਦਰੀ ਨੇ ਦੋ ਛੋਟੇ ਪੁੱਤਰਾਂ ਨੂੰ ਜਨਮ ਦਿੱਤਾ- ਨਕੁਲ ਤੇ ਸਹਿਦੇਵ। ਭੀਮ ਪਾਂਡਵਾਂ ਵਿਚੋਂ ਦੂਜੇ ਨੰਬਰ ਤੇ ਸੀ। ਭੀਮ ਦੇ ਹੋਰ ਵੀ ਨਾਮ ਸਨ ਜਿਵੇਂ ਕਿ- ਭੀਮਸੈਨ, ਵਿਕਰੌਦਰ, ਗਦਾਦਰ ਆਦਿ। ਸੰਸਕ੍ਰਿਤ ਭਾਸ਼ਾ ਵਿਚ ਭੀਮ ਸ਼ਬਦ ਤੋਂ ਭਾਵ 'ਭਿਆਨਕ' ਮੰਨਿਆ ਜਾਂਦਾ ਹੈ। ਭੀਮ ਨੂੰ ਬਹੁਤ ਤਾਕਤਵਰ ਯੋਧਾ ਮੰਨਿਆ ਗਿਆ ਹੈ। ਭੀਮ ਦੀਆਂ ਤਿੰਨ ਪਤਨੀਆਂ ਸਨ- ਹਿਡਿੰਬੀ, ਦਰੋਪਦੀ ਅਤੇ ਵਾਲਨਦਰਾ। ਇਨ੍ਹਾਂ ਤਿੰਨਾਂ ਪਤਨੀਆਂ ਨੇ ਉਸ ਦੇ ਇੱਕ-ਇੱਕ ਪੁੱਤਰ ਨੂੰ ਜਨਮ ਦਿੱਤਾ ਸੀ। ਮਿੱਤਰ ਸੈਨ ਮੀਤ ਨੇ ਕੌਰਵ ਸਭਾ ਨਾਵਲ ਵਿਚ ਕਮਲ ਦੇ ਸਰੀਰਕ ਕੱਦ ਕਾਠ ਅਤੇ ਡੀਲ ਡੌਲ਼ ਦੀ ਤੁਲਨਾ ਭੀਮ ਨਾਲ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ-

'ਮਰਨ ਤੋਂ ਪਹਿਲਾਂ ਨੇਹਾ ਜਿਸ ਕੋਠੀ ਵਿਚ ਰਹਿੰਦੀ ਸੀ ਉਹ ਤਾਂ ਸਵਰਗ ਸੀ। ਉੱਥੇ ਉਸ ਦਾ ਭਰਾ ਕਮਲ ਵੱਸਦਾ ਸੀ। ਉਸ ਨੂੰ ਲੰਬੇ ਕੱਦ, ਸੁਰਾਹੀ ਵਰਗੀ ਗਰਦਨ, ਗੋਰੇ ਰੰਗ ਅਤੇ ਗੱਠਵੇਂ ਸਰੀਰ ਦੀ ਦਾਤ ਮਿਲੀ ਹੋਈ ਸੀ। ਮਾਂ ਨੇ ਕਮਲ ਦਾ ਲਾਡਲਾ ਨਾਂ ਭੀਮ ਰੱਖਿਆ ਸੀ। ਆਪਣੇ ਕਮਲ ਨੂੰ ਮਹਾਂ-ਭਾਰਤ ਦਾ ਭੀਮ ਬਣਾਉਣ ਦੇ ਯਤਨ ਮਾਂ ਨੇ ਉਸ ਦੇ ਬਚਪਨ ਵਿਚ ਹੀ ਆਰੰਭ ਦਿੱਤੇ ਸਨ। ਬੀ.ਏ. ਕਰਦੇ ਸਮੇਂ ਨੀਲਮ ਨੇ ਮਨੋ-ਵਿਗਿਆਨ ਇਕ ਵਿਸ਼ੇ ਦੇ ਤੌਰ 'ਤੇ ਪੜ੍ਹਿਆ ਸੀ। ਇਸ ਲਈ ਕਮਲ ਦੇ ਖਿਡੌਣਿਆਂ ਅਤੇ ਕਿਤਾਬਾਂ ਦੀ ਚੋਣ ਸੋਚ ਸਮਝ ਕੇ ਹੁੰਦੀ ਸੀ। ਥੋੜ੍ਹਾ ਵੱਡਾ ਹੋਣ ਤੇ ਉਸ ਨੂੰ ਹੈਲਥ-ਕਲੱਬ ਦਾ ਮੈਂਬਰ ਬਣਾ ਦਿੱਤਾ ਗਿਆ ਸੀ। ਤੈਰਾਕੀ ਲਈ ਸਵਿਮਿੰਗ-ਪੂਲ ਜਾਣ ਲੱਗਾ ਸੀ। ਕਾਲਜ ਜਾਣ ਤਕ ਉਸ ਉੱਪਰ ਬਾਡੀ ਬਿਲਡਰ ਬਣਨ ਦਾ ਭੂਤ ਸਵਾਰ ਕਰਵਾ ਦਿੱਤਾ ਸੀ। ਇਹ ਛੈਲ- ਛਬੀਲਾ ਮੁੰਡਾ ਸਕੂਲ, ਕਾਲਜ ਅਤੇ ਫੇਰ ਯੂਨੀਵਰਸਿਟੀ ਦੇ ਨਾਲ-ਨਾਲ ਗਲੀ ਮੁਹੱਲੇ ਵਿਚ ਵੀ ਸਤਿਕਾਰਿਆ ਜਾਂਦਾ ਸੀ।[21]

**ਲਛਮਣ ਰੇਖਾ**- ਆਮ ਤੌਰ ਤੇ ਲਛਮਣ ਰੇਖਾ ਤੋਂ ਭਾਵ ਇਕ ਸੁਰੱਖਿਆ ਘੇਰੇ ਤੋਂ ਹੀ ਲਿਆ ਜਾਂਦਾ ਹੈ। ਹਿੰਦੂ ਧਰਮ ਗ੍ਰੰਥ ਰਾਮਾਇਣ ਅਨੁਸਾਰ ਜਦੋਂ ਬਣਵਾਸ ਦੌਰਾਨ ਰਾਮ, ਲਛਮਣ ਅਤੇ ਸੀਤਾ ਜੰਗਲਾਂ ਵਿਚ ਘੁੰਮ ਰਹੇ ਸਨ ਤਾਂ ਪੰਚਵਟੀ ਦੇ ਜੰਗਲਾਂ ਵਿਚ ਰਾਮ ਤੇ ਲਛਮਣ, ਸੀਤਾ ਨੂੰ ਇਕੱਲੀ ਨੂੰ ਛੱਡ ਕੇ ਕਿਤੇ ਜਾ ਰਹੇ ਸਨ ਤਾਂ ਲਛਮਣ ਨੇ ਆਪਣੀ ਭਾਬੀ ਦੇ ਚਾਰੇ ਪਾਸੇ ਇਕ ਘੇਰਾ ਬਣਾ ਦਿੱਤਾ ਸੀ ਤੇ ਨਾਲ ਹੀ ਉਸ ਨੂੰ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਦੇ ਵਾਪਸ ਆਉਣ ਤਕ ਇਸ ਘੇਰੇ ਵਿਚੋਂ ਬਾਹਰ ਨਾ ਨਿਕਲੇ ਕਿਉਂਕਿ ਉਹ ਇਸ ਘੇਰੇ ਵਿਚ ਸੁਰੱਖਿਅਤ ਸੀ ਪਰ ਰਾਵਣ ਨੇ ਭੇਸ ਬਦਲ ਕੇ ਸੀਤਾ ਨੂੰ ਉਸ ਘੇਰੇ ਵਿਚੋਂ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ ਸੀ ਤੇ ਇਸ ਤਰ੍ਹਾਂ ਰਾਵਣ ਸੀਤਾ ਦਾ ਅਪਹਰਨ ਕਰ ਕੇ ਲੈ ਗਿਆ ਸੀ। ਇਸ ਘਟਨਾ ਦੌਰਾਨ ਉਸ ਘੇਰੇ ਦੀ ਬਹੁਤ ਅਹਿਮੀਅਤ ਸੀ ਜਿਸ ਕਰਕੇ ਇਸ ਘੇਰੇ ਨੂੰ ਬਾਅਦ ਵਿਚ ਲਛਮਣ ਰੇਖਾ ਕਿਹਾ ਜਾਣ ਲੱਗਾ। ਇਸ ਨਾਵਲ ਵਿਚ ਵੀ ਲਛਮਣ ਰੇਖਾ ਸ਼ਬਦ ਦਾ ਪ੍ਰਯੋਗ ਵੀ ਸੁਰੱਖਿਆ ਲਈ ਹੀ ਵਰਤਿਆ ਗਿਆ ਹੈ-

'ਚਾਰ ਦਿਨ ਪਹਿਲਾਂ ਤੀਜੀ ਕੋਠੀ ਵਿਚ ਰਹਿੰਦੇ ਪਿੰਚੂ ਨੇ ਉਸ ਨੂੰ ਸੜਕ 'ਤੇ ਰੋਕ ਕੇ ਹਾਲ-ਚਾਲ ਪੁੱਛਣ ਦੀ ਹਿੰਮਤ ਦਿਖਾਈ ਸੀ। ਨੇਹਾ ਦੇ ਚੁੱਪ-ਚਾਪ ਕਿਨਾਰਾ ਕਰਨ ਤੇ ਪਿੰਚੂ ਨੇ ਬੇਇੱਜ਼ਤੀ ਮਹਿਸੂਸ ਕੀਤੀ ਸੀ। ਬਦਲਾ ਲੈਣ ਲਈ ਉਸ ਨੇ ਨਿਹੋਰਾ ਮਾਰਿਆ ਸੀ "ਅਸੀਂ ਭਈਆਂ ਨਾਲੋਂ ਤਾਂ ਮਾੜੇ ਨਹੀਂ" ਇਕ ਵਾਰ ਨੇਹਾ ਦਾ ਹੱਥ ਜੁੱਤੀ ਵੱਲ ਵਧਿਆ ਸੀ। ਦਿਲ ਕੀਤਾ ਸੀ ਬੋਦੇ ਫੜ ਕੇ ਤਾੜ-ਤਾੜ ਮੂੰਹ ਰੰਗ ਦੇਵੇ ਆਪਣੇ ਲੰਬੇ ਨਹੁੰਆਂ ਨਾਲ ਉਸ ਦੀਆਂ ਅੱਖਾਂ ਨੋਚ ਲਏ ਪਰ ਉਸ ਦਾ ਖੌਲਿਆ ਖ਼ੂਨ ਅੱਖਾਂ ਵਿਚ ਰੁਕਣ ਦੀ ਥਾਂ ਦਿਮਾਗ਼ ਨੂੰ ਜਾ ਚੜ੍ਹਿਆ। ਉਹ ਪਾਗਲਾਂ ਵਾਂਗ ਸਹਿਮ ਕੇ ਪਿੱਛੇ ਹਟ ਗਈ ਸੀ। ਹੁਣ ਕਮਲ ਉਸ ਦੀ ਪਿੱਠ 'ਤੇ ਨਹੀਂ ਸੀ। ਭਿੱਜੀ ਬਿੱਲੀ ਵਾਂਗ ਨੇਹਾ ਘਰ ਆ ਦੁਬਕੀ ਸੀ। ਉਸ ਦਿਨ ਤੋਂ ਬਾਅਦ ਨੇਹਾ ਨੇ ਆਪਣੇ ਆਲੇ-ਦੁਆਲੇ ਲਛਮਣ ਰੇਖਾ ਖਿੱਚ ਲਈ। ਕੋਠੀਓਂ ਬਾਹਰ ਨਿਕਲਣ ਦਾ ਉਸ ਦਾ ਕੰਮ ਨਹੀਂ ਸੀ'।[22]

**ਕੌਰਵ ਅਤੇ ਪਾਂਡਵ**- ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਵਿਚ ਵੇਦ ਅਤੇ ਮੋਹਨ ਦੇ ਪਰਿਵਾਰ ਨੂੰ ਕੌਰਵਾਂ ਤੇ ਪਾਂਡਵਾਂ ਨਾਲ ਤੁਲਨਾਇਆ ਹੈ ਤੇ ਜ਼ਿਕਰ ਕੀਤਾ ਹੈ ਕਿ ਅਜੋਕੇ ਸਮੇਂ ਵਿਚ ਕੌਰਵ ਪਾਂਡਵਾਂ ਨਾਲੋਂ ਵੱਧ ਸ਼ਕਤੀਸ਼ਾਲੀ ਹਨ। ਜਿਸ ਦਾ ਵਰਣਨ ਇਸ ਪ੍ਰਕਾਰ ਹੈ-

'ਵੇਦ ਪਰਿਵਾਰ ਲਈ ਇਹ ਲੜਾਈ ਹੋਰ ਵੀ ਔਖੀ ਸੀ। ਮੁੱਦਈ ਧਿਰ ਦਾ ਇਕ ਵੀ ਮੈਂਬਰ ਸਹੀ ਸਲਾਮਤ ਨਹੀਂ ਸੀ। ਕੋਈ ਜਾਨ ਬਚਾਉਣ ਲਈ ਬਿਮਾਰੀ ਨਾਲ ਲੜ ਰਿਹਾ ਸੀ, ਕੋਈ ਵਿਗੜੇ ਮਾਨਸਿਕ ਸੰਤੁਲਨ ਨੂੰ ਠੀਕ ਕਰਨ ਲਈ। ਪਰਾਏ ਲੋਕ ਕਦੋਂ ਤਕ ਉਨ੍ਹਾਂ ਲਈ ਹਿੱਕ ਤਾਣ ਕੇ ਖੜੋ ਸਕਦੇ ਸਨ। ਹਿੱਕ ਤਾਣ ਕੇ ਖੜੇ ਰਿਸ਼ਤੇਦਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ ਸੀ। ਸੰਗੀਤਾ ਖ਼ੁਦ ਮੈਦਾਨ ਛੱਡ ਕੇ ਭੱਜਣ ਲਈ ਤਿਆਰ ਸੀ। ਨਾਲ ਉਹ ਰਾਮ ਨਾਥ ਨੂੰ ਭਜਾ ਕੇ ਲਿਜਾਣਾ ਚਾਹੁੰਦੀ ਸੀ। ਜਦੋਂ ਤਕ ਮੁਦਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ ਉਦੋਂ ਤਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ'।[23]

**ਸਤਜੁਗੀ ਔਰਤ**- ਔਰਤ ਤਾਂ ਹਰ ਇਕ ਯੁੱਗ ਵਿਚ ਮੌਜੂਦ ਸੀ ਤੇ ਹੁਣ ਵੀ ਹੈ। ਪਰ ਔਰਤ ਨਾਲ ਹਰ ਇਕ ਯੁੱਗ ਵਿਚਲੀ ਉਸ ਦੀ ਸਥਿਤੀ ਨਾਲ ਸੰਬੰਧਿਤ ਕੁਝ ਵਿਸ਼ੇਸ਼ ਸੰਦਰਭ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਇਕ ਹੈ ਸਤਿਯੁਗੀ ਔਰਤ। ਇਸ ਸ਼ਬਦ ਨੂੰ ਮਿਥਿਕ ਸ਼ਬਦ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਸੰਬੰਧ ਸਤਿ ਯੁੱਗ ਦੇ ਨਾਲ ਹੈ। ਸਾਡੇ ਧਾਰਮਿਕ ਗ੍ਰੰਥਾਂ ਵਿਚ ਵੀ ਸਤਿ ਯੁੱਗ ਵਿਚਲੀ ਔਰਤ ਨੂੰ ਪਵਿੱਤਰਤਾ ਦੀ ਮੂਰਤ ਮੰਨਿਆ ਗਿਆ ਹੈ। ਇਸ ਯੁੱਗ ਵਿਚ ਔਰਤ ਨੂੰ ਇਕ ਸਰੇਸ਼ਟ ਅਤੇ ਮਹੱਤਵਪੂਰਨ ਦਰਜਾ ਦਿੱਤਾ ਜਾਂਦਾ ਸੀ। ਉਸ ਸਮੇਂ ਦੀ ਔਰਤ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਭ ਦਾ ਭਲਾ ਚਾਹੁਣ ਵਾਲੀ, ਤਿਆਗ ਦੀ ਮੂਰਤ ਅਤੇ ਪਤੀਵਰਤਾ ਔਰਤ ਸੀ। ਉਹ ਆਪਣੇ ਘਰ-ਪਰਿਵਾਰ ਦੀ ਖ਼ੁਸ਼ੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਨੂੰ ਤਿਆਰ ਰਹਿੰਦੀ ਸੀ। ਇਸੇ ਸੰਦਰਭ ਨੂੰ ਸਪਸ਼ਟ ਕਰਨ ਲਈ ਨਾਵਲਕਾਰ ਨੇ ਇਸ ਸ਼ਬਦ ਨੂੰ ਇਸ ਨਾਵਲ ਵਿਚ ਦਰਜ ਕੀਤਾ ਹੈ ਕਿ ਹੋਰ ਕਿਸੇ ਵੀ ਯੁੱਗ ਦੀ ਔਰਤ ਸਤਜੁਗ ਦੇ ਸਮੇਂ ਦੀ ਔਰਤ ਜਿੰਨੀ ਮਹਾਨ ਨਹੀਂ ਹੋ ਸਕਦੀ-

'ਸੰਗੀਤਾ ਵਿੱਤੋਂ ਵੱਧ ਆਪਣਾ ਫ਼ਰਜ਼ ਨਿਭਾਅ ਚੁੱਕੀ ਸੀ। ਆਪਣੀ ਸਿਹਤ, ਆਪਣੇ ਪਤੀ ਦਾ ਮਾਨਸਿਕ ਸੰਤੁਲਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਦਾਅ 'ਤੇ ਲਾ ਕੇ ਰਿਸ਼ਤੇਦਾਰਾਂ ਨੂੰ ਬਚਾਉਣ ਵਾਲੀ ਉਹ ਕੋਈ ਸਤਜੁਗੀ ਔਰਤ ਨਹੀਂ ਸੀ'।[24]

**ਹਨੂਮਾਨ ਦੀ ਪੂਛ**- ਹਿੰਦੂ ਧਰਮ ਵਿਚ ਹਨੂਮਾਨ ਭਗਵਾਨ ਦੀ ਬਹੁਤ ਮਾਨਤਾ ਹੈ। ਹਨੂਮਾਨ ਨੂੰ ਪਿਤਾ ਕੇਸਰੀ ਅਤੇ ਮਾਤਾ ਅੰਜਨਾ ਦੀ ਸੰਤਾਨ ਮੰਨਿਆ ਜਾਂਦਾ ਹੈ। ਹਨੂਮਾਨ ਨੂੰ ਭਗਵਾਨ ਸ਼ਿਵ ਦਾ ਅੰਸ਼ ਜਾਂ ਅਵਤਾਰ ਮੰਨਿਆ ਜਾਂਦਾ ਹੈ। ਉਨ੍ਹਾਂ ਕੋਲ ਅਸੀਮਿਤ ਸ਼ਕਤੀਆਂ ਸਨ ਜਿਨ੍ਹਾਂ ਵਿਚੋਂ ਇਕ ਸੀ ਹਵਾ ਵਿਚ ਉੱਡਣਾ ਤੇ ਹਵਾ ਵਿਚ ਹੀ ਸਮੁੰਦਰ ਪਾਰ ਕਰਨਾ ਆਦਿ। ਇਸੇ ਤਰ੍ਹਾਂ ਉਨ੍ਹਾਂ ਦੀ ਇਕ ਹੋਰ ਸ਼ਕਤੀ ਦਾ ਵਰਣਨ ਹੁੰਦਾ ਹੈ ਕਿ ਜਦੋਂ ਰਾਵਣ ਦੇ ਕਹਿਣ ਤੇ ਹਨੂਮਾਨ ਦੀ ਪੂਛ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੇ ਆਪਣੀ ਪੂਛ ਨੂੰ ਇੰਨੀ ਲੰਬੀ ਕਰ ਲਿਆ ਸੀ ਕਿ ਉਸ ਨਾਲ ਸਾਰੀ ਲੰਕਾ ਨੂੰ ਅੱਗ ਲਗ ਗਈ ਸੀ। ਸੋ ਇਸ ਤਰ੍ਹਾਂ ਹਨੂਮਾਨ ਦੀ ਪੂਛ ਨੂੰ ਇਕ ਮਿਥਿਕ ਸ਼ਬਦ ਦੇ ਰੂਪ ਵਿਚ ਲੇਖਕ ਨੇ ਆਪਣੇ ਨਾਵਲ ਵਿਚ ਅਜੋਕੇ ਸਮੇਂ ਦੇ ਕੁਝ ਹਾਲਾਤਾਂ ਨੂੰ ਤੁਲਨਾ ਕੇ ਪੇਸ਼ ਕੀਤਾ ਹੈ-

'ਵੇਦ ਨੇ ਦੁਨੀਆ ਵੇਖੀ ਸੀ। ਉਨ੍ਹਾਂ ਵਿਚਕਾਰਲੇ ਤਣਾਅ ਦੇ ਕੁਝ ਕਾਰਨ ਪ੍ਰਤੱਖ ਸਨ। ਕਰੀਬ ਦੋ ਮਹੀਨੇ ਤੋਂ ਮੀਆਂ ਬੀਵੀ ਇੱਥੇ ਫਸੇ ਬੈਠੇ ਸਨ। ਕਮਾਈ ਬੰਦ ਹੋ ਗਈ ਸੀ। ਖਰਚਾ ਵਿੱਤੋਂ ਬਾਹਰ ਸੀ। ਬੱਚੇ ਰੁਲ ਰਹੇ ਸਨ। ਸੰਗੀਤਾ ਨੌਕਰੀ-ਪੇਸ਼ਾ ਔਰਤ ਸੀ। ਉਸ ਨੂੰ ਆਰਾਮ ਦੀ ਜ਼ਿੰਦਗੀ ਜਿਊਣ ਦੀ ਆਦਤ ਸੀ। ਇੱਥੇ ਉਸ ਨੂੰ ਨੀਲਮ ਦੇ ਗੂੰਹ ਮੂਤ ਤੋਂ ਲੈ ਕੇ ਰਸੋਈ ਵਿਚ ਹੱਥ ਫੂਕਣ ਤਕ ਸਭ ਕੁਝ ਕਰਨਾ ਪੈਂਦਾ ਸੀ। ਇਕ ਦਿਨ ਹੋਰ, ਇਕ ਦਿਨ ਹੋਰ ਕਰਕੇ ਦੋ ਮਹੀਨੇ ਲੰਘ ਗਏ ਸਨ। ਬਿਮਾਰੀ ਅਤੇ ਮੁਕੱਦਮਾ ਹਨੂਮਾਨ ਦੀ ਪੂਛ ਵਾਂਗ ਲੰਬੇ ਹੁੰਦੇ ਜਾ ਰਹੇ ਸਨ। ਹਾਲਾਤ ਦੇ ਜਲਦੀ ਸੁਧਰਨ ਦੇ ਕੋਈ ਆਸਾਰ ਨਹੀਂ ਸਨ'।[25]

**ਦੈਵੀ ਸ਼ਕਤੀ**- ਇਹ ਸ਼ਬਦ ਦੋ ਸ਼ਬਦਾਂ ਦਾ ਮੇਲ ਹੈ ਦੈਵੀ ਤੇ ਸ਼ਕਤੀ। ਦੈਵੀ ਤੋਂ ਭਾਵ ਹੈ ਦੇਵੀ ਜਾਂ ਦੇਵਤਾ ਅਤੇ ਸ਼ਕਤੀ ਤੋਂ ਭਾਵ ਹੈ ਤਾਕਤ ਜਾਂ ਵਰਦਾਨ ਆਦਿ। ਸੋ ਇਸ ਤਰ੍ਹਾਂ ਦੈਵੀ ਸ਼ਕਤੀ ਤੋਂ ਭਾਵ ਹੈ ਕਿਸੇ ਦੇਵੀ ਜਾਂ ਦੇਵਤਾ ਦੁਆਰਾ ਦਿੱਤੀ ਗਈ ਸ਼ਕਤੀ ਜਾਂ ਵਰਦਾਨ। ਇਸ ਨਾਵਲ ਵਿਚ ਲੇਖਕ ਨੇ ਇਸ ਸ਼ਬਦ ਦਾ ਪ੍ਰਯੋਗ ਵੀ ਇਨ੍ਹਾਂ ਅਰਥਾਂ ਵਿਚ ਹੀ ਕੀਤਾ ਹੈ-

'ਬਾਕੀ ਸਹਿਯੋਗੀਆਂ ਵਾਂਗ ਵੇਦ ਨੂੰ ਵੀ ਨੇਹਾ ਵਿਚੋਂ ਕਿਸੇ ਦੈਵੀ ਸ਼ਕਤੀ ਦੀ ਝਲਕ ਪੈਂਦੀ ਸੀ। ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਸੀ। ਉਸ ਦੇ ਘਰ ਇਕ ਦੇਵੀ ਨੇ ਅਵਤਾਰ ਲਿਆ ਸੀ। ਮਨ ਹੀ ਮਨ ਉਹ ਇਸ ਦੇਵੀ ਨੂੰ ਪ੍ਰਣਾਮ ਕਰਿਆ ਕਰਦਾ ਸੀ'।[26]

**ਤਾੜਕਾਸੁਰ**- ਹਿੰਦੂ ਧਾਰਮਿਕ ਗ੍ਰੰਥਾਂ ਵਿਚ ਬਹੁਤ ਸਾਰੇ ਰਾਕਸ਼ਸ਼ਾਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਰਾਕਸ਼ਸ਼ਾਂ ਵਿਚੋਂ ਇਸਤਰੀ ਰਾਕਸ਼ਸ਼ ਬਹੁਤ ਘੱਟ ਸਨ, ਪਰ ਜੋ ਇਸਤਰੀ ਰਾਕਸ਼ਸ਼ ਬਣੀਆਂ ਸਨ ਉਨ੍ਹਾਂ ਵਿਚੋਂ ਇਕ ਮੁੱਖ ਸੀ ਤਾੜਕਾਸੁਰ। ਇਸ ਇਸਤਰੀ ਰਾਕਸ਼ਸ਼ ਨੂੰ ਰਾਵਣ ਦੀ ਨਾਨੀ ਮੰਨਿਆ ਗਿਆ ਹੈ। ਜਿਸ ਦਾ ਵਿਆਹ ਅਸੁਰਾਂ ਦੇ ਰਾਜਾ ਸੁਮਾਲੀ ਨਾਲ ਹੋਇਆ ਸੀ। ਮੰਨਿਆ ਜਾਂਦਾ ਹੈ ਕਿ ਤਾੜਕਾਸੁਰ ਬਹੁਤ ਸ਼ਕਤੀਸ਼ਾਲੀ ਇਸਤਰੀ ਰਾਕਸ਼ਸ਼ ਸੀ। ਇਸ ਨੇ ਰਿਸ਼ੀਆਂ ਮੁਨੀਆਂ ਦੇ ਯੱਗਾਂ ਅਤੇ ਉਨ੍ਹਾਂ ਦੀ ਤਪੱਸਿਆ ਨੂੰ ਵੀ ਭੰਗ ਕੀਤਾ ਸੀ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਹਰ ਲਈਆਂ ਸਨ ਪਰ ਅਖੀਰ ਵਿਚ ਇਸ ਦੀ ਮੌਤ ਭਗਵਾਨ ਰਾਮ ਦੇ ਹੱਥੋਂ ਹੋਈ ਸੀ ਜਦੋਂ ਉਹ ਬਣਵਾਸ ਕੱਟ ਰਹੇ ਸਨ। ਲੇਖਕ ਨੇ ਇਸ ਨਾਵਲ ਵਿਚ ਤਾੜਕਾਸੁਰ ਮਿਥਿਕ ਸ਼ਬਦ ਦਾ ਪ੍ਰਯੋਗ ਨੇਹਾ ਅੰਦਰਲੀਆਂ ਸ਼ਕਤੀਆਂ ਨੂੰ ਹਰ ਲੈਣ ਵਾਲੀ ਰਾਕਸ਼ਸ਼ ਦੇ ਰੂਪ ਵਿਚ ਇਸ ਤਰ੍ਹਾਂ ਕੀਤਾ ਹੈ-

'ਬਾਕੀ ਸਹਿਯੋਗੀਆਂ ਵਾਂਗ ਵੇਦ ਨੂੰ ਵੀ ਨੇਹਾ ਵਿਚੋਂ ਕਿਸੇ ਦੈਵੀ ਸ਼ਕਤੀ ਦੀ ਝਲਕ ਪੈਂਦੀ ਸੀ। ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਸੀ। ਉਸ ਦੇ ਘਰ ਇਕ ਦੇਵੀ ਨੇ ਅਵਤਾਰ ਲਿਆ ਸੀ। ਮਨ ਹੀ ਮਨ ਉਹ ਇਸ ਦੇਵੀ ਨੂੰ ਪ੍ਰਣਾਮ ਕਰਿਆ ਕਰਦਾ ਸੀ ਅਤੇ ਹੁਣ ਕਿਸੇ ਤਾੜਕਾਸੁਰ ਨੇ ਨੇਹਾ ਦੀਆਂ ਸਾਰੀਆਂ ਦੈਵਿਕ ਸ਼ਕਤੀਆਂ ਹਰ ਲਈਆਂ ਸਨ। ਉਸ ਨੂੰ ਸਰਾਪੀ ਜ਼ਿੰਦਗੀ ਜਿਊਣੀ ਪੈ ਰਹੀ ਸੀ'।[27]

**ਸੁਦਾਮਾ**- ਮਥੁਰਾ ਦੇ ਇਕ ਗ਼ਰੀਬ ਪਰਿਵਾਰ ਵਿਚੋਂ ਸੀ। ਉਸ ਦੇ ਪਿਤਾ ਦਾ ਨਾਮ ਮਾਟੁਕਾ ਅਤੇ ਮਾਤਾ ਦਾ ਨਾਮ ਰੋਕਾਨਾ ਦੇਵੀ ਸੀ। ਜਿਸ ਦੀ ਦੋਸਤੀ ਹਿੰਦੂ ਦੇਵਤਾ ਕ੍ਰਿਸ਼ਨ ਨਾਲ ਸੀ। ਸੁਦਾਮਾ ਅਤੇ ਭਗਵਾਨ ਕ੍ਰਿਸ਼ਨ ਦੀ ਦੋਸਤੀ ਦਾ ਜ਼ਿਕਰ ਭਗਵਤ ਪੁਰਾਣ ਵਿਚ ਮਿਲਦਾ ਹੈ। ਮੰਨਿਆ ਜਾਂਦਾ ਹੈ ਕਿ ਕ੍ਰਿਸ਼ਨ ਇੱਕ ਸ਼ਾਹੀ ਪਰਿਵਾਰ ਵਿਚੋਂ ਸਨ ਜਿਸ ਕਾਰਨ ਉਨ੍ਹਾਂ ਦੋਹਾਂ ਦੀ ਦੋਸਤੀ ਇਨ੍ਹਾਂ ਆਪਸੀ ਪਰਿਵਾਰਾਂ ਕਰਕੇ ਟੁੱਟ ਗਈ ਸੀ ਅਤੇ ਕਈ ਸਾਲਾਂ ਤਕ ਇਹ ਦੋਨੋਂ ਇਕ ਦੂਜੇ ਨੂੰ ਮਿਲੇ ਨਹੀਂ ਸਨ। ਕੁਝ ਸਮੇਂ ਬਾਅਦ ਜਦੋਂ ਸੁਦਾਮੇ ਉੱਪਰ ਹੋਰ ਗ਼ਰੀਬੀ ਆ ਗਈ ਤੇ ਹਾਲਾਤ ਇੱਥੋਂ ਤਕ ਆ ਗਏ ਸਨ ਕਿ ਉਸ ਕੋਲ ਆਪਣੇ ਬੱਚਿਆਂ ਨੂੰ ਭੋਜਨ ਕਰਾਉਣ ਲਈ ਵੀ ਪੈਸੇ ਨਹੀਂ ਸਨ। ਤਦ ਸੁਦਾਮੇ ਦੀ ਪਤਨੀ ਸੁਸ਼ੀਲਾ ਨੇ ਉਸ ਨੂੰ ਆਪਣੇ ਮਿੱਤਰ ਕ੍ਰਿਸ਼ਨ ਕੋਲੋਂ ਮਦਦ ਮੰਗਣ ਲਈ ਕਿਹਾ। ਸੁਦਾਮਾ ਆਪਣੇ ਬੱਚਿਆਂ ਅਤੇ ਪਤਨੀ ਖ਼ਾਤਰ ਦੁਆਰਕਾ ਵੱਲ ਚੱਲ ਪਿਆ ਜਿੱਥੇ ਕ੍ਰਿਸ਼ਨ ਰਹਿੰਦਾ ਸੀ। ਉੱਥੇ ਪਹੁੰਚਣ ਤੇ ਕ੍ਰਿਸ਼ਨ ਨੇ ਉਸ ਦੀ ਬਹੁਤ ਸੇਵਾ ਕੀਤੀ ਇਸ ਤੋਂ ਖ਼ੁਸ਼ ਹੋ ਕੇ ਸੁਦਾਮਾ ਸਭ ਕੁਝ ਭੁੱਲ ਗਿਆ

ਸੀ ਕਿ ਉਹ ਇੱਥੇ ਕੀ ਕਰਨ ਆਇਆ ਸੀ। ਉਹ ਆਪਣਾ ਉਦੇਸ਼ ਭੁੱਲ ਗਿਆ ਸੀ ਪਰ ਭਗਵਾਨ ਕ੍ਰਿਸ਼ਨ ਨੇ ਉਸ ਦੀ ਹਾਲਤ ਅਤੇ ਮਨ ਤੋਂ ਉਸ ਦਾ ਉਦੇਸ਼ ਜਾਣ ਲਿਆ ਸੀ। ਮੰਨਿਆ ਜਾਂਦਾ ਹੈ ਕਿ ਜਦੋਂ ਸੁਦਾਮਾ ਵਾਪਸ ਘਰ ਵਰਤਿਆ ਤਾਂ ਉਸ ਦੇ ਘਰ ਦੀ ਥਾਂ ਆਲੀਸ਼ਾਨ ਮਕਾਨ ਬਣਿਆ ਸੀ ਅਤੇ ਉਸ ਦਾ ਪਰਿਵਾਰ ਸੁੰਦਰ ਪੁਸ਼ਾਕਾਂ ਵਿਚ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਇਸ ਤਰ੍ਹਾਂ ਉਹ ਹਮੇਸ਼ਾ ਹੀ ਆਪਣੇ ਦੋਸਤ ਕ੍ਰਿਸ਼ਨ ਦਾ ਧੰਨਵਾਦ ਕਰਿਆ ਕਰਦਾ ਸੀ। ਇਸ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਸੁਦਾਮਾ ਸ਼ਬਦ ਅੱਜ ਦੇ ਸਮੇਂ ਦੇ ਦੋਸਤਾਂ ਦੀ ਦੋਸਤੀ ਅਤੇ ਆਰਥਿਕ ਸਥਿਤੀ ਨੂੰ ਪੇਸ਼ ਕਰਨ ਲਈ ਕੀਤਾ ਹੈ-

'ਵੇਦ ਨੇ ਪਹਿਲਾਂ ਤਾਂ ਮਾਇਆ ਨਗਰ ਦੇ ਯਾਰਾਂ ਦੋਸਤਾਂ ਉੱਪਰ ਨਜ਼ਰ ਮਾਰੀ। ਉਸ ਨੂੰ ਇਕ ਵੀ ਨਾਂ ਯਾਦ ਨਾ ਆਇਆ ਜਿਸ ਨੇ ਲੋੜ ਪੈਣ 'ਤੇ ਪੈਸੇ ਧੇਲੇ ਦੀ ਪੇਸ਼ਕਸ਼ ਕੀਤੀ ਹੋਵੇ ਪਰ ਜਦੋਂ ਉਸ ਨੇ ਆਪਣੇ ਪੁਰਾਣੇ ਸ਼ਹਿਰ ਦੇ ਮਿੱਤਰਾਂ ਉੱਪਰ ਨਜ਼ਰ ਮਾਰੀ। ਮਿੱਤਰਾਂ ਦੇ ਨਾਂ ਸੋਚ-ਸੋਚ ਕੇ ਉਸ ਦਾ ਮਨ ਗੁਲਾਬ ਵਾਂਗ ਖਿੜਨ ਲੱਗਾ। ਬਚਪਨ ਦੇ ਬੇਲੀਆਂ ਨੇ ਹਾਲੇ ਤਕ ਉਸ ਦਾ ਸਾਥ ਨਹੀਂ ਸੀ ਛੱਡਿਆ ਪਰ ਉਸ ਦੇ ਦੋਸਤ ਅਮੀਰ ਨਹੀਂ ਸਨ। ਕੋਈ ਕਲਰਕ ਸੀ, ਕੋਈ ਛੋਟਾ ਦੁਕਾਨਦਾਰ। ਉਹ ਵੱਡੀ ਰਕਮ ਦੇ ਕੇ ਵੇਦ ਦੀ ਮਦਦ ਕਰਨ ਦੀ ਸਥਿਤੀ ਵਿਚ ਨਹੀਂ ਸਨ। ਵੇਦ ਨੇ ਹਿਸਾਬ-ਕਿਤਾਬ ਲਾਇਆ। ਜੇ ਸਾਰੇ ਸੁਦਾਮਿਆਂ ਤੋਂ ਸਾਰੇ ਸੱਤੂ ਇਕੱਠੇ ਕਰ ਲਏ ਜਾਣ ਤਾਂ ਵੀ ਰਕਮ ਦਸ ਪੰਦਰਾਂ ਹਜ਼ਾਰ ਤੋਂ ਨਹੀਂ ਵਧਣੀ। ਕੀ ਨੰਗੀ ਨਹਾਊ ਕੀ ਨਚੋੜੂ। ਇੰਨੇ ਪੈਸਿਆਂ ਨਾਲ ਦਸ ਦਿਨ ਵੀ ਨਹੀਂ ਲੰਘਣੇ'।[28]

**ਕੌਰਵ ਸਭਾ**- ਇਹ ਮਿਥਿਕ ਸ਼ਬਦ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਵਿਚਕਾਰ ਹੋਈ ਸਭਾ ਦਾ ਪ੍ਰਤੀਕ ਹੈ ਕਿਉਂਕਿ ਇਸ ਸਭਾ ਵਿਚ ਕੌਰਵਾਂ ਨੇ ਪਾਂਡਵਾਂ ਨਾਲ ਫ਼ਰੇਬ ਕਰਕੇ ਜੂਏ ਵਿਚ ਉਨ੍ਹਾਂ ਦਾ ਸਭ ਕੁਝ ਜਿੱਤ ਲਿਆ ਸੀ। ਇੱਥੋਂ ਤਕ ਕਿ ਪਾਂਡਵਾਂ ਦੀ ਪਤਨੀ ਦਰੋਪਦੀ ਦੀ ਇੱਜ਼ਤ ਨਾਲ ਵੀ ਖਿਲਵਾੜ ਕੀਤਾ ਗਿਆ ਸੀ। ਸੋ ਕੌਰਵਾਂ ਦੁਆਰਾ ਪਾਂਡਵਾਂ ਨਾਲ ਕੀਤੇ ਅਨਿਆ ਵਾਲੀ ਸਭਾ ਨੂੰ ਹੀ ਕੌਰਵ ਸਭਾ ਦਾ ਨਾਮ ਦਿੱਤਾ ਗਿਆ ਹੈ। ਇਸ ਨਾਵਲ ਜਿਸ ਦਾ ਸਿਰਲੇਖ ਹੀ 'ਕੌਰਵ ਸਭਾ' ਹੈ ਵਿਚ ਇਸ ਸ਼ਬਦ ਦਾ ਪ੍ਰਯੋਗ ਅਜੋਕੇ ਸਮਾਜਕ, ਆਰਥਕ, ਕਾਨੂੰਨੀ ਅਤੇ ਨਿਆਇਕ ਸਿਸਟਮ ਵਿਚ ਫੈਲੀ ਭ੍ਰਿਸ਼ਟਾਚਾਰੀ ਨੂੰ ਉਜਾਗਰ ਕਰਨ ਲਈ ਹੀ ਕੀਤਾ ਗਿਆ ਹੈ। ਜਿਵੇਂ ਕਿ ਲੇਖਕ ਨੇ ਇਸ ਨਾਵਲ ਵਿਚ ਅਜੋਕੀਆਂ ਅਦਾਲਤਾਂ ਨੂੰ ਹੀ ਕੌਰਵ ਸਭਾ ਦਾ ਪ੍ਰਤੀਕ ਬਣਾਇਆ ਹੈ, ਜਿਸ ਦਾ ਵਰਣਨ ਇਸ ਤਰ੍ਹਾਂ ਹੈ-

'ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਨ ਤੋਂ ਡਰਨ ਲੱਗੀ'।[29]

**ਦੁਸ਼ਾਸ਼ਣ**- ਸ਼ਾਂਤਨੂੰ ਦਾ ਮਤਰੇਆ ਭਰਾ ਕ੍ਰਿਸ਼ਨ ਦ੍ਵੈਪਾਯਨ ਵਿਆਸ ਜਿਸ ਨੇ ਵੰਸ਼ ਨੂੰ ਅੱਗੇ ਤੋਰਿਆ। ਇਸ ਨੇ ਤਿੰਨ ਔਰਤਾਂ ਨਾਲ ਸੰਬੰਧ ਬਣਾਏ- ਅੰਬਿਕਾ, ਛੋਟੀ ਰਾਣੀ(ਅੰਬਾਲੀਕਾ) ਅਤੇ ਦਾਸੀ। ਧਰਿਤਰਾਸ਼ਟਰ ਜੋ ਕਿ ਅੰਬਿਕਾ ਦਾ ਪੁੱਤਰ ਸੀ ਜੋ ਕਿ ਬਚਪਨ ਤੋਂ ਹੀ ਅੰਨ੍ਹਾ ਸੀ। ਧਰਿਤਰਾਸ਼ਟਰ ਦੀ ਪਤਨੀ ਦਾ ਨਾਮ ਗਾਂਧਾਰੀ ਸੀ ਜਿਸ ਨੇ 100 ਪੁੱਤਰਾਂ ਅਤੇ ਇਕ ਪੁੱਤਰੀ

ਨੂੰ ਜਨਮ ਦਿੱਤਾ ਸੀ। ਇਹ ਸਾਰੇ ਬੱਚੇ ਕੁਰੂ ਦੇ ਵੰਸ਼ ਹੋਣ ਕਾਰਨ ਕੌਰਵ ਕਹਿਲਾਏ। ਗਾਂਧਾਰੀ ਦੇ 100 ਪੁੱਤਰਾਂ ਵਿਚੋਂ ਦੁਸ਼ਾਸ਼ਣ ਦੂਜਾ ਸੀ।

ਮੰਨਿਆ ਜਾਂਦਾ ਹੈ ਕਿ ਜਦੋਂ ਪਾਂਡਵ ਜੂਏ ਵਿਚ ਸਭ ਕੁਝ ਹਾਰ ਗਏ ਸਨ ਅਤੇ ਅਖੀਰ ਵਿਚ ਦਰੋਪਦੀ ਨੂੰ ਵੀ ਹਾਰ ਗਏ ਤਾਂ ਦੁਸ਼ਾਸ਼ਣ ਨੇ ਦਰੋਪਦੀ ਨੂੰ ਉਸ ਦੇ ਵਾਲਾਂ ਤੋਂ ਫੜ ਕੇ ਸਭਾ ਵਿਚ ਲਿਆਂਦਾ ਸੀ ਅਤੇ ਫਿਰ ਦਰੋਪਦੀ ਨੂੰ ਭਰੀ ਸਭਾ ਵਿਚ ਨਿਰਵਸਤਰ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਦਰੋਪਦੀ ਨੂੰ ਕ੍ਰਿਸ਼ਨ ਭਗਵਾਨ ਨੇ ਆਪਣੀ ਸ਼ਕਤੀ ਨਾਲ ਬਚਾ ਲਿਆ ਸੀ। ਤਦ ਭੀਮ ਨੇ ਇਹ ਪ੍ਰਣ ਲਿਆ ਸੀ ਕਿ ਉਹ ਦਰੋਪਦੀ ਦੀ ਕੀਤੀ ਬੇਇੱਜ਼ਤੀ ਦਾ ਬਦਲਾ ਦੁਸ਼ਾਸ਼ਣ ਦੇ ਖ਼ੂਨ ਨਾਲ ਲਵੇਗਾ ਤੇ ਅਖੀਰ ਵਿਚ ਉਸ ਨੇ ਮਹਾਂਭਾਰਤ ਦੀ ਲੜਾਈ ਵਿਚ ਆਪਣਾ ਇਹ ਪ੍ਰਣ ਵੀ ਪੂਰਾ ਕੀਤਾ ਸੀ। ਇਸ ਨਾਵਲ ਵਿਚ ਦੁਸ਼ਾਸ਼ਣ ਸ਼ਬਦ ਦਾ ਪ੍ਰਯੋਗ ਅਜੋਕੇ ਸਮੇਂ ਵਿਚ ਵਕੀਲਾਂ ਦੀ ਸਥਿਤੀ ਤੇ ਵਿਅੰਗ ਕਰਨ ਲਈ ਕੀਤਾ ਗਿਆ ਹੈ-

'ਦੁਸ਼ਾਸ਼ਣ ਬਣ ਕੇ ਰਾਮ ਨਾਥ ਨੇ ਛਿੰਦੋ ਦੇ ਚੀਰ ਹਰਨ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ ਨੇਹਾ ਬੇਟੀ ਦਾ ਚੀਰ ਹਰਨ ਕਰਨਾ ਸੀ। ਭੀਸ਼ਮ ਪਿਤਾਮਾ ਵਾਂਗ ਮਜਬੂਰ ਰਾਮ ਨਾਥ ਨੇ ਛਟਪਟਾ ਕੇ ਰਹਿ ਜਾਣਾ ਸੀ'।[30]

**ਅਭਿਮਨਯੂ ਅਤੇ ਚੱਕਰਵਿਯੂ**- ਅਭਿਮਨਯੂ ਪੰਜ ਪਾਂਡਵਾਂ ਵਿਚੋਂ ਅਰਜੁਨ ਦਾ ਪੁੱਤਰ ਸੀ। ਜਿਸ ਦਾ ਜਨਮ ਸੁਭੱਦਰਾ ਦੀ ਕੁੱਖ ਤੋਂ ਹੋਇਆ ਸੀ। ਅਭਿਮਨਯੂ ਭਗਵਾਨ ਕ੍ਰਿਸ਼ਨ ਦਾ ਭਤੀਜਾ ਸੀ। ਜਿਸ ਦਾ ਵਿਆਹ ਮਤੱਸਿਆ ਰਾਜ ਘਰਾਣੇ ਦੀ ਰਾਜ ਕੁਮਾਰੀ 'ਉਤਾਰਾ' ਨਾਲ ਹੋਇਆ ਸੀ। ਮੰਨਿਆ ਜਾਂਦਾ ਹੈ ਕਿ ਮਹਾਂਭਾਰਤ ਦੀ ਲੜਾਈ ਦੇ ਤੇਰ੍ਹਵੇਂ ਦਿਨ ਅਭਿਮਨਯੂ ਜਦੋਂ ਕੌਰਵਾਂ ਨਾਲ ਯੁੱਧ ਕਰਨ ਲਈ ਗਿਆ ਤਾਂ ਉਸ ਨੇ ਬਹੁਤ ਬਹਾਦਰੀ ਨਾਲ ਬਹੁਤ ਸਾਰੇ ਕੌਰਵਾਂ ਨੂੰ ਮਾਰ ਮੁਕਾਇਆ ਸੀ। ਪਰ ਅਖੀਰ ਵਿਚ ਕੌਰਵਾਂ ਦੁਆਰਾ ਚਲਾਕੀ ਨਾਲ ਬਣਾਈ ਯੁੱਧ ਨੀਤੀ ਜਿਸ ਨੂੰ ਚੱਕਰਵਿਯੂ ਦਾ ਨਾਮ ਦਿੱਤਾ ਗਿਆ ਵਿਚ ਫਸ ਕੇ ਬਹੁਤ ਸਾਰੇ ਕੌਰਵਾਂ ਨੇ ਮਿਲ ਕੇ ਅਭਿਮਨਯੂ ਦਾ ਕਤਲ ਕਰ ਦਿੱਤਾ ਸੀ। ਮੰਨਿਆ ਜਾਂਦਾ ਹੈ ਕਿ ਅਭਿਮਨਯੂ ਦਾ ਕਤਲ ਦੁਸ਼ਾਸ਼ਣ ਦੇ ਪੁੱਤਰ ਨੇ ਕੀਤਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਉਸ ਸਮੇਂ ਅਭਿਮਨਯੂ ਦੀ ਉਮਰ ਸਿਰਫ਼ ਸੋਲ੍ਹਾਂ ਸਾਲ ਸੀ। ਜਿਸ ਤਰ੍ਹਾਂ ਮਹਾਂਭਾਰਤ ਵਿਚ ਨਿਹੱਥੇ ਅਭਿਮਨਯੂ ਦਾ ਕਤਲ ਕੀਤਾ ਗਿਆ ਸੀ ਉਸੇ ਤਰ੍ਹਾਂ ਇਸ ਨਾਵਲ ਵਿਚ ਲੇਖਕ ਨੇ ਕਮਲ ਦੀ ਮੌਤ ਨੂੰ ਅਭਿਮਨਯੂ ਨਾਲ ਇਸ ਤਰ੍ਹਾਂ ਤੁਲਨਾ ਕੇ ਪੇਸ਼ ਕੀਤਾ ਹੈ-

'ਮਹਾਂਭਾਰਤ ਵਾਂਗ ਉਨ੍ਹਾਂ ਨਾਲ ਕਪਟ ਹੋਇਆ ਸੀ। ਉਨ੍ਹਾਂ ਦੇ ਨਿਹੱਥੇ ਅਭਿਮਨਯੂ ਦਾ ਕਤਲ ਹੋਇਆ ਸੀ। ਯੁੱਧ ਉਨ੍ਹਾਂ ਉੱਪਰ ਥੋਪਿਆ ਗਿਆ ਸੀ। ਉਨ੍ਹਾਂ ਨੇ ਹੱਕ ਸੱਚ ਦੀ ਲੜਾਈ ਹਿੱਕ ਤਾਣ ਕੇ ਲੜਨੀ ਸੀ। ਬਿਨਾਂ ਚੰਗੇ-ਮੰਦੇ ਨਿਸ਼ਕਾਮ ਕਰਮ ਦਾ ਫਲ ਮਿੱਠਾ ਹੋਣਾ ਸੀ'।[31]

ਲੇਖਕ ਨੇ ਚੱਕਰਵਿਯੂ ਸ਼ਬਦ ਨੂੰ ਅਜੋਕੇ ਵਕੀਲਾਂ ਦੁਆਰਾ ਵਰਤੀਆਂ ਜਾਂਦੀਆਂ ਚਾਲਾਂ ਦੇ ਰੂਪ ਵਿਚ ਪੇਸ਼ ਕੀਤਾ ਹੈ-

'ਸਾਧੂ ਸਿੰਘ ਭਾਂਪ ਗਿਆ। ਸਾਰੇ ਵਕੀਲ ਇੱਕੋ ਥੈਲੀ ਦੇ ਚੱਟੇ-ਵੱਟੇ ਸਨ। ਡੱਡੂਆਂ ਵਾਂਗ ਸਾਰੇ ਇੱਕੋ ਰਾਗ ਅਲਾਪ ਰਹੇ ਸਨ। ਇਕੱਠੇ ਹੋ ਕੇ ਉਨ੍ਹਾਂ ਨੇ ਅਭਿਮਨਯੂ ਵਾਂਗ ਉਸ ਨੂੰ ਚੱਕਰਵਿਯੂ ਵਿਚ ਫਸਾ ਲਿਆ ਸੀ'।[32]

**ਬ੍ਰਹਮ-ਅਸਤਰ**- ਪ੍ਰਾਚੀਨ ਸੰਸਕ੍ਰਿਤ ਲਿਖਤਾਂ ਵਿਚ ਬ੍ਰਹਮ-ਅਸਤਰ ਨੂੰ ਭਗਵਾਨ ਬ੍ਰਹਮਾ ਦੁਆਰਾ ਤਿਆਰ ਇੱਕ ਹਥਿਆਰ ਮੰਨਿਆ ਗਿਆ ਹੈ। ਬਹੁਤ ਸਾਰੇ ਪੁਰਾਣਾਂ ਵਿਚ ਇਸ ਨੂੰ ਤਬਾਹੀ ਵਾਲਾ ਹਥਿਆਰ ਮੰਨਿਆ ਗਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਵੀ ਬ੍ਰਹਮ-ਅਸਤਰ ਨਾਲ ਹਮਲਾ ਕੀਤਾ ਜਾਂਦਾ ਹੈ ਤਾਂ ਕੋਈ ਵੀ ਸ਼ਕਤੀ ਇਸ ਤੋਂ ਆਪਣੀ ਰੱਖਿਆ ਨਹੀਂ ਕਰ ਸਕਦੀ ਸਿਵਾਏ ਦੂਜੇ ਬ੍ਰਹਮ-ਅਸਤਰ ਦੇ। ਇਸ ਹਥਿਆਰ ਦਾ ਨਿਸ਼ਾਨਾ ਅਚੂਕ ਮੰਨਿਆ ਗਿਆ ਹੈ ਅਤੇ ਇਹ ਆਪਣੇ ਰਸਤੇ ਵਿਚ ਆਉਣ ਵਾਲੀ ਹਰ ਚੀਜ਼ ਨੂੰ ਤਬਾਹ ਅਤੇ ਬੇਅਸਰ ਕਰ ਦਿੰਦਾ ਹੈ। ਇਸ ਨਾਵਲ ਵਿਚ ਲੇਖਕ ਨੇ ਬ੍ਰਹਮ-ਅਸਤਰ ਸ਼ਬਦ ਦਾ ਪ੍ਰਯੋਗ ਅਜੋਕੇ ਸਮੇਂ ਦੇ ਵਕੀਲਾਂ ਦੁਆਰਾ ਵਰਤੀਆਂ ਜਾਂਦੀਆਂ ਚੁਸਤ ਚਲਾਕੀਆਂ ਨਾਲ ਤੁਲਨਾ ਕੇ ਪੇਸ਼ ਕੀਤਾ ਹੈ-

'ਚਾਰ ਮਹੀਨੇ ਟਪਾਉਣੇ ਨੰਦ ਲਾਲ ਲਈ ਕੋਈ ਮੁਸ਼ਕਲ ਨਹੀਂ ਸੀ। ਜੇ ਕੋਈ ਵੀ ਵੱਸ ਨਾ ਚਲਿਆ ਤਾਂ ਨੰਦ ਲਾਲ ਨੇ ਬ੍ਰਹਮ-ਅਸਤਰ ਕੱਢ ਲੈਣਾ ਸੀ। ਪੰਡਿਤ ਨੂੰ ਇਸੇ ਮੌਕੇ ਲਈ ਇਸ਼ਤਿਹਾਰੀ ਮੁਲਜ਼ਮ ਬਣਵਾਇਆ ਗਿਆ ਸੀ। ਫ਼ੈਸਲੇ ਵਾਲੇ ਦਿਨ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ। ਉਸ ਦੇ ਪੇਸ਼ ਹੁੰਦਿਆਂ ਹੀ ਸੱਪ-ਸੀੜ੍ਹੀ ਵਾਲੀ ਲੁੱਡੋ ਵਾਂਗ ਨੜ੍ਹਿੰਨਵੇਂ ਦੇ ਹਿੰਦਸੇ 'ਤੇ ਪੁੱਜੀ ਗੋਟੀ ਨੇ ਮੁੜ ਜ਼ੀਰੋ 'ਤੇ ਆ ਡਿਗਣਾ ਸੀ। ਪਹਿਲੇ ਗਵਾਹ ਤੋਂ ਲੈ ਕੇ ਸਾਰੀ ਕਾਰਵਾਈ ਫੇਰ ਦੁਹਰਾਈ ਜਾਣੀ ਸੀ'।[33]

**ਅਰਜੁਨ**- ਹਿੰਦੂ ਧਾਰਮਿਕ ਗ੍ਰੰਥਾਂ ਮਹਾਂਭਾਰਤ ਅਤੇ ਭਗਵਤ ਗੀਤਾ ਵਿਚ ਅਰਜੁਨ ਦਾ ਵਿਸ਼ੇਸ਼ ਮਹੱਤਵ ਮੰਨਿਆ ਜਾਂਦਾ ਹੈ। ਹਸਤਨਾਪੁਰ ਦੇ ਰਾਜਾ ਪਾਂਡੂ ਤੇ ਉਸ ਦੀ ਪਤਨੀ ਕੁੰਤੀ ਦੀ ਕੁੱਖ ਤੋਂ ਇੰਦਰ ਦੇਵਤਾ ਦੇ ਆਸ਼ੀਰਵਾਦ ਨਾਲ ਅਰਜੁਨ ਦਾ ਜਨਮ ਹੋਇਆ ਸੀ। ਅਰਜੁਨ ਪਾਂਡਵਾਂ ਵਿਚ ਤੀਜੇ ਨੰਬਰ ਤੇ ਪੈਦਾ ਹੋਇਆ ਸੀ। ਅਰਜੁਨ ਦੀਆਂ ਚਾਰ ਪਤਨੀਆਂ ਸਨ- ਦਰੋਪਦੀ, ਉਲੂਪੀ, ਚਿਤਰੰਗਦਾ ਅਤੇ ਸੁਭੱਦਰਾ। ਇਨ੍ਹਾਂ ਪਤਨੀਆਂ ਤੋਂ ਉਸ ਦੇ ਚਾਰ ਪੁੱਤਰਾਂ ਨੇ ਜਨਮ ਲਿਆ- ਸਰੂਤਾਕਰਮਾ, ਅਭਿਮਨਯੂ, ਬੱਬਰੂਵਹਾਨਾ ਅਤੇ ਇਰਾਵਨ। ਅਰਜੁਨ ਨੂੰ ਉਸ ਸਮੇਂ ਦਾ ਸਭ ਤੋਂ ਵਧੀਆ ਤੀਰ ਅੰਦਾਜ਼ ਮੰਨਿਆ ਜਾਂਦਾ ਸੀ। ਜਿਸ ਦਾ ਨਮੂਨਾ ਸਾਨੂੰ ਦਰੋਪਦੀ ਵਾਲੇ ਸਵੰਬਰ ਵਿਚ ਮਿਲਦਾ ਹੈ। ਉਸ ਨੇ ਇਹ ਤੀਰ ਅੰਦਾਜ਼ੀ ਆਪਣੇ ਗੁਰੂ ਦਰੋਣਾਚਾਰੀਆ ਤੋਂ ਸਿੱਖੀ ਸੀ। ਸੋ ਇਸ ਨਾਵਲ ਵਿਚ ਅਰਜੁਨ ਸ਼ਬਦ ਦਾ ਪ੍ਰਯੋਗ ਨੇਹਾ ਲਈ ਕੀਤਾ ਗਿਆ ਹੈ ਜੋ ਅਰਜੁਨ ਵਾਂਗ ਆਪਣੇ ਸ਼ਾਬਦਿਕ ਤੀਰਾਂ ਨਾਲ ਅਜੋਕੇ ਕੌਰਵਾਂ ਨੂੰ ਹਰਾਉਣ ਦਾ ਯਤਨ ਕਰਦੀ ਹੈ-

'ਪੰਡਿਤ ਪਰਮਾਨੰਦ ਨੇ ਨੇਹਾ ਨੂੰ ਮਾਇਆ ਨਗਰ ਵੱਲ ਤੁਰਨ ਤੋਂ ਪਹਿਲਾਂ ਛੋਟਾ ਜਿਹਾ ਉਪਦੇਸ਼ ਦਿੱਤਾ ਸੀ। ਅਦਾਲਤ ਉਸ ਲਈ ਕੁਰੂਕਸ਼ੇਤਰ ਦਾ ਮੈਦਾਨ ਸੀ। ਨੇਹਾ ਨੇ ਹੁੰਦੇ ਚੀਰ ਹਰਨ ਤੋਂ ਡਰ ਕੇ ਰਹਿਮ ਦੀ ਪੁਕਾਰ ਨਹੀਂ ਸੀ ਕਰਨੀ। ਉਸ ਨੇ ਅਰਜਨ ਬਣਕੇ ਗਵਾਹੀ ਵਾਲੇ ਤੀਰ ਕੌਰਵਾਂ ਵੱਲ ਸੁੱਟਣੇ ਸਨ। ਇਨ੍ਹਾਂ ਤੀਰਾਂ ਨੇ ਮੁਲਜ਼ਮਾਂ ਲਈ ਫਾਂਸੀ ਦਾ ਫੰਦਾ ਬਣਨਾ ਸੀ'।[34]

**ਰਾਣੀ ਝਾਂਸੀ**- ਲਕਸ਼ਮੀ ਬਾਈ ਦਾ ਜਨਮ 19 ਨਵੰਬਰ 1828 ਈ. ਨੂੰ ਧਾਰਮਿਕ ਸ਼ਹਿਰ ਵਾਰਾਨਸੀ ਵਿਚ ਇੱਕ ਮਰਾਠੀ ਬ੍ਰਾਹਮਣ ਪਰਿਵਾਰ ਵਿਚ ਹੋਇਆ ਸੀ। ਉਸ ਦਾ ਨਾਮ 'ਮਨੀਕਰਨੀਕਾ' ਰੱਖਿਆ ਗਿਆ ਸੀ ਅਤੇ ਉਸ ਦਾ ਛੋਟਾ ਨਾਮ 'ਮਨੂ'

ਰੱਖਿਆ ਸੀ। ਉਸ ਦੇ ਪਿਤਾ ਦਾ ਨਾਮ ਮੋਰੋਪਾਨਟ ਤਾਂਬੇ ਅਤੇ ਮਾਤਾ ਦਾ ਨਾਮ ਭਾਗੀਰਥੀ ਸਪਰੇ ਸੀ। ਜਦੋਂ ਉਹ ਚਾਰ ਸਾਲ ਦੀ ਸੀ ਤਾਂ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ ਸੀ। ਉਸ ਦੇ ਪਿਤਾ ਬੀਥੂਰ ਜ਼ਿਲ੍ਹੇ ਦੇ ਪੇਸ਼ਵਾ ਦੀ ਕਚਹਿਰੀ ਵਿਚ ਕੰਮ ਕਰਦੇ ਸਨ। ਤਦ ਪੇਸ਼ਵਾ ਨੇ ਮਨੀਕਰਨੀਕਾ ਨੂੰ ਆਪਣੀ ਧੀ ਦੀ ਤਰ੍ਹਾਂ ਪਾਲਿਆ ਸੀ। ਮਨੀਕਰਨੀਕਾ ਦਾ ਵਿਆਹ ਝਾਂਸੀ ਦੇ ਰਾਜਾ, 'ਰਾਜਾ ਗੰਗਾਧਰ ਰਾਓ ਨਾਵੇਲਕਰ' ਨਾਲ 1842 ਈ. ਵਿਚ ਹੋਇਆ ਸੀ। ਇਸ ਤੋਂ ਬਾਅਦ ਉਸ ਦੇ ਨਾਮ ਪਿੱਛੇ 'ਲਕਸ਼ਮੀ ਬਾਈ' ਨਾਮ ਨੂੰ ਜੋੜ ਦਿੱਤਾ ਗਿਆ ਸੀ। 1851 ਵਿਚ ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਸੀ ਜਿਸ ਦਾ ਨਾਮ 'ਦਾਮੋਦਰ ਰਾਓ' ਰੱਖਿਆ ਗਿਆ ਸੀ, ਪਰ ਚਾਰ ਮਹੀਨੇ ਬਾਅਦ ਉਸ ਦੀ ਮੌਤ ਹੋ ਗਈ ਸੀ। ਤਦ ਰਾਜਾ ਨੇ ਆਪਣੇ ਭਰਾ ਦੇ ਪੁੱਤਰ 'ਅਨੰਦ ਰਾਓ' ਨੂੰ ਗੋਦ ਲਿਆ ਤੇ ਉਸ ਨੂੰ 'ਦਾਮੋਦਰ ਰਾਓ' ਦਾ ਨਾਮ ਦਿੱਤਾ ਗਿਆ। ਇਸ ਗੋਦ ਲੈਣ ਦੀ ਪ੍ਰਕਿਰਿਆ ਨੂੰ ਅੰਗਰੇਜ਼ ਸਰਕਾਰ ਦੇ ਅਫ਼ਸਰਾਂ ਸਾਹਮਣੇ ਕੀਤਾ ਗਿਆ ਸੀ ਤਾਂ ਜੋ ਰਾਜੇ ਦੀ ਮੌਤ ਤੋਂ ਬਾਅਦ ਅੰਗਰੇਜ਼ ਸਰਕਾਰ ਦੀ ਕੰਪਨੀ ਬਾਅਦ ਵਿਚ ਉਸ ਦੇ ਰਾਜ ਉੱਪਰ ਕਬਜ਼ਾ ਨਾ ਕਰ ਸਕੇ। ਰਾਜੇ ਦੀ ਮੌਤ ਤੋਂ ਬਾਅਦ ਉਸ ਨੂੰ ਝਾਂਸੀ ਦੀ ਰਾਣੀ ਕਿਹਾ ਜਾਣ ਲੱਗਾ। 1857 ਈ. ਨੂੰ ਜਦੋਂ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਸ਼ੁਰੂ ਹੋਈ ਤਾਂ ਉਸ ਤੋਂ ਬਾਅਦ ਮਨੀਕਰਨੀਕਾ ਜੋ ਹੁਣ ਝਾਂਸੀ ਦੀ ਰਾਣੀ ਸੀ ਨੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਸ਼ੁਰੂ ਕੀਤੀ ਅਤੇ ਉਨ੍ਹਾਂ ਨਾਲ ਬਹੁਤ ਸਾਰੇ ਯੁੱਧ ਵੀ ਕੀਤੇ ਉਹ ਬਹੁਤ ਬਹਾਦਰੀ ਨਾਲ ਲੜਿਆ ਕਰਦੀ ਸੀ ਇਸ ਤਰ੍ਹਾਂ ਅਖੀਰ 1858 ਈ. ਵਿਚ ਉਹ ਸ਼ਹੀਦ ਹੋ ਗਈ ਸੀ ਪਰ ਉਸ ਦੀ ਮੌਤ ਨੇ ਭਾਰਤੀ ਔਰਤਾਂ ਵਿਚ ਇਕ ਨਵੀਂ ਚੇਤਨਾ ਨੂੰ ਜਨਮ ਦਿੱਤਾ। ਉਸ ਚੇਤਨਾ ਤੋਂ ਪ੍ਰਭਾਵਿਤ ਹੋ ਕੇ ਮਿੱਤਰ ਸੈਨ ਮੀਤ ਨੇ ਇਸ ਨਾਵਲ ਵਿਚਲੀ ਨਾਰੀ ਨੂੰ ਰਾਣੀ ਝਾਂਸੀ ਵਾਂਗ ਨਿਡਰ ਹੋ ਕੇ ਜ਼ੁਲਮ ਖ਼ਿਲਾਫ਼ ਲੜਨ ਦੀ ਪ੍ਰੇਰਨਾ ਦਿੱਤੀ ਹੈ-

'ਨੇਹਾ ਨੇ ਗਵਾਹੀ ਦੇ ਨਾਲ-ਨਾਲ ਪੰਡਿਤ ਜੀ ਦੇ ਉਪਦੇਸ਼ ਨੂੰ ਰੱਟਾ ਲਾ ਰੱਖਿਆ ਸੀ। ਮੌਕਾ ਮਿਲਦੇ ਹੀ ਉਸ ਨੇ ਆਪਣੇ ਵੀਰ ਦੇ ਕਾਤਲਾਂ ਉਪ ਰਾਣੀ ਝਾਂਸੀ ਬਣਕੇ ਝਪਟਣਾ ਸੀ'।[35]

## ਕੌਰਵ ਸਭਾ ਵਿਚ ਮਿਥਿਕ ਪ੍ਰਤੀਕ ਅਤੇ ਬਿੰਬ

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਵਿਚ ਮੁੱਢਲੇ ਨਾਵਲ ਭੂਮੀਪਤੀ ਤੇ ਭੂਮੀਹੀਣ ਲੋਕਾਂ ਦੇ ਜੀਵਨ ਤੋਂ ਸ਼ੁਰੂ ਕਰਕੇ ਨਿਆਂਪਾਲਿਕਾ ਦੀਆਂ ਬਹੁ-ਪਸਾਰੀ ਪਰਤਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੇ ਵਿਸ਼ਿਆਂ ਨੂੰ ਅਨੇਕਾਂ ਘਟਨਾਵਾਂ ਤੇ ਪ੍ਰਸਥਿਤੀਆਂ ਦੇ ਪਰਿਪੇਖ ਰਾਹੀਂ ਸਮਝਿਆ ਜਾਂ ਸਕਦਾ ਹੈ ਜਿਸ ਨੂੰ ਨਾਵਲਕਾਰ ਨੇ ਮਿਥਿਕ ਪ੍ਰਤੀਕਾਂ, ਬਿੰਬਾਂ ਅਤੇ ਪ੍ਰਭਾਵਸ਼ੈਲੀ ਭਾਸ਼ਾ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਜਿਸ ਦਾ ਵਿਸਤਾਰ ਵਿਚ ਵਰਣਨ ਅਗਲੇ ਭਾਗ ਵਿਚ ਕੀਤਾ ਗਿਆ ਹੈ-

ਕੌਰਵ ਸਭਾ ਵਿਚ ਮਿਥਿਕ ਪ੍ਰਤੀਕ

ਪ੍ਰਤੀਕ ਨੂੰ ਪੰਜਾਬੀ ਸਾਹਿਤ ਦੀ ਕਿਸੇ ਵੀ ਵੰਨਗੀ ਜਿਵੇਂ ਕਿ ਕਾਵਿ, ਨਾਟਕ ਅਤੇ ਗਲਪ ਦੀ ਕਿਸੇ ਵੀ ਰਚਨਾ ਦਾ ਇਕ ਮੁੱਖ ਤੱਤ ਮੰਨਿਆ ਜਾਂਦਾ ਹੈ। ਪ੍ਰਤੀਕ ਤੋਂ ਭਾਵ ਹੈ ਕਿ ਜਿਹੜੇ ਵੀ ਸਾਹਿਤਕ ਚਿੰਨ੍ਹ ਘਸ-ਘਸ ਕੇ ਲੋਕਾਂ ਵਿਚ ਹਰਮਨ ਪਿਆਰੇ ਹੋ ਜਾਂਦੇ ਹਨ ਉਨ੍ਹਾਂ ਨੂੰ ਪ੍ਰਤੀਕ ਕਿਹਾ ਜਾਂਦਾ ਹੈ। ਸਾਡੇ ਜੀਵਨ ਵਿਚ ਪ੍ਰਤੀਕ ਦਾ ਓਨਾ ਹੀ ਮਹੱਤਵ ਹੈ, ਜਿੰਨਾ ਕਿ ਸਾਹਿਤ ਵਿਚ ਕਿਉਂਕਿ ਮਨੁੱਖੀ ਵਿਵਹਾਰ ਵਿਚ ਪ੍ਰਤੀਕ ਆਮ ਵਰਤੇ ਜਾਂਦੇ ਹਨ। ਮਨੁੱਖ ਦੀ ਤਾਂ ਸਹਿਜ-ਸੁਭਾ ਰੁਚੀ ਹੀ ਪ੍ਰਤੀਕੀਕਰਨ ਦੀ ਹੈ। ਪ੍ਰਤੀਕ ਦੀ ਵਰਤੋਂ ਤਰਕ-ਸ਼ਾਸਤਰ, ਗਣਿਤ, ਸੰਗੀਤ, ਧਰਮ, ਕਲਾ, ਵਿਗਿਆਨ, ਭਾਸ਼ਾ ਤੇ ਕਵਿਤਾ ਆਦਿ ਬਹੁਤ ਖੇਤਰਾਂ ਵਿਚ ਲੰਬੇ ਅਰਸੇ ਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਇਸ ਦਾ ਮੂਲ ਭਾਵ ਇਹੀ ਹੈ ਕਿ ਕੋਈ ਇਕ ਚੀਜ਼ ਕਿਸੇ ਹੋਰ ਚੀਜ਼ ਦੀ ਥਾਂ ਵਰਤ ਲਈ ਜਾਂਦੀ ਹੈ ਜਾਂ ਉਸ ਦਾ ਨਿਰੂਪਣ ਕਰਦੀ ਹੈ। ਪ੍ਰਤੀਕ ਸ਼ਬਦ ਅੰਗਰੇਜ਼ੀ ਦੇ Symbol ਦਾ ਸਮਾਨਾਰਥਿਕ ਹੈ। ਪੱਛਮੀ ਕਾਵਿ ਸ਼ਾਸਤਰ ਵਿਚ ਇਸ ਦੀ ਬਹੁਤ ਵਿਆਖਿਆ ਹੋਈ ਹੈ।

ਵੈਬਸਟਰ ਅਨੁਸਾਰ, 'ਪ੍ਰਤੀਕ ਇਕ ਵਸਤੂ ਹੈ, ਜੋ ਸੰਬੰਧ, ਸਾਂਝ ਜਾ ਰੂੜੀ ਦੇ ਆਧਾਰ ਤੇ ਕਿਸੇ ਹੋਰ ਵਸਤੂ ਦਾ ਸੁਝਾਉ ਦੇਂਦੀ ਹੈ। ਇਹ ਸਮਾਨਤਾ ਅਚੇਤ/ਸਚੇਤ ਦੋਹਾਂ ਰੂਪਾਂ ਵਿਚ ਹੋ ਸਕਦੀ ਹੈ'।[36]

ਰੈਨੇ ਵੈਲਕ ਅਨੁਸਾਰ, 'ਸਾਹਿਤ ਸਿਧਾਂਤ ਵਿਚ ਪ੍ਰਤੀਕ ਦਾ ਭਾਵ ਹੈ, ਇਕ ਅਜਿਹੀ ਵਸਤੂ ਜੋ ਕਿਸੇ ਹੋਰ ਵਸਤੂ ਵੱਲ ਸੰਕੇਤ ਕਰਦੀ ਹੈ ਪਰ ਨਾਲ ਹੀ ਪ੍ਰਸਤੁਤੀਕਰਣ ਦੇ ਰੂਪ ਵਿਚ ਉਸ ਦੇ ਆਪਣੇ ਸਰੂਪ ਵਲ ਧਿਆਨ ਦੇਣ ਦੀ ਲੋੜ ਹੁੰਦੀ ਹੈ'।[37]

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪ੍ਰਤੀਕ ਦੇ ਹੇਠ ਲਿਖੇ ਲੱਛਣ ਨਿਸ਼ਚਿਤ ਕੀਤੇ ਹਨ-

1 ਪ੍ਰਤੀਕ ਅਣਦਿਸਦੇ ਦੀ ਪ੍ਰਤੀਨਿਧਤਾ ਕਰਦਾ ਹੈ।

2 ਪ੍ਰਤੀਕ ਉੱਤੇ ਉਸ ਦੇ ਆਪਣੇ ਸਮੇਂ, ਸਥਾਨ ਤੇ ਸਭਿਆਚਾਰਕ ਮਾਹੌਲ ਦੀ ਮੁਹਰ-ਛਾਪ ਲੱਗੀ ਹੁੰਦੀ ਹੈ।

3 ਪ੍ਰਤੀਕ ਆਪਣੇ ਖ਼ਾਸ ਅਰਥਾਂ ਵਿਚ ਕਾਫ਼ੀ ਹੱਦ ਤਕ ਰੂੜ੍ਹ ਹੋ ਜਾਂਦਾ ਹੈ।

4 ਪ੍ਰਤੀਕ ਕਾਵਿ ਦੀ ਪ੍ਰਗਟਾਉ-ਸ਼ੈਲੀ ਦਾ ਹੀ ਇਕ ਅੰਗ ਹੈ।[38]

ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਨਾਵਲ ਵਿਚ ਬਹੁਤ ਸਾਰੇ ਮਿਥਿਕ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ, ਮਿਥਿਕ ਪ੍ਰਤੀਕਾਂ ਤੋਂ ਭਾਵ ਹੈ ਉਹ ਸਾਹਿਤਕ ਚਿੰਨ੍ਹ ਜੋ ਪੁਰਾਤਨ ਸਮਿਆਂ ਤੋਂ ਲੋਕਾਂ ਵਿਚ ਪ੍ਰਚਲਿਤ ਹੋ ਕੇ ਹੁਣ ਤਕ ਸਾਡੇ ਸਾਹਿਤ ਵਿਚ ਮੌਜੂਦ ਹਨ। ਜੋ ਲੋਕ ਮਨਾਂ ਦੇ ਚਿੱਤ ਵਿਚ ਵਸੇ ਹੋਏ ਹਨ, ਜਿਨ੍ਹਾਂ ਵਿਚੋਂ ਕੁਝ ਦਾ ਸੰਬੰਧ ਧਰਮ ਨਾਲ ਹੈ ਅਤੇ ਕੁਝ ਦਾ ਸੰਬੰਧ ਸਭਿਆਚਾਰ ਨਾਲ ਹੈ। ਕੁਝ ਪ੍ਰਤੀਕ ਦੇਸ਼ ਅਤੇ ਯੁੱਗ ਦੇ ਇਤਿਹਾਸ/ਮਿਥਿਹਾਸ ਜਾਂ ਇਨ੍ਹਾਂ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਵਿਸ਼ੇਸ਼ ਅਰਥਾਂ ਦੇ ਸੂਚਕ ਬਣ ਜਾਂਦੇ ਹਨ, ਉਨ੍ਹਾਂ ਪ੍ਰਤੀਕਾਂ ਨੂੰ ਹੀ ਮਿਥਿਕ ਪ੍ਰਤੀਕ ਕਿਹਾ ਜਾਂਦਾ ਹੈ।

'ਕੌਰਵ ਸਭਾ' ਵਿਚ ਵਰਤੇ ਗਏ ਮਿਥਿਕ ਪ੍ਰਤੀਕਾਂ ਦਾ ਵਰਣਨ ਇਸ ਪ੍ਰਕਾਰ ਹੈ-

**ਲਛਮਣ ਰੇਖਾ**- ਆਮ ਤੌਰ ਤੇ ਲਛਮਣ ਰੇਖਾ ਤੋਂ ਭਾਵ ਇਕ ਸੁਰੱਖਿਆ ਘੇਰੇ ਤੋਂ ਹੀ ਲਿਆ ਜਾਂਦਾ ਹੈ। ਜਿਸ ਦਾ ਜ਼ਿਕਰ ਹਿੰਦੂਆਂ ਦੇ ਧਾਰਮਿਕ ਗ੍ਰੰਥ ਰਾਮਾਇਣ ਵਿਚ ਮਿਲਦਾ ਹੈ। ਇਸ ਧਾਰਮਿਕ ਗ੍ਰੰਥ ਅਨੁਸਾਰ ਜਦੋਂ ਬਣਵਾਸ ਦੌਰਾਨ ਰਾਮ, ਲਛਮਣ ਅਤੇ ਸੀਤਾ ਜੰਗਲਾਂ ਵਿਚ ਘੁੰਮ ਰਹੇ ਸਨ ਤਾਂ ਪੰਚਵਟੀ ਦੇ ਜੰਗਲਾਂ ਵਿਚ ਰਾਮ ਤੇ ਲਛਮਣ, ਸੀਤਾ ਨੂੰ ਇਕੱਲੀ ਨੂੰ ਛੱਡ ਕੇ ਕਿਤੇ ਜਾ ਰਹੇ ਸਨ ਤਾਂ ਲਛਮਣ ਨੇ ਆਪਣੀ ਭਾਬੀ ਦੇ ਚਾਰੇ ਪਾਸੇ ਇਕ ਘੇਰਾ ਬਣਾ ਦਿੱਤਾ ਸੀ ਤੇ ਨਾਲ ਹੀ ਉਸ ਨੂੰ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਦੇ ਵਾਪਸ ਆਉਣ ਤਕ ਇਸ ਘੇਰੇ ਵਿਚੋਂ ਬਾਹਰ ਨਾ ਨਿਕਲੇ ਕਿਉਂਕਿ ਉਹ ਇਸ ਘੇਰੇ ਵਿਚ ਸੁਰੱਖਿਅਤ ਸੀ। ਪਰ ਰਾਵਣ ਨੇ ਭੇਸ ਬਦਲ ਕੇ ਸੀਤਾ ਨੂੰ ਉਸ ਘੇਰੇ ਵਿਚੋਂ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ ਸੀ ਤੇ ਇਸ ਤਰ੍ਹਾਂ ਰਾਵਣ ਸੀਤਾ ਦਾ ਅਪਹਰਨ ਕਰ ਕੇ ਲੈ ਗਿਆ ਸੀ। ਇਸ ਘਟਨਾ ਦੌਰਾਨ ਉਸ ਘੇਰੇ ਦੀ ਬਹੁਤ ਅਹਿਮੀਅਤ ਸੀ ਜਿਸ ਕਰਕੇ ਇਸ ਘੇਰੇ ਨੂੰ ਬਾਅਦ ਵਿਚ ਲਛਮਣ ਰੇਖਾ ਕਿਹਾ ਜਾਣ ਲੱਗਾ। ਇਸ ਨਾਵਲ ਵਿਚ ਲਛਮਣ ਰੇਖਾ ਪ੍ਰਤੀਕ ਹੈ ਕਮਲ ਦੀ ਮੌਤ ਤੋਂ ਬਾਅਦ ਨੇਹਾ ਦੁਆਰਾ ਆਪਣੇ ਆਪ ਨੂੰ ਸੀਮਤ ਕਰਨ ਦਾ, ਆਪਣੇ ਆਪ ਉੱਪਰ ਪਾਬੰਦੀਆਂ ਲਗਾਉਣ ਦਾ ਤਾਂ ਜੋ ਕੋਈ ਉਸ ਨੂੰ ਤੰਗ ਨਾ ਕਰ ਸਕੇ ਜਾ ਤਾਹਨੇ ਨਾ ਮਾਰ ਸਕੇ। ਜਿਵੇਂ ਕਿ-

'ਚਾਰ ਦਿਨ ਪਹਿਲਾਂ ਤੀਜੀ ਕੋਠੀ ਵਿਚ ਰਹਿੰਦੇ ਪਿੰਚੂ ਨੇ ਉਸ ਨੂੰ ਸੜਕ 'ਤੇ ਰੋਕ ਕੇ ਹਾਲ-ਚਾਲ ਪੁੱਛਣ ਦੀ ਹਿੰਮਤ ਦਿਖਾਈ ਸੀ। ਨੇਹਾ ਦੇ ਚੁੱਪ-ਚਾਪ ਕਿਨਾਰਾ ਕਰਨ ਤੇ ਪਿੰਚੂ ਨੇ ਬੇਇੱਜ਼ਤੀ ਮਹਿਸੂਸ ਕੀਤੀ ਸੀ। ਬਦਲਾ ਲੈਣ ਲਈ ਉਸ ਨੇ ਨਿਹੋਰਾ ਮਾਰਿਆ ਸੀ "ਅਸੀਂ ਭਈਆਂ ਨਾਲੋਂ ਤਾਂ ਮਾੜੇ ਨਹੀਂ" ਇਕ ਵਾਰ ਨੇਹਾ ਦਾ ਹੱਥ ਜੁੱਤੀ ਵੱਲ ਵਧਿਆ ਸੀ। ਦਿਲ ਕੀਤਾ ਸੀ ਬੋਦੇ ਫੜ ਕੇ ਤਾੜ-ਤਾੜ ਮੂੰਹ ਰੰਗ ਦੇਵੇ ਆਪਣੇ ਲੰਬੇ ਨਹੁੰਆਂ ਨਾਲ ਉਸ ਦੀਆਂ ਅੱਖਾਂ ਨੋਚ ਲਏ। ਪਰ ਉਸ ਦਾ ਖੌਲਿਆ ਖ਼ੂਨ ਅੱਖਾਂ ਵਿਚ ਰੁਕਣ ਦੀ ਥਾਂ ਦਿਮਾਗ਼ ਨੂੰ ਜਾ ਚੜ੍ਹਿਆ। ਉਹ ਪਾਗਲਾਂ ਵਾਂਗ ਸਹਿਮ ਕੇ ਪਿੱਛੇ ਹਟ ਗਈ ਸੀ। ਹੁਣ ਕਮਲ ਉਸ ਦੀ ਪਿੱਠ 'ਤੇ ਨਹੀਂ ਸੀ। ਭਿੱਜੀ ਬਿੱਲੀ ਵਾਂਗ ਨੇਹਾ ਘਰ ਆ ਦੁਬਕੀ ਸੀ। ਉਸ ਦਿਨ ਤੋਂ ਬਾਅਦ ਨੇਹਾ ਨੇ ਆਪਣੇ ਆਲੇ-ਦੁਆਲੇ ਲਛਮਣ ਰੇਖਾ ਖਿੱਚ ਲਈ ਕੋਠੀਓਂ ਬਾਹਰ ਨਿਕਲਣ ਦਾ ਉਸ ਦਾ ਕੰਮ ਨਹੀਂ ਸੀ'।[39]

**ਸਤਿਯੁਗੀ ਔਰਤ**- ਔਰਤ ਤਾਂ ਹਰ ਇਕ ਯੁੱਗ ਵਿਚ ਮੌਜੂਦ ਸੀ ਤੇ ਹੁਣ ਵੀ ਹੈ ਪਰ ਔਰਤ ਨਾਲ ਹਰ ਇਕ ਯੁੱਗ ਵਿਚਲੀ ਉਸ ਦੀ ਸਥਿਤੀ ਨਾਲ ਸੰਬੰਧਿਤ ਕੁਝ ਵਿਸ਼ੇਸ਼ ਸੰਦਰਭ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਇਕ ਹੈ ਸਤਿਯੁਗੀ ਔਰਤ। ਇਸ ਸ਼ਬਦ

ਨੂੰ ਮਿਥਿਕ ਪ੍ਰਤੀਕ ਵੀ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਸੰਬੰਧ ਸਤਿ ਯੁੱਗ ਦੇ ਸਮੇਂ ਨਾਲ ਹੈ। ਸਾਡੇ ਧਾਰਮਿਕ ਗ੍ਰੰਥਾਂ ਵਿਚ ਵੀ ਸਤਿ ਯੁੱਗ ਵਿਚਲੀ ਔਰਤ ਨੂੰ ਪਵਿੱਤਰਤਾ ਦੀ ਮੂਰਤ ਮੰਨਿਆ ਗਿਆ ਹੈ। ਇਸ ਯੁੱਗ ਵਿਚ ਔਰਤ ਨੂੰ ਇਕ ਸਰੇਸ਼ਟ ਅਤੇ ਮਹੱਤਵਪੂਰਨ ਦਰਜਾ ਦਿੱਤਾ ਜਾਂਦਾ ਸੀ। ਉਸ ਸਮੇਂ ਦੀ ਔਰਤ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਭ ਦਾ ਭਲਾ ਚਾਹੁਣ ਵਾਲੀ, ਤਿਆਗ ਦੀ ਮੂਰਤ ਅਤੇ ਪਤੀਵਰਤਾ ਔਰਤ ਸੀ। ਉਹ ਆਪਣੇ ਘਰ-ਪਰਿਵਾਰ ਦੀ ਖ਼ੁਸ਼ੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਨੂੰ ਤਿਆਰ ਰਹਿੰਦੀ ਸੀ। ਇਸੇ ਸੰਦਰਭ ਨੂੰ ਸਪਸ਼ਟ ਕਰਨ ਲਈ ਨਾਵਲਕਾਰ ਨੇ ਇਸ ਪ੍ਰਤੀਕ ਨੂੰ ਇਸ ਨਾਵਲ ਵਿਚ ਦਰਜ ਕੀਤਾ ਹੈ ਕਿ ਹੋਰ ਕਿਸੇ ਵੀ ਯੁੱਗ ਦੀ ਔਰਤ ਸਤਿ ਯੁੱਗ ਦੇ ਸਮੇਂ ਦੀ ਔਰਤ ਜਿੰਨੀ ਮਹਾਨ ਨਹੀਂ ਹੋ ਸਕਦੀ। ਜਿਸ ਦਾ ਵਰਣਨ ਇਸ ਪ੍ਰਕਾਰ ਹੈ-

'ਸੰਗੀਤਾ ਵਿੱਤੋਂ ਵੱਧ ਆਪਣਾ ਫ਼ਰਜ਼ ਨਿਭਾਅ ਚੁੱਕੀ ਸੀ। ਆਪਣੀ ਸਿਹਤ, ਆਪਣੇ ਪਤੀ ਦਾ ਮਾਨਸਿਕ ਸੰਤੁਲਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਦਾਅ 'ਤੇ ਲਾ ਕੇ ਰਿਸ਼ਤੇਦਾਰਾਂ ਨੂੰ ਬਚਾਉਣ ਵਾਲੀ ਉਹ ਕੋਈ ਸਤਜੁਗੀ ਔਰਤ ਨਹੀਂ ਸੀ'।[40]

**ਕੌਰਵ ਸਭਾ**- ਇਹ ਮਿਥਿਕ ਪ੍ਰਤੀਕ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਵਿਚਕਾਰ ਹੋਈ ਸਭਾ ਦਾ ਪ੍ਰਤੀਕ ਹੈ ਕਿਉਂਕਿ ਇਸ ਸਭਾ ਵਿਚ ਕੌਰਵਾਂ ਨੇ ਪਾਂਡਵਾਂ ਨਾਲ ਫ਼ਰੇਬ ਕਰਕੇ ਜੂਏ ਵਿਚ ਉਨ੍ਹਾਂ ਦਾ ਸਭ ਕੁਝ ਜਿੱਤ ਲਿਆ ਸੀ। ਇੱਥੋਂ ਤਕ ਕਿ ਪਾਂਡਵਾਂ ਦੀ ਪਤਨੀ ਦਰੋਪਦੀ ਦੀ ਇੱਜ਼ਤ ਨਾਲ ਵੀ ਖਿਲਵਾੜ ਕੀਤਾ ਗਿਆ ਸੀ। ਸੋ ਕੌਰਵਾਂ ਦੁਆਰਾ ਪਾਂਡਵਾਂ ਨਾਲ ਕੀਤੇ ਅਨਿਆਂ ਵਾਲੀ ਸਭਾ ਨੂੰ ਹੀ ਕੌਰਵ ਸਭਾ ਦਾ ਨਾਮ ਦਿੱਤਾ ਗਿਆ ਹੈ। ਇਸ ਨਾਵਲ ਜਿਸ ਦਾ ਸਿਰਲੇਖ ਹੀ 'ਕੌਰਵ ਸਭਾ' ਹੈ ਵਿਚ ਇਸ ਸ਼ਬਦ ਦਾ ਪ੍ਰਯੋਗ ਅਜੋਕੇ ਸਮਾਜਿਕ, ਆਰਥਿਕ, ਕਾਨੂੰਨੀ ਅਤੇ ਨਿਆਇਕ ਸਿਸਟਮ ਵਿਚ ਫੈਲੀ ਭ੍ਰਿਸ਼ਟਾਚਾਰੀ ਨੂੰ ਉਜਾਗਰ ਕਰਨ ਲਈ ਹੀ ਕੀਤਾ ਗਿਆ ਹੈ। ਜਿਵੇਂ ਕਿ ਲੇਖਕ ਨੇ ਇਸ ਨਾਵਲ ਵਿਚ ਅਜੋਕੀਆਂ ਅਦਾਲਤਾਂ ਨੂੰ ਹੀ ਕੌਰਵ ਸਭਾ ਦਾ ਪ੍ਰਤੀਕ ਬਣਾਇਆ ਹੈ, ਜਿਸ ਦਾ ਵਰਣਨ ਇਸ ਤਰ੍ਹਾਂ ਹੈ-

'ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਨ ਤੋਂ ਡਰਨ ਲੱਗੀ'।[41]

**ਚੀਰ ਹਰਨ**- ਇਹ ਸ਼ਬਦ ਕਿਸੇ ਔਰਤ ਨੂੰ ਬੇਇੱਜ਼ਤ ਕਰਨਾ, ਧੱਕੇ ਜਾਂ ਜ਼ੋਰ ਨਾਲ ਉਸ ਦੀ ਇੱਜ਼ਤ ਲੁੱਟਣ ਦਾ ਪ੍ਰਤੀਕ ਹੈ। ਇਸ ਮਿਥਿਕ ਪ੍ਰਤੀਕ ਦਾ ਸੰਬੰਧ ਮਹਾਂਭਾਰਤ ਵਿਚਲੀ ਮੁੱਖ ਪਾਤਰ ਦਰੋਪਦੀ ਨਾਲ ਵਾਪਰੀ ਘਟਨਾ ਨਾਲ ਜਾ ਜੁੜਦਾ ਹੈ। ਮਹਾਂਭਾਰਤ ਵਿਚ ਜਦੋਂ ਪਾਂਡਵ ਜੂਏ ਵਿਚ ਦਰੋਪਦੀ ਨੂੰ ਵੀ ਹਾਰ ਜਾਂਦੇ ਹਨ ਤਾਂ ਕੌਰਵ ਉਸ ਦੀ ਇੱਜ਼ਤ ਨਾਲ ਖੇਡਣਾ ਸ਼ੁਰੂ ਕਰ ਦਿੰਦੇ ਹਨ ਅਤੇ ਭਰੀ ਸਭਾ ਵਿਚ ਉਸ ਦਾ ਚੀਰ ਹਰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਮਾਇਆਵੀ ਕ੍ਰਿਸ਼ਨ ਦਰੋਪਦੀ ਨੂੰ ਬਚਾ ਲੈਂਦਾ ਹੈ। ਪਰ ਇਸ ਨਾਵਲ ਵਿਚ ਲੇਖਕ ਨੇ ਨਾਵਲ ਦੀ ਮੁੱਖ ਪਾਤਰ ਨੇਹਾ ਲਈ ਚੀਰ ਹਰਨ ਸ਼ਬਦ ਦਾ ਪ੍ਰਯੋਗ ਕੀਤਾ ਹੈ ਕਿਉਂਕਿ ਮਹਾਂਭਾਰਤ ਵਿਚ ਤਾਂ ਦਰੋਪਦੀ ਨੂੰ ਕ੍ਰਿਸ਼ਨ ਬਚਾ ਲੈਂਦਾ ਹੈ ਪਰ ਇੱਥੇ ਨੇਹਾ ਦੀ ਇੱਜ਼ਤ ਲੁੱਟੀ ਜਾਂਦੀ ਹੈ, ਜਿਸ ਦਾ ਵਰਣਨ ਇਸ ਪ੍ਰਕਾਰ ਹੈ-

'ਸਭ ਕੁਝ ਭੁਲਾ ਕੇ ਨੇਹਾ ਨੇ ਧਿਆਨ ਲਾਉਣ ਦਾ ਯਤਨ ਕੀਤਾ ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂ-ਦ੍ਰਿਸ਼ ਨੇਹਾ ਅੱਗੇ ਸੁਰਜੀਤ ਹੋਣ ਲੱਗਾ। ਇਕ ਰਾਕਸ਼ਸ਼ ਉਸ ਦਾ ਚੀਰ ਹਰਨ ਕਰ ਰਿਹਾ ਸੀ। ਦੂਜਾ ਕਮਲ ਨੂੰ ਕੋਹ-ਕੋਹ ਮਾਰ ਰਿਹਾ ਸੀ। ਤੀਜਾ ਉਸ ਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸ ਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ਼ ਚਿਹਾੜਾ ਸੀ'।[42]

## ਕੌਰਵ ਸਭਾ ਵਿਚ ਮਿਥਿਕ ਬਿੰਬ

ਬਿੰਬ ਕਾਵਿ ਸ਼ੈਲੀ ਦਾ ਇੱਕ ਪ੍ਰਮੁੱਖ ਸਾਧਨ ਅਤੇ ਕਾਵਿ ਦਾ ਬੁਨਿਆਦੀ ਤੱਤ ਹੈ। ਸਾਹਿਤ ਦੇ ਕਲਾ ਪੱਖ ਵਿਚ ਬਿੰਬ ਦਾ ਮਹੱਤਵਪੂਰਨ ਸਥਾਨ ਹੈ। ਬਿੰਬ ਇਕ ਅਜਿਹਾ ਸਾਧਨ ਹੈ, ਜਿਸ ਦੁਆਰਾ ਲੇਖਕ ਵਰਣਨ-ਗੋਚਰੇ ਵਿਸ਼ੇ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ ਤੇ ਮਾਣਨਯੋਗ ਬਣਾਉਂਦਾ ਹੈ। ਇਹ ਸਾਹਿਤ ਦਾ ਸੁਹਜ ਵੀ ਹੈ ਅਤੇ ਵਸਤੂ ਨੂੰ ਸਮਝਾਉਣ ਵਿਚ ਵੀ ਸਹਾਈ ਹੁੰਦਾ ਹੈ।

ਸੀ.ਡੀ ਲੀਵਿਸ ਅਨੁਸਾਰ, 'ਬਿੰਬ ਇਕ ਇੰਦ੍ਰਿਆਈ ਚਿੱਤਰ ਹੈ, ਜਿਸ ਵਿਚ ਰੂਪਕੀ ਗੁਣ ਹੁੰਦੇ ਹਨ'।[43]

ਡਾ. ਨਗੇਂਦਰ ਅਨੁਸਾਰ, 'ਕਾਵਿ ਵਿਚ ਬਿੰਬ ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਨਿਰਮਿਤ ਇਕ ਅਜਿਹੀ ਮਾਨਸ ਛਵੀ ਹੈ ਜਿਸ ਦੇ ਮੂਲ ਵਿਚ ਭਾਵ ਦੀ ਪ੍ਰੇਰਨਾ ਹੁੰਦੀ ਹੈ'।[44]

ਬਿੰਬ (image) ਸ਼ਬਦ ਦੀ ਆਮ ਵਰਤੋਂ ਭਾਵੇਂ ਛਾਇਆ, ਪ੍ਰਤਿਛਾਇਆ, ਅਕਸ, ਨਕਲ, ਸਮਾਨਤਾ, ਆਦਿ ਲਈ ਕੀਤੀ ਜਾਂਦੀ ਹੈ। ਪਰ ਮਨੋਵਿਗਿਆਨ, ਦਰਸ਼ਨ, ਸਾਹਿਤ ਆਦਿ ਖੇਤਰਾਂ ਵਿਚ ਇਸ ਦੀ ਬੜੀ ਵਿਸ਼ੇਸ਼ ਵਰਤੋਂ ਹੁੰਦੀ ਹੈ।

ਮਨੋਵਿਗਿਆਨ ਵਿਚ ਬਿੰਬ ਤੋਂ ਭਾਵ ਮਾਨਸਿਕ ਪੁਨਰ-ਨਿਰਮਾਣ ਦਾ ਅਰਥ ਲਿਆ ਜਾਂਦਾ ਹੈ, ਜਿਸ ਦਾ ਭਾਵ ਹੈ, ਵਸਤੂ ਦੀ ਅਣਹੋਂਦ ਵਿਚ ਉਸ ਦਾ ਮਾਨਸਿਕ ਪ੍ਰਤੱਖੀਕਰਨ ਪਰ ਮਨੋਵਿਗਿਆਨਿਕ ਬਿੰਬ ਜਿੱਥੇ ਵਸਤੂ ਦੀ ਕੇਵਲ ਪਰਛਾਈਂ ਹੁੰਦਾ ਹੈ, ਉੱਥੇ ਸਾਹਿੱਤਿਕ ਬਿੰਬ ਪ੍ਰਾਣਵੰਤ ਹੁੰਦਾ ਹੈ, ਜੋ ਮੂਲ ਵਸਤੂ ਦੀ ਕੇਵਲ ਨਿਰਜੀਵ ਛਾਇਆ ਨਾ ਹੋ ਕੇ ਸਜੀਵ ਰੂਪ ਧਾਰ ਲੈਂਦਾ ਹੈ। ਕਿਸੇ ਮੂਲ ਵਸਤੂ ਦੇ ਤੁੱਲ ਹੋਣ ਤੇ ਵੀ ਉਸ ਦੀ ਆਪਣੀ ਵੱਖਰੀ ਹੋਂਦ ਹੁੰਦੀ ਹੈ।

ਅਧਿਆਤਮਕ ਸਾਹਿਤ ਵਿਚ ਵੀ ਬਿੰਬ ਸੰਬੰਧੀ ਕਾਫ਼ੀ ਵਿਚਾਰ ਹੋਇਆ ਹੈ। ਅਸਲ ਵਿਚ ਗੂੜ੍ਹ ਤੇ ਗੰਭੀਰ ਅਧਿਆਤਮਕ ਵਿਚਾਰਾਂ ਦੀ ਜਿਤਨੀ ਸਪਸ਼ਟ ਅਭਿਵਿਅਕਤੀ ਬਿੰਬ ਕਰ ਸਕਦੇ ਹਨ, ਉਹਨਾ ਕੋਈ ਹੋਰ ਮਾਧਿਅਮ ਨਹੀਂ ਕਰ ਸਕਦਾ। ਅਧਿਆਤਮਕ ਵਿਚਾਰਾ ਤੇ ਰਹੱਸਮਈ ਛੋਹਾਂ ਨੂੰ ਪ੍ਰਗਟ ਕਰਨਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਨੂੰ ਸਹਿਜ ਰੂਪ ਵਿਚ ਗ੍ਰਹਿਣ-ਯੋਗ ਬਣਾਉਣ ਲਈ ਬਿੰਬ ਦਾ ਆਸਰਾ ਲੈਣਾ ਪੈਂਦਾ ਹੈ।

'ਆਚਾਰਯ ਰਾਮ ਚੰਦ੍ਰ ਸ਼ੁਕਲ ਨੇ ਬਿੰਬ ਵਿਧਾਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਸੀ'।[45] ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

1 **ਪ੍ਰਤੱਖ ਬਿੰਬ**- ਇਸ ਦੇ ਅੰਤਰਗਤ ਸਾਡੇ ਸੰਪਰਕ ਵਿਚ ਸਮੁੱਚਾ ਸੰਸਾਰ ਆ ਜਾਂਦਾ ਹੈ। ਲੇਖਕ ਪ੍ਰਤੱਖ ਜੀਵਨ ਤੋਂ ਹੀ ਅਨੁਭਵ ਹਾਸਲ ਕਰਦਾ ਹੈ, ਜਿੱਥੋਂ ਕਿ ਕਾਵਿ-ਰਚਨਾ ਦਾ ਆਰੰਭ ਹੁੰਦਾ ਹੈ। ਬਿੰਬ ਦਾ ਸਮੁੱਚਾ ਚੋਣ-ਖੇਤਰ ਪ੍ਰਤੱਖ ਦਾ ਹੀ ਖੇਤਰ ਹੈ। ਕਵੀ ਆਪਣੇ ਬਿੰਬਾਂ ਦੀ ਚੋਣ ਪ੍ਰਤੱਖ ਜੀਵਨ ਵਿਚੋਂ ਹੀ ਕਰਦਾ ਹੈ। ਏਸੇ ਲਈ ਬਿੰਬ ਦਾ ਸਾਰਾ ਖੇਤਰ ਪ੍ਰਤੱਖ ਜੀਵਨ ਨਾਲ ਓਤ-ਪੋਤ ਰਹਿੰਦਾ ਹੈ। ਬਿੰਬ-ਰਚਨਾ ਵਿਚ ਪ੍ਰਤੱਖ ਰੂਪਾਂ ਦਾ ਵੱਡਾ ਹੱਥ ਹੈ। ਇਹ ਬਿੰਬ ਨਿਰਮਾਣ-ਕਿਰਿਆ ਦੇ ਮੂਲ ਆਧਾਰ ਹਨ।

2 **ਸਿਮ੍ਰਿਤੀ ਬਿੰਬ**- ਪ੍ਰਤੱਖ ਦੇ ਆਧਾਰ ਤੇ ਕਵੀ ਦੀ ਜੋ ਸਿਮ੍ਰਿਤੀ ਬਣਦੀ ਹੈ, ਉਹ ਕਾਵਿ-ਰਚਨਾ ਲਈ ਉਸੇ ਨੂੰ ਆਪਣਾ ਆਧਾਰ ਬਣਾਉਂਦਾ ਹੈ। ਉਸ ਦੀਆਂ ਯਾਦਾਂ, ਸੰਸਕਾਰ, ਪ੍ਰਭਾਵ, ਸਮੁੱਚਾ ਵਿਅਕਤਿਤਵ, ਬਿੰਬ ਨਿਰਮਾਣ ਵਿਚ ਸਹਾਈ ਹੁੰਦਾ ਹੈ।

ਜਦੋਂ ਕਵੀ ਲਿਖਣਾ ਬੰਦ ਕਰ ਦਿੰਦਾ ਹੈ ਤਾਂ ਉਸ ਦਾ ਇਕ ਕਾਰਨ ਇਹ ਮੰਨਿਆ ਗਿਆ ਹੈ ਕਿ ਉਸ ਦੀ ਸਿਮ੍ਰਿਤੀ ਵਿਚੋਂ ਬਿੰਬਾਂ ਦੀ ਹੋਂਦ ਖ਼ਤਮ ਹੋ ਗਈ ਹੈ ਅਤੇ ਉਸ ਦੀ ਕਲਪਨਾ ਸਿਥਲ ਹੋ ਗਈ ਹੈ। ਇਸ ਤਰ੍ਹਾਂ ਸਿਮ੍ਰਿਤੀ ਦਾ ਮਹੱਤਵ ਭਾਵੇਂ ਸਮੁੱਚੇ ਕਾਵਿ ਵਿਚ ਹੈ ਪਰ ਬਿੰਬ ਵਿਚ ਇਸ ਦਾ ਖ਼ਾਸ ਯੋਗਦਾਨ ਮੰਨਿਆ ਗਿਆ ਹੈ।

3 **ਕਲਪਿਤ ਬਿੰਬ**- ਕਾਵਿ-ਬਿੰਬ ਦੀ ਸਿਰਜਨਾ ਕਲਪਨਾ ਸ਼ਕਤੀ ਉੱਪਰ ਆਧਾਰਿਤ ਹੈ। ਹਰੇਕ ਕਾਵਿ ਗਤ ਬਿੰਬ ਲਈ ਪ੍ਰਤੱਖ ਅਤੇ ਸਿਮ੍ਰਿਤੀ ਦਾ ਆਸਰਾ ਲੈਣਾ ਜ਼ਰੂਰੀ ਹੈ ਕਿਉਂਕਿ ਨਿਰੋਲ ਕਲਪਨਾ ਦੇ ਆਧਾਰ ਤੇ ਬਿੰਬ ਨੂੰ ਸਫ਼ਲਤਾ ਨਹੀਂ ਮਿਲ ਸਕਦੀ। ਕਲਪਨਾ ਸ਼ਕਤੀ ਬਿੰਬਾਂ ਦੀ ਚੋਣ, ਤਰਤੀਬ, ਸੰਕਲਨ ਅਤੇ ਸੰਗਠਨ ਵਿਚ ਸਹਾਇਕ ਹੁੰਦੀ ਹੈ।

ਸੋ ਇਸ ਤਰ੍ਹਾਂ ਅਸੀ ਇਹ ਕਹਿ ਸਕਦੇ ਹਾਂ ਕਿ ਸਾਹਿਤ ਦੇ ਅੰਤਰਗਤ ਬਿੰਬ ਦਾ ਬੜਾ ਵਿਆਪਕ ਮਹੱਤਵ ਹੈ। ਭਾਵਾਂ ਤੇ ਵਿਚਾਰਾਂ ਦਾ ਜਿੰਨਾ ਸਫਲ ਤੇ ਸਹਿਜ ਪ੍ਰਗਟਾ ਬਿੰਬਾਂ ਦੁਆਰਾ ਹੋ ਸਕਦਾ ਹੈ, ਉਹਨਾ ਕਿਸੇ ਹੋਰ ਸਾਹਿੱਤਿਕ ਵਿਧੀ ਨਾਲ ਨਹੀਂ।

ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਨਾਵਲ ਵਿਚ ਵੀ ਬਿੰਬਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦਾ ਸੰਬੰਧ ਇਤਿਹਾਸਿਕ/ਅਧਿਆਤਮਕ/ਮਿਥਿਹਾਸ ਬਿੰਬਾਂ ਨਾਲ ਹੈ।

'ਕੌਰਵ ਸਭਾ' ਵਿਚ ਵਰਤੇ ਗਏ ਬਿੰਬਾਂ ਦਾ ਵਰਣਨ ਇਸ ਪ੍ਰਕਾਰ ਹੈ-

**ਸ਼ਤਰੰਜ ਦੇ ਖਿਲਾੜੀ**- ਇਸ ਬਿੰਬ ਦਾ ਸੰਬੰਧ ਸਾਡੇ ਮਿਥਿਹਾਸ ਅਤੇ ਇਤਿਹਾਸ ਨਾਲ ਜੁੜੀਆਂ ਕੁਝ ਘਟਨਾਵਾਂ ਨਾਲ ਜੋੜਿਆਂ ਜਾ ਸਕਦਾ ਹੈ ਜਿਵੇਂ ਕਿ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਵਿਚਕਾਰ ਜੋ ਸਭਾ ਹੋਈ ਸੀ। ਉਸ ਸਭਾ ਵਿਚ ਕੌਰਵਾਂ ਨੇ ਪਾਂਡਵਾਂ ਨੂੰ ਜੂਏ ਦੀ ਖੇਡ ਲਈ ਲਲਕਾਰਿਆਂ ਸੀ। ਜਿਸ ਵਿਚ ਪਾਂਡਵ ਆਪਣਾ ਸਭ ਕੁਝ ਹਾਰ ਜਾਂਦੇ ਹਨ। ਕਿਉਂਕਿ ਕੌਰਵਾਂ ਦੇ ਮਾਮੇ ਸ਼ਕੁਨੀ ਨੇ ਬਹੁਤ ਹੀ ਚੁਸਤ-ਚਲਾਕੀ ਭਰੀਆਂ ਚਾਲਾਂ ਚੱਲੀਆਂ ਸਨ। ਉਸੇ ਤਰ੍ਹਾਂ ਲੇਖਕ ਨੇ ਇਸ ਨਾਵਲ ਵਿਚ ਵੀ ਦੋ ਵਿਰੋਧੀ ਧਿਰਾਂ ਦੁਆਰਾਂ ਆਪਣੇ-ਆਪਣੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਚੱਲੀਆਂ ਚਾਲਾ ਦਾ ਵਰਣਨ

ਕੀਤਾ ਹੈ। ਇਸ ਨਾਵਲ ਵਿਚ ਪੰਕਜ ਹੋਰਾਂ ਦੁਆਰਾ ਵਰਤੀਆਂ ਚਾਲਾਂ ਨੂੰ ਵਿਉਪਾਰਕ ਚਾਲਾਂ ਦੱਸਿਆ ਗਿਆ ਹੈ ਅਤੇ ਬਘੇਲ ਸਿੰਘ ਦੁਆਰਾ ਚੱਲੀਆਂ ਚਾਲਾਂ ਨੂੰ ਸਿਆਸੀ ਹੱਥ-ਕੰਡੇ ਸ਼ਬਦ ਨਾਲ ਵਰਣਨ ਕੀਤਾ ਹੈ। ਇਨ੍ਹਾਂ ਦੋਨਾਂ ਧਿਰਾਂ ਦੁਆਰਾ ਆਪਣੇ-ਆਪਣੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਚੱਲੀਆਂ ਚਾਲਾਂ ਨੂੰ ਹੀ ਸ਼ਤਰੰਜ ਦੇ ਖਿਲਾੜੀਆਂ ਵਾਂਗ ਵਰਤੀਆਂ ਜਾਂਦੀਆਂ ਚਾਲਾਂ ਦੇ ਬਿੰਬ ਰੂਪ ਵਿਚ ਵਰਣਨ ਕੀਤਾ ਹੈ-

'ਸ਼ਤਰੰਜ ਦੇ ਖਿਲਾੜੀਆਂ ਵਾਂਗ ਦੋਹਾਂ ਧਿਰਾਂ ਨੇ ਆਪਣੀਆਂ-ਆਪਣੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਇਕ ਪਾਸੇ ਵਿਉਪਾਰਕ ਚਾਲਾਂ ਸਨ, ਦੂਜੇ ਪਾਸੇ ਸਿਆਸੀ ਹੱਥ-ਕੰਡੇ'।[46]

**ਦੈਂਤ/ਰਾਕਸ਼ਸ਼ ਵਰਗੇ ਭਈਏ**- ਇਸ ਬਿੰਬ ਦਾ ਸੰਬੰਧ ਵੀ ਮਿਥਿਹਾਸ ਨਾਲ ਜੁੜਿਆ ਹੋਇਆ ਹੈ। ਜਿਵੇਂ ਕਿ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਵਿਚਕਾਰ ਹੋਈ ਸਭਾ ਦੌਰਾਨ ਖੇਡੀ ਗਈ ਜੂਏ ਦੀ ਖੇਡ ਵਿਚ ਪਾਂਡਵ ਆਪਣਾ ਸਭ ਕੁਝ ਹਾਰ ਜਾਂਦੇ ਹਨ ਇੱਥੋਂ ਤਕ ਕਿ ਉਹ ਆਪਣੀ ਪਤਨੀ ਦਰੋਪਦੀ ਨੂੰ ਵੀ ਹਾਰ ਜਾਂਦੇ ਹਨ। ਜਿਸ ਕਾਰਨ ਕੌਰਵਾਂ ਨੇ ਮਿਲ ਕੇ ਭਰੀ ਸਭਾ ਵਿਚ ਉਸ ਦਾ ਚੀਰ ਹਰਨ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਮਾਇਆਵੀ ਕ੍ਰਿਸ਼ਨ ਨੇ ਦਰੋਪਦੀ ਦੀ ਇੱਜ਼ਤ ਨੂੰ ਬਚਾ ਲਿਆ ਸੀ ਪਰ ਇਸ ਨਾਵਲ ਵਿਚ ਨੇਹਾ ਦੀ ਇੱਜ਼ਤ ਦਾ ਚੀਰ ਹਰਨ ਹੋ ਜਾਂਦਾ ਹੈ। ਨੇਹਾ ਦੀ ਇੱਜ਼ਤ ਦਾ ਚੀਰ ਹਰਨ ਕਰਨ ਵਾਲੇ ਭਈਏ ਕਦੇ ਉਸ ਨੂੰ ਦੈਂਤ ਲਗਦੇ ਅਤੇ ਕਦੇ ਉਸ ਦੇ ਤਾਏ ਦੇ ਪੁੱਤਰ ਪੰਕਜ ਅਤੇ ਨੀਰਜ ਦਾ ਭੁਲੇਖਾ ਪਾਉਂਦੇ। ਨਾਵਲ ਵਿਚ ਵਰਣਨ ਹੈ-

'ਕਿਸੇ ਨਾ ਕਿਸੇ ਤਰ੍ਹਾਂ ਨੇਹਾ ਦਿਨ ਕੱਟ ਲੈਂਦੀ ਸੀ। ਰਾਤ ਪੈਂਦੇ ਹੀ ਉਸ ਨੂੰ ਡਰ ਲੱਗਣ ਲਗਦਾ ਸੀ। ਕੋਠੀ ਦੀ ਹਰ ਨੁੱਕਰ ਵਿਚ ਉਸ ਨੂੰ ਕਾਲੇ-ਕਲੂਟੇ, ਦੈਂਤਾਂ ਵਰਗੇ ਭਈਏ ਚੀਰ ਹਰਨ ਕਰਨ ਦੀ ਤਿਆਰੀ ਕਰਦੇ ਨਜ਼ਰ ਆਉਂਦੇ ਸਨ। ਕਦੇ ਉਹ ਪਰਛਾਵੇਂ ਭਈਏ ਬਣ ਜਾਂਦੇ ਅਤੇ ਕਦੇ ਪੰਕਜ ਤੇ ਨੀਰਜ'।[47]

**ਭੀਸ਼ਮ ਪਿਤਾਮਾ ਵਾਂਗ**- ਭੀਸ਼ਮ ਪਿਤਾਮਾ, ਰਾਜਾ ਸ਼ਾਤਨੂੰ ਦਾ ਪੁੱਤਰ ਸੀ। ਜੋ ਬਹੁਤ ਬਹਾਦਰ ਸੀ। ਕੁਰੂਕਸ਼ੇਤਰ ਦੇ ਯੁੱਧ ਦੌਰਾਨ ਕੌਰਵ ਸੈਨਾ ਦੀ ਅਗਵਾਈ ਇਸ ਨੇ ਹੀ ਕੀਤੀ ਸੀ। ਪਰ ਇਸ ਲੜਾਈ ਦੌਰਾਨ ਉਹ ਬਹੁਤ ਘਾਇਲ ਹੋ ਗਿਆ ਸੀ ਅਤੇ ਕੁਝ ਕਰਨ-ਫਿਰਨ ਦੇ ਅਸਮਰਥ ਹੋ ਗਿਆ ਸੀ। ਇਸ ਨਾਵਲ ਵਿਚ ਲੇਖਕ ਨੇ ਭੀਸ਼ਮ ਪਿਤਾਮਾ ਵਾਂਗ ਬਿੰਬ ਦਾ ਪ੍ਰਯੋਗ ਵੇਦ ਦੀ ਸਰੀਰਕ ਅਸਮਰਥਾ ਨੂੰ ਦਰਸਾਉਣ ਲਈ ਵਰਤਿਆ ਹੈ, ਜਿਵੇਂ ਕਿ-

'ਉਸ ਵਿਚਾਰੀ ਨੂੰ ਕੀ ਪਤਾ ਸੀ ਕਿ ਉਸ ਦਾ ਪਤੀ ਹੁਣ ਸਾਰਾ-ਸਾਰਾ ਦਿਨ ਘਰੋਂ ਬਾਹਰ ਰਹਿਣ ਦੀ ਸ਼ਿਕਾਇਤ ਨਹੀਂ ਸੀ ਹੋਣ ਦਿੰਦਾ। ਉਹ ਹੁਣ ਸਾਰਾ ਦਿਨ ਘਰ ਰਹਿੰਦਾ ਸੀ। ਨਾ ਹੁਣ ਉਹ ਦੋਸਤਾਂ ਵਿਚ ਬੈਠ ਕੇ ਸ਼ਰਾਬ ਪੀਂਦਾ ਸੀ, ਨਾ ਘਰ ਮੀਟ-ਮੱਛੀ ਲਿਆਉਂਦਾ ਸੀ। ਉਹ ਹੁਣ ਸਾਰਾ ਦਿਨ ਮੰਜੇ ਨਾਲ ਮੰਜਾ ਡਾਹੀ, ਭੀਸ਼ਮ-ਪਿਤਾਮਾ ਵਾਂਗ ਪਲੱਸਤਰ ਨਾਲ ਬੰਨ੍ਹਿਆ ਉਸ ਦੇ ਚਿਹਰੇ ਵੱਲ ਤੱਕਦਾ ਰਹਿੰਦਾ ਸੀ'।[48]

**ਹਨੂਮਾਨ ਦੀ ਪੂਛ**- ਇਸ ਬਿੰਬ ਦਾ ਸੰਬੰਧ ਹਿੰਦੂਆਂ ਦੇ ਧਾਰਮਿਕ ਗ੍ਰੰਥ ਰਮਾਇਣ ਨਾਲ ਜਾ ਜੁੜਦਾ ਹੈ। ਇਹ ਮੰਨਿਆਂ ਜਾਂਦਾ ਹੈ ਕਿ ਜਦੋਂ ਹਨੂਮਾਨ ਲੰਕਾ ਦੇ ਰਾਜਾ ਰਾਵਣ ਦੇ ਦਰਬਾਰ ਵਿਚ ਇੱਕ ਦੂਤ ਦੀ ਅਹਿਮੀਅਤ ਨਾਲ ਸ਼੍ਰੀ ਰਾਮ ਦਾ ਸੰਦੇਸ਼ ਲੈ ਕੇ ਗਏ ਸਨ ਤਾਂ ਰਾਵਣ ਨੇ ਹਨੂਮਾਨ ਨਾਲ ਦੁਰਵਿਵਹਾਰ ਦੇ ਰੂਪ ਵਿਚ ਉਸ ਦੀ ਪੂਛ ਨੂੰ ਅੱਗ ਲਗਵਾ ਦਿੱਤੀ ਸੀ ਪਰ ਮੰਨਿਆ ਜਾਂਦਾ ਹੈ ਕਿ ਹਨੂਮਾਨ ਨੇ ਆਪਣੀ ਪੂਛ ਇੰਨੀ ਲੰਬੀ ਕੀਤੀ ਕੀ ਸਾਰੀ ਲੰਕਾ ਨੂੰ ਅੱਗ ਲਗਾ ਦਿੱਤੀ ਸੀ। ਇਸ ਨਾਵਲ ਵਿਚ ਲੇਖਕ ਨੇ ਹਨੂਮਾਨ ਦੀ ਪੂਛ ਨੂੰ ਇਕ ਬਿੰਬ ਦੇ ਰੂਪ ਵਿਚ ਵਰਤ ਕੇ ਮੁੱਖ ਪਾਤਰਾਂ ਦੀਆਂ ਵੱਧ ਰਹੀਆਂ ਮੁਸ਼ਕਲਾਂ ਦਾ ਵਰਣਨ ਕੀਤਾ ਹੈ, ਜਿਵੇਂ ਕਿ-

'ਇਕ ਦਿਨ ਹੋਰ, ਇਕ ਦਿਨ ਹੋਰ ਕਰਕੇ ਦੋ ਮਹੀਨੇ ਲੰਘ ਗਏ ਸਨ। ਬਿਮਾਰੀ ਅਤੇ ਮੁਕੱਦਮਾ ਹਨੂਮਾਨ ਦੀ ਪੂਛ ਵਾਂਗ ਲੰਬੇ ਹੁੰਦੇ ਜਾ ਰਹੇ ਸਨ। ਹਾਲਾਤ ਦੇ ਜਲਦੀ ਸੁਧਰਨ ਦੇ ਕੋਈ ਆਸਾਰ ਨਹੀਂ ਸਨ'[49]

**ਰਾਣੀ ਝਾਂਸੀ**- ਇਸ ਬਿੰਬ ਦਾ ਸੰਬੰਧ ਸਾਡੇ ਇਤਿਹਾਸ ਦੀ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਰਾਣੀ ਝਾਂਸੀ ਦਾ ਜ਼ਿਕਰ ਆਉਂਦਾ ਹੈ ਤਾਂ ਸਾਨੂੰ ਉਸ ਦੁਆਰਾ ਅੰਗਰੇਜ਼ਾਂ ਨਾਲ ਮਰਦਾਂ ਵਾਂਗ ਅਤੇ ਬਹਾਦਰੀ ਨਾਲ ਲੜੀ ਔਰਤ ਸਾਹਮਣੇ ਆਉਂਦੀ ਹੈ। ਜੋ ਕਿ ਆਪਣੇ ਹੱਕਾਂ ਪ੍ਰਤੀ ਲੜਨ ਦੀ ਅਜੋਕੀਆਂ ਔਰਤਾਂ ਲਈ ਇਕ ਬੇਜੋੜ ਮਿਸਾਲ ਹੈ। ਲੇਖਕ ਨੇ ਇਸ ਨਾਵਲ ਵਿਚ ਨੇਹਾ ਨੂੰ ਵੀ ਅਦਾਲਤ ਵਿਚ ਇਕ ਬੇਸਹਾਰਾ ਤੇ ਡਰੀ ਹੋਈ ਔਰਤ ਦੀ ਥਾਂ ਤੇ ਰਾਣੀ ਝਾਂਸੀ ਵਾਂਗ ਇਕ ਬਹਾਦਰ ਔਰਤ ਬਣ ਕੇ ਆਪਣੇ ਪਰਿਵਾਰ ਦੇ ਦੋਸ਼ੀਆਂ ਨਾਲ ਲੜਨ ਦੀ ਪ੍ਰੇਰਨਾ ਦਿੱਤੀ ਹੈ, ਜਿਸ ਦਾ ਜ਼ਿਕਰ ਹੈ-

'ਨੇਹਾ ਨੇ ਗਵਾਹੀ ਦੇ ਨਾਲ-ਨਾਲ ਪੰਡਿਤ ਜੀ ਦੇ ਉਪਦੇਸ਼ ਨੂੰ ਰਟਾ ਲਾ ਰੱਖਿਆ ਸੀ। ਮੌਕਾ ਮਿਲਦੇ ਹੀ ਉਸ ਨੇ ਆਪਣੇ ਵੀਰ ਦੇ ਕਾਤਲਾਂ ਉੱਪਰ ਰਾਣੀ ਝਾਂਸੀ ਬਣਕੇ ਝਪਟਣਾ ਸੀ'।[50]

## ਕੌਰਵ ਸਭਾ ਵਿਚ ਮਿੱਥ ਰੂਪਾਂਤਰਨ

ਪੰਜਾਬੀ ਸਾਹਿਤਕ ਖੇਤਰ ਵਿਚ ਨਾਵਲ ਹੀ ਇਕ ਅਜਿਹਾ ਸਾਹਿਤਕ ਰੂਪ ਹੈ ਜੋ ਸਮਾਜ ਦੇ ਕਿਸੇ ਵੀ ਪੱਖ ਨੂੰ ਆਪਣੇ ਘੇਰੇ ਵਿਚ ਸਮਾ ਸਕਣ ਦੀ ਸਮਰੱਥਾ ਰੱਖਦਾ ਹੈ, ਜੋ ਮਨੁੱਖੀ ਮਨੋਵੇਗਾਂ ਦੇ ਕਾਰਜਾਂ ਨੂੰ ਵਿਸ਼ਾਲ ਰੂਪ ਵਿਚ ਦਰਸਾਉਣ ਦੀ ਤਰਜਮਾਨੀ ਕਰਦਾ ਹੋਇਆ ਸਮੁੱਚੇ ਸਮਾਜ ਦੀ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿਸ ਨੂੰ ਪਾਠਕ ਪੜ੍ਹ ਕੇ ਇਕ ਨਾਵਲ ਦੇ ਤੌਰ ਤੇ ਨਹੀਂ ਸਗੋਂ ਆਪਣੇ ਆਪ ਨੂੰ ਸਮੁੱਚੇ ਸਮਾਜ ਵਿਚ ਵਿਚਰ ਰਿਹਾ ਪ੍ਰਤੀਤ ਕਰਦਾ ਹੈ ਕਿਉਂਕਿ ਇੱਥੇ ਉਸ ਦੀ ਸਾਂਝ ਕੇਵਲ ਨਾਵਲ ਦੇ ਪੜ੍ਹਨ ਤੱਕ ਸੀਮਤ ਨਾ ਰਹਿ ਕੇ ਸਮੁੱਚੇ ਸਮਾਜਿਕ ਵਾਤਾਵਰਣ ਨਾਲ ਜਾ ਪੈਂਦੀ ਹੈ। ਮਨੁੱਖ ਦੀਆਂ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਨੂੰ ਸਰਲ ਪਰ ਗੰਭੀਰਤਾ ਪੂਰਵਕ ਚਿਤਰਨਾ ਇਸ ਸਾਹਿਤ ਰੂਪ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਮਿੱਤਰ ਸੈਨ ਮੀਤ ਦੇ ਪੰਜਵੇਂ ਨਾਵਲ 'ਕੌਰਵ ਸਭਾ' ਦੇ ਵਿਸ਼ਿਆਂ ਨੂੰ ਅਨੇਕਾਂ ਘਟਨਾਵਾਂ ਤੇ ਪ੍ਰਸਥਿਤੀਆਂ ਦੇ ਪਰਿਪੇਖ ਰਾਹੀਂ ਸਮਝਿਆ ਜਾ ਸਕਦਾ ਹੈ। ਜਿਸ ਨੂੰ ਪੜ੍ਹ ਕੇ ਪਾਠਕ ਦੀ ਸਾਂਝ ਕੇਵਲ ਕਾਨੂੰਨ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ

ਸਮੁੱਚੇ ਸਮਾਜਕ ਵਾਤਾਵਰਨ ਨਾਲ ਜਾ ਪੈਂਦੀ ਹੈ। ਬਹੁ-ਚਰਚਿਤ ਨਾਵਲ 'ਕੌਰਵ ਸਭਾ' ਜਿੱਥੇ 'ਤਫ਼ਤੀਸ਼' ਤੇ 'ਕਟਹਿਰਾ' ਨਾਵਲਾਂ ਦੇ ਵਿਸ਼ੇ-ਵਸਤੂ ਨਾਲ ਸਾਂਝ ਰੱਖਦਾ ਹੈ, ਉੱਥੇ ਆਪਣੀ ਵੱਖਰੀ ਪਛਾਣ ਬਣਾਉਂਦਾ ਹੋਇਆਂ ਸਮੁੱਚੀ ਵਿਵਸਥਾ ਨੂੰ ਦ੍ਰਿਸ਼ਟਮਾਨ ਕਰਦਾ ਹੈ। ਨਾਵਲਕਾਰ ਦੇ ਨਾਵਲਾਂ ਵਿਚੋਂ ਜਿੱਥੇ ਬਹੁ-ਵਿਸਥਾਰਤਾ ਮਿਲਦੀ ਹੈ ਉੱਥੇ ਇਸ ਨਾਵਲ ਵਿਚੋਂ ਯਥਾਰਥ ਨੂੰ ਸੰਘਣੇਪਣ ਰਾਹੀਂ ਚਿਤਰਿਆ ਗਿਆ ਹੈ। ਇਸ ਨਾਵਲ ਦਾ ਕੇਂਦਰੀ ਵਿਸ਼ਾ ਭਾਰਤੀ ਨਿਆਂਪਾਲਿਕਾ ਤੇ ਇਸ ਦੇ ਅੱਗੋਂ ਵੱਖ-ਵੱਖ ਥੀਮਕ ਪਾਸਾਰਾਂ ਵਿਚੋਂ ਸਮੁੱਚੀ ਵਿਵਸਥਾ ਵਿਚ ਵਿਆਪਤ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਵੇਰਵੇ, ਸਟੇਟ ਅਤੇ ਆਮ ਆਦਮੀ ਦੇ ਆਪਸੀ ਤਣਾਉ ਦਾ ਮਸਲਾ, ਵਰਤਮਾਨ ਸਮੇਂ ਵਿਚ ਮੀਡੀਏ ਦੀ ਭੂਮਿਕਾ, ਪੂੰਜੀਵਾਦ ਤੋਂ ਪ੍ਰਭਾਵਿਤ ਹੁੰਦੀ ਰਿਸ਼ਤਾ-ਨਾਤਾ ਪ੍ਰਣਾਲੀ, ਇਸ ਦੇ ਸਿੱਟੇ ਵਜੋਂ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ, ਸਮਾਜ ਵਿਚ ਨਿਰੰਤਰ ਵੱਧ ਰਿਹਾ ਜੁਰਮ ਅਤੇ ਪਰਵਾਸੀ ਭਈਆਂ ਦੀ ਸਮੱਸਿਆ ਵਰਗੇ ਅੰਤਰ-ਸੰਬੰਧਿਤ ਸਰੋਕਾਰ ਆ ਜਾਂਦੇ ਹਨ। ਇਕ ਤੋਂ ਵੱਧ ਪਾਸਾਰਾਂ ਤੇ ਅਨੇਕਾਂ ਥੀਮਕ ਪਰਤਾਂ ਨੂੰ ਵਿਸਤਰਿਤ ਅਤੇ ਸੰਘਣੀ ਸੰਰਚਨਾ ਦਾ ਰੂਪ ਦੇਣ ਲਈ ਨਾਵਲਕਾਰ ਨੇ ਮਹਾਂਭਾਰਤ ਦੀ ਮਿੱਥ ਨੂੰ ਪਿਛੋਕੜ ਵਿਚ ਰੱਖ ਕੇ ਬਿਰਤਾਂਤ ਨੂੰ ਕਈ ਭਾਗਾਂ ਵਿਚ ਵੰਡਿਆ ਹੈ। ਨਾਵਲ ਵਿਚ ਆਏ ਮਿਥਿਕ ਵੇਰਵਿਆਂ ਦੀ ਜਾਣਕਾਰੀ ਲੈਣ ਲਈ ਮਿੱਥ ਬਾਰੇ ਸੰਖੇਪ ਵਿਚ ਜਾਣਨਾ ਵੀ ਜ਼ਰੂਰੀ ਹੈ, ਕਿਉਂਕਿ ਮੁੱਢ ਤੋਂ ਹੀ ਵਿਸ਼ਵ ਪੱਧਰ 'ਤੇ ਮਿੱਥ ਦਾ ਚਿੰਤਨ ਹੋ ਰਿਹਾ ਹੈ।

ਮਿੱਥ 'Myth' ਅੰਗਰੇਜ਼ੀ ਸ਼ਬਦ ਹੈ ਜਿਸ ਦਾ ਮੂਲ ਰੂਪ ਪੰਜਾਬੀ ਭਾਸ਼ਾ ਵਿਚ ਨਹੀਂ ਮਿਲਦਾ ਸਗੋਂ ਸਮਾਂ ਪਾ ਕੇ ਪੰਜਾਬੀ ਭਾਸ਼ਾ ਵਿਚ ਇਸ ਨੂੰ ਹੂ-ਬ-ਹੂ ਅੰਗਰੇਜ਼ੀ ਭਾਸ਼ਾ ਵਾਲਾ ਹੀ ਅਪਣਾਇਆ ਗਿਆ ਹੈ। ਮਿੱਥ ਦੇ ਬਾਰੇ ਨਾਵਲ ਵਿਗਿਆਨੀਆਂ, ਮਨੋਵਿਗਿਆਨੀਆਂ, ਸਮਾਜ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ ਅਤੇ ਸਾਹਿਤ ਵਿਗਿਆਨੀਆਂ ਨੇ ਵੱਖੋ-ਵੱਖਰੇ ਵਿਚਾਰ ਪੇਸ਼ ਕੀਤੇ ਹਨ।

'ਮਿੱਥ' ਸ਼ਬਦ ਦੇ ਕਈ ਅਰਥ ਮੰਨੇ ਜਾਂਦੇ ਹਨ ਜਿਵੇਂ 'ਗਲਪ' ਜਾਂ 'ਮਨਘੜਤ' ਕਹਾਣੀ ਅਤੇ ਭਰਮ ਆਦਿ। ਮਿੱਥ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਆਇ ਰਹਿਤ ਵਸਤੂ ਅਤੇ ਇਤਿਹਾਸਕ ਪੱਖ ਤੋਂ ਤੱਥ-ਰਹਿਤ ਵਸਤੂ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਹੈ।[51]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, "ਮਿੱਥ ਮਨੁੱਖ ਦੀ ਇਕ ਸਭਿਆਚਾਰਕ ਪ੍ਰਾਪਤੀ ਹੈ। ਇਸ ਦਾ ਸਿਰਜਣ ਅਤੇ ਪ੍ਰਚਲਣ ਲੋਕ-ਜੀਵਨ ਅਤੇ ਲੋਕ-ਸਭਿਆਚਾਰ ਦੇ ਖੇਤਰ ਵਿਚ ਹੋਣ ਕਰਕੇ, ਇਹ ਲੋਕਯਾਨ ਦੇ ਖੇਤਰ ਦਾ ਇਕ ਵਿਸ਼ੇਸ਼ ਭਾਗ ਬਣ ਜਾਂਦੀ ਹੈ। ਲੋਕਯਾਨ ਦਾ ਵਿਸ਼ਾਲ ਅਧਿਐਨ ਖੇਤਰ ਸਮਸਤ ਮਨੁੱਖੀ ਸਮਾਜ, ਇਸ ਦੇ ਮੂਲ ਵਿਸ਼ਵਾਸਾਂ ਅਤੇ ਤਿਉਹਾਰਾਂ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ। ਮਿੱਥ ਵਿਚੋਂ ਮਾਨਵ ਜਾਤੀ ਦਾ ਸਾਂਸਕ੍ਰਿਤਿਕ ਇਤਿਹਾਸ ਉਲੀਕਿਆ ਮਿਲਦਾ ਹੈ"।[52]

ਮਿੱਥ ਦਾ ਗਹਿਰਾ ਅਧਿਐਨ ਵਿਸ਼ਲੇਸ਼ਣ ਕਰਨ ਲਈ ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ ਵਿਚ ਦਿੱਤੀ ਪਰਿਭਾਸ਼ਾ ਨੂੰ ਵੀ ਜਾਂਚਿਆ ਜਾ ਸਕਦਾ ਹੈ-

'ਮਿੱਥ ਕਥਾਵਾਂ ਪੂਰਨ ਅਧਿਕ੍ਰਿਤ ਵਿਵਰਨ ਹੁੰਦਾ ਹੈ ਜਿਨ੍ਹਾਂ ਦੀ ਅਤਿਕ੍ਰਿਤਤਾ ਪ੍ਰਮਾਣਿਤ ਨਾਲੋਂ ਪ੍ਰਤੱਖ ਵਧੇਰੇ ਹੁੰਦੀ ਹੈ। ਇਨ੍ਹਾਂ ਵਿਚ ਘਟਨਾਵਾਂ ਤੇ ਸਥਿਤੀਆਂ ਵਰਣਿਤ ਹੁੰਦੀਆਂ ਹਨ ਜੋ ਸਾਧਾਰਨ ਮਾਨਵੀ ਦੁਨੀਆ ਦੀਆਂ ਸੀਮਾਵਾਂ ਤੋਂ ਉੱਪਰ ਹੁੰਦੀਆਂ ਹੋਈਆਂ ਵੀ ਉਸ ਲਈ ਬੁਨਿਆਦੀ ਮਹੱਤਵ ਵਾਲੀਆਂ ਹੁੰਦੀਆਂ ਹਨ ਤੇ ਜਿਸ ਸਮੇਂ ਵਿਚ ਇਨ੍ਹਾਂ ਕਥਾਵਾਂ ਦੀਆਂ ਘਟਨਾਵਾਂ ਨੂੰ ਵਾਪਰਦਿਆਂ ਦੱਸਿਆ ਜਾਂਦਾ ਹੈ, ਉਹ ਮਨੁੱਖੀ ਅਨੁਭਵ ਦੇ ਸਾਧਾਰਨ ਇਤਿਹਾਸਕ ਸਮੇਂ ਤੋਂ ਬਿਲਕੁਲ ਵੱਖਰਾ ਹੁੰਦਾ ਹੈ।(ਵਧੇਰੇ ਹਾਲਤਾਂ ਵਿਚ ਤਾਂ ਇਹ ਇਕ ਕਾਲਪਨਿਕ ਸਮੇਂ ਦੀ ਗੱਲ ਹੀ ਹੁੰਦੀ ਹੈ) ਇਨ੍ਹਾਂ ਘਟਨਾਵਾਂ ਦੇ ਪਾਤਰ ਦੈਵੀ ਪੁਰਸ਼ ਜਾਂ ਪਸ਼ੂਆਂ ਜਾਂ ਬੂਟਿਆਂ ਵਰਗੇ ਅਸਾਧਾਰਨ ਜੀਵ-ਜੰਤੂ ਜਾਂ ਆਦਿ ਕਾਲੀਨ ਮਨੁੱਖ ਜਾਂ ਐਸੇ ਮਹਾਂਪੁਰਖ ਹੁੰਦੇ ਹਨ ਜਿਨ੍ਹਾਂ ਨੇ ਮਾਨਵੀ ਸਥਿਤੀ ਨੂੰ ਹੀ ਬਦਲ ਦਿੱਤਾ ਹੋਵੇ'।[53]

ਉਪਰੋਕਤ ਪਰਿਭਾਸ਼ਾ ਵਿਚ ਮਿੱਥ ਦੇ ਕਥਾ-ਸੰਗਠਨ ਵਿਚ ਦੈਵੀ ਅੰਸ਼ਾਂ ਜਾਂ ਪਰਾ-ਪ੍ਰਾਕ੍ਰਿਤਕ ਹੋਂਦ ਤੇ ਸ੍ਰਿਸ਼ਟੀ ਦੇ ਮੂਲ ਸੋਮਿਆਂ ਤੇ ਅਧਿਕ ਬਲ ਦਿੱਤਾ ਗਿਆ ਹੈ ਜਿਸ ਨੂੰ ਸਮਝਣ ਲਈ ਮਿੱਥ ਬਾਰੇ ਹਰਿੰਦਰ ਸਿੰਘ ਮਹਿਬੂਬ ਦੇ ਵਿਚਾਰਾਂ ਨੂੰ ਵੇਖਿਆ ਜਾ ਸਕਦਾ ਹੈ-

'ਮਿੱਥ ਦੇ ਸ਼ੁੱਧ ਰੂਪ ਵਿਚ ਖ਼ਾਲਸ ਕੁਦਰਤ ਹੁੰਦੀ ਹੈ, ਪਰ ਮਿੱਥ ਦੇ ਫ਼ਾਲਤੂ ਹਿੱਸਿਆਂ ਵਿਚ ਇਸ ਦਾ ਨਿਵਾਸ ਨਹੀਂ ਹੁੰਦਾ। ਖ਼ਾਲਸ ਕੁਦਰਤ ਵਿਚੋਂ ਮਿੱਥ ਦੀਆਂ ਅਨੇਕਾਂ ਸ਼ਾਖ਼ਾਂ ਫੁੱਟਦੀਆਂ ਹਨ ਜਿਨ੍ਹਾਂ ਨੂੰ ਇਸ ਦੀ ਸ਼ਕਤੀ ਅੰਦਰਲੀ ਤਰਤੀਬ ਦਿੰਦੀ ਰਹਿੰਦੀ ਹੈ ਅਤੇ ਇਸ ਦੇ ਬਾਹਰਲੇ ਫ਼ਾਲਤੂ ਪਨ ਨੂੰ ਛਾਂਗਦੀ ਰਹਿੰਦੀ ਹੈ। ਮਿੱਥ ਖ਼ਾਲਸ ਕੁਦਰਤ ਨਾਲ ਇਕ ਜੋੜ ਕਦੇ ਵੀ ਨਹੀਂ ਹੁੰਦੀ, ਕਿਉਂਕਿ ਇਸ ਉੱਤੇ ਬਹੁਤ ਕੁਝ ਫ਼ਾਲਤੂ ਲੱਦਿਆ ਹੁੰਦਾ ਹੈ, ਭਾਵੇਂ ਉਸ ਨਾਲ ਇਸ ਦਾ ਵਿਸ਼ੇਸ਼ ਸੰਬੰਧ ਜ਼ਰੂਰ ਰਹਿੰਦਾ ਹੈ। ਖ਼ਾਲਸ ਕੁਦਰਤ ਦੀਆਂ ਡੂੰਘਿਆਈਆਂ ਵਿਚੋਂ ਮਨੁੱਖੀ ਮਨ ਦੀ ਗਤੀ ਦੇ ਵੰਨ-ਸੁਵੰਨੇ ਨਿਯਮ ਮਿੱਥ ਨੂੰ ਕਾਇਆ-ਜਗਤ ਵੱਲ ਖਿੱਚ ਲਿਆਉਂਦੇ ਹਨ ਅਤੇ ਮਨੁੱਖੀ ਮਨ ਦੀ ਗੁਣ ਸਮਗਰੀ ਅਤੇ ਵਿਧੀ ਦੀ ਸ਼ੁੱਧਤਾ ਦੀ ਮਾਤਰਾ ਅਨੁਸਾਰ ਖ਼ਾਲਸ ਕੁਦਰਤ ਉਸ ਨੂੰ ਮਿੱਥ ਸਿਰਜਣ ਵਿਚ ਮਦਦ ਦਿੰਦੀ ਹੈ। ਸੋ ਮਿੱਥ ਦੇ ਸੁਹਜ ਦਾ ਆਧਾਰ ਖ਼ਾਲਸ ਕੁਦਰਤ ਨਾਲ ਸਪਰਸ਼ ਕਰਨ ਦੇ ਛਿਣ ਵਿਚ ਮਨੁੱਖੀ ਮਨ ਦੀ ਵਿਸ਼ੇਸ਼ ਅਵਸਥਾ ਹੀ ਸਮਝਣਾ ਚਾਹੀਦਾ ਹੈ'।[54]

ਉਪਰੋਕਤ ਪਰਿਭਾਸ਼ਾ ਵਿਚ ਮਿੱਥ ਨੂੰ ਸੰਪੂਰਨਤਾ ਸਹਿਤ ਰੂਪਮਾਨ ਕੀਤਾ ਗਿਆ ਹੈ, ਜਦਕਿ ਮਿੱਥ ਦੀ ਸਰਲਤਾ ਨਾਲ ਸਮਝ ਕਰਨੈਲ ਸਿੰਘ ਥਿੰਦ ਦੇ ਵਿਚਾਰਾਂ ਵਿਚ ਵੇਖੀ ਜਾ ਸਕਦੀ ਹੈ-

'ਪੂਰਵ ਇਤਿਹਾਸਕ ਯੁੱਗ ਵਿਚ ਵਾਪਰੀ ਕਿਸੇ ਘਟਨਾ ਨੂੰ ਜੋ ਲੋਕਾਂ ਦੀਆਂ ਅਲੋਕਿਕ ਪਰੰਪਰਾਵਾਂ ਨਾਲ ਜੁੜੀ ਹੋਵੇ ਅਤੇ ਜਿਹੜੀ ਉਨ੍ਹਾਂ ਦੇ ਦੇਵਤਿਆਂ, ਪ੍ਰਾਚੀਨ ਯੋਧਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸੰਸਕ੍ਰਿਤਿਕ ਗੁਣਾਂ ਨਾਲ ਸੰਬੰਧਿਤ ਹੋਵੇ ਪੁਰਾਣ ਕਥਾ ਆਖਦੇ ਹਨ'।[55]

ਸੋ ਮਿੱਥ ਇਕ ਮਨੁੱਖੀ ਮਨ ਦੀ ਵੇਦਨਾ ਹੈ ਜੋ ਸਮਾਜ ਦੇ ਬੌਧਿਕ ਵਿਕਾਸ ਅਤੇ ਸਭਿਆਚਾਰ ਵਿਚ ਕੜੀ ਦਾ ਕੰਮ ਕਰਦੀ ਹੈ। ਮਿੱਥ ਦਾ ਕਾਰਜ ਮਨੁੱਖੀ ਸਮੂਹਾਂ ਦੀ ਚੇਤਨਾ ਨੂੰ ਨਵੀਂ ਸੇਧ ਦੇਣਾ ਹੈ। ਮਿੱਥ ਦੀ ਸਿਰਜਨਾ ਕਿਸੇ ਇਕੱਲੇ-ਇਕਹਿਰੇ ਮਨੁੱਖ ਦੁਆਰਾ ਨਹੀਂ ਸਗੋਂ ਲੰਮੇ ਸਮੇਂ ਦੀ ਘਾਲਣਾ ਬਾਅਦ ਜਨ-ਸਮੂਹ ਦੀ ਪ੍ਰਵਾਨਗੀ ਅਧੀਨ ਹੋਂਦ ਵਿਚ ਆਉਂਦੀ ਹੈ।

ਸਾਹਿਤ ਅਤੇ ਮਿੱਥ ਦਾ ਰਿਸ਼ਤਾ ਮੁੱਢ ਕਦੀਮ ਤੋਂ ਜੁੜਿਆ ਹੋਇਆ ਹੈ। ਸਾਹਿਤ ਭਾਵੇਂ ਮੌਖਿਕ ਹੋਵੇ ਭਾਵੇਂ ਲਿਖਤੀ ਹਰ ਸਾਹਿਤ ਦੇ ਰੂਪ ਵਿਚ ਮਿੱਥ ਦਾ ਵਰਣਨ ਜ਼ਰੂਰ ਆਉਂਦਾ ਹੈ ਕਿਉਂਕਿ ਕੋਈ ਵੀ ਸਾਹਿਤ ਖ਼ਲਾਅ ਵਿਚੋਂ ਪੈਦਾ ਨਹੀਂ ਹੋ ਸਕਦਾ, ਸਗੋਂ ਮਿਥਿਹਾਸ ਵਿਚੋਂ ਜਨਮ ਲੈ ਸਕਦਾ ਹੈ। ਜੇਕਰ ਭਾਰਤੀ ਸਾਹਿਤ ਦੀ ਉਤਪਤੀ ਦਾ ਅਧਿਐਨ ਕਰਨ ਉਪਰੰਤ ਇਹ ਸਪਸ਼ਟ ਹੁੰਦਾ ਹੈ ਕਿ ਸਾਹਿਤ ਉਪਜਦਾ ਹੀ ਵੈਦਿਕ ਮਿੱਥਾਂ ਵਿਚੋਂ ਹੈ। ਸੋ ਮਿੱਥ ਨੂੰ ਹਰੇਕ ਸਾਹਿਤ ਦੇ ਰੂਪ ਦਾ ਆਧਾਰ ਬਣਾਇਆ ਜਾਂਦਾ ਰਿਹਾ ਹੈ। ਇੱਥੇ ਸਾਹਿਤ ਦੇ ਰੂਪ ਨਾਵਲ ਵਿਚ ਮਿੱਥ ਨੂੰ ਆਧਾਰ ਬਣਾਏ ਜਾਣ ਬਾਰੇ ਡਾ. ਰਾਹੀ ਦੇ ਵਿਚਾਰਾਂ ਨਾਲ ਨਾਵਲ ਵਿਚ ਮਿੱਥ ਦੇ ਆਧਾਰ ਦੀ ਸਮਝ ਪ੍ਰਾਪਤ ਹੁੰਦੀ ਹੈ।

"ਨਾਵਲ ਨੂੰ ਵੀ ਮਿੱਥਾਂ ਤੋਂ ਬੇਨਿਆਜ਼ ਨਹੀਂ ਕਿਹਾ ਜਾ ਸਕਦਾ। ਇਸ ਵਿਚ ਵੀ ਮਿੱਥਾਂ ਉਸਾਰੀਆਂ ਜਾਂਦੀਆਂ ਹਨ, ਜਿਵੇਂ ਲੋਕ ਹਿੱਤਾਂ, ਸਭਿਆਚਾਰਕ ਮੁੱਲਾਂ, ਮਨੁੱਖੀ ਬਰਾਬਰੀ, ਸਮਾਜਿਕ ਨਿਆਂ, ਸਿਆਸੀ ਅਤੇ ਆਰਥਿਕ ਆਜ਼ਾਦੀ ਆਦਿ ਦੀਆਂ ਮਿੱਥਾਂ। ਮੁੱਲਾਂ ਦੀ ਸਿਰਜਨਾ ਮਿੱਥਾਂ ਦੀ ਸਿਰਜਨਾ ਹੈ। ਕਲਪਨਾ ਦੀ ਹਰ ਇਖ਼ਤਰਾਅ ਨੂੰ ਮੰਤਕ ਦੇ ਨੁਕਤਾ ਨਿਗਾਹ ਤੋਂ ਮਿੱਥ ਹੀ ਕਹਿਣਾ ਪਵੇਗਾ। ਬੰਦਾ ਸਮਾਜਿਕ ਪ੍ਰਾਣੀ ਹੈ। ਉਸ ਲਈ ਮੁੱਲਾਂ ਬਿਨਾ ਜਿਊਣਾ ਮੁਮਕਿਨ ਨਹੀਂ। ਇਸ ਲਈ ਮਿੱਥਾਂ ਬਿਨ ਉਸ ਦੀ ਹੋਂਦ ਜਲ ਬਿਨ ਮੀਨ ਵਰਗੀ ਹੋਵੇਗੀ। ਮਿੱਥਾਂ ਉਸ ਦੀ ਮਾਨਵਤਾ ਦੀਆਂ ਤਦਬੀਰਾਂ ਤੇ ਉਸ ਦੇ ਸੁਪਨਿਆਂ ਦਾ ਖ਼ਾਕ ਹਨ। ਮਿੱਥਾਂ ਰਾਹੀਂ ਹੀ ਬੰਦਾ ਕ੍ਰਾਂਤੀਆਂ ਦੇ ਨਕਸ਼ ਉਲੀਕਦਾ ਤੇ ਹੋਣੀਆਂ ਨੂੰ ਆਪਣੀ ਰਜ਼ਾ ਅਨੁਸਾਰ ਢਾਲਣਾ ਲੋਚਦਾ ਹੈ। ਮਿੱਥਾਂ ਹੀ ਉਸ ਨੂੰ ਹੋਰ ਜੀਵਾਂ ਨਾਲੋਂ ਨਿਖੇੜਦੀਆਂ ਤੇ  ਹਨ। ਉਸ ਦੇ ਗਿਆਨ-ਵਿਗਿਆਨ ਦੇ ਬੀਜ ਸਭ ਤੋਂ ਪਹਿਲਾਂ ਮਿੱਥਾਂ ਵਿਚ ਹੀ ਉੱਗਦੇ ਹਨ। ਮਿੱਥਾਂ ਰੁਕੇ ਹੋਏ ਪਾਣੀਆਂ ਦਾ ਕੜ ਤੋੜਦੀਆਂ ਹਨ। ਮਿੱਥਾਂ ਸਮਾਜਿਕ-ਇਤਿਹਾਸਕ ਅਹਿਮੀਅਤ ਵਾਲੀ ਚੀਜ਼ ਹੁੰਦੀਆਂ ਹਨ ਪਰ ਨਾਵਲ ਵਿਚ ਮਿੱਥਾਂ ਇਕ ਖ਼ਾਸ ਫ਼ਰਕ ਨਾਲ ਉੱਸਰਦੀਆਂ ਹਨ। ਇਹ ਫ਼ਰਕ ਵਿਧਾ ਦਾ ਹੈ ਤੇ ਇਸ ਤੋਂ ਇਲਾਵਾ ਉਨ੍ਹਾਂ ਦੇ ਪ੍ਰਕਾਰਜ ਦਾ"।[56]

ਉਪਰੋਕਤ ਪਰਿਭਾਸ਼ਾ ਤੋਂ ਸਪਸ਼ਟ ਹੁੰਦਾ ਹੈ ਕਿ ਮਿੱਥ ਸਾਹਿਤ ਦੇ ਆਧੁਨਿਕ ਰੂਪ ਨਾਵਲ ਦਾ ਆਧਾਰ ਮੁੱਢ-ਕਦੀਮ ਤੋਂ ਬਣਦੀ ਰਹੀ ਹੈ। ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਆਧਾਰ ਬਣੀ ਮਹਾਂਭਾਰਤ ਦੀ ਮਿੱਥ ਦੇ ਪਿਛੋਕੜ ਬਾਰੇ ਜਾਣਨ ਤੋਂ ਪਹਿਲਾਂ ਦੂਜੇ ਨਾਵਲਕਾਰਾਂ ਦੇ ਨਾਵਲਾਂ ਵਿਚ ਆਧਾਰ ਬਣੀ ਮਿੱਥ ਬਾਰੇ ਸੰਖੇਪ ਚਰਚਾ ਜ਼ਰੂਰੀ ਜਾਪਦੀ ਹੈ।

ਡਾ. ਰਾਹੀ ਅਨੁਸਾਰ, "ਗੁਰਦਿਆਲ ਸਿੰਘ ਦੇ 'ਅੰਨ੍ਹੇ ਘੋੜੇ ਦਾ ਦਾਨ' ਵਿਚ ਰਾਹੂ ਤੇ ਕੇਤੂ ਦੀ ਮਿੱਥ ਦੀ ਪੁਨਰ ਵਿਆਖਿਆ ਮਿਲ ਜਾਵੇਗੀ। ਇਸ ਵਿਚ ਰਾਹੂ ਤੇ ਕੇਤੂ ਨੀਵੀਂਆਂ ਜਾਤੀਆਂ ਦੇ ਕਾਮਿਆਂ ਦੇ ਪ੍ਰਤੀਕ ਹਨ ਜੋ ਅੱਜ ਦੇ ਯੁੱਗ ਦੇ ਦੇਵਤਿਆਂ ਦੇ ਖ਼ਿਲਾਫ਼ ਆਪਣੇ ਹੱਕ-ਬਜਨਾਬ ਦਾਅਵਿਆਂ ਦੀ ਰਣਭੂਮੀ ਵਿਚ ਘਿਰੇ ਹੋਏ ਹਨ। ਕੁਝ ਵੀ ਹੋਵੇ ਮਿੱਥਾਂ ਕਦੇ ਮੁੱਕਦੀਆਂ ਨਹੀਂ,

ਕਿਉਂਕਿ ਇਹ ਮਿੱਥਾਂ ਰਾਹੀਂ ਹੀ ਹੈ ਕਿ ਅਸੀਂ ਉਹ ਨਿਯਮ ਅਤੇ ਵਿਵਰਜਨ ਉਸਾਰਦੇ ਹਾਂ ਜੋ ਸਾਡੀ ਨੈਤਿਕ ਦੁਨੀਆ ਨੂੰ ਤਰਤੀਬ ਦੇਂਦੇ ਹਨ'।[57]

ਉਪਰੋਕਤ ਨਾਵਲਾਂ ਤੋਂ ਇਲਾਵਾ ਰਮਾਇਣ ਦੀ ਸੀਤਾ ਮਾਤਾ ਨੂੰ ਆਧੁਨਿਕ ਸਮੇਂ ਵਿਚ ਦਰਸਾਉਣ ਵਾਲਾ ਦਲੀਪ ਕੌਰ ਟਿਵਾਣਾ ਦਾ ਨਾਵਲ 'ਦੂਸਰੀ ਸੀਤਾ' ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਵੀ ਮਿੱਥ ਨੂੰ ਦਰਸਾਉਂਦਾ ਹੈ ਕਿ ਮਰਨ ਵਾਲੇ ਦਾ ਕੋਈ ਪੁੱਤ ਧੀ ਜ਼ਰੂਰ ਹੋਣਾ ਚਾਹੀਦਾ ਹੈ ਜੋ ਉਸ ਦੀ ਮੜ੍ਹੀ ਤੇ ਦੀਵਾ ਧਰੇ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਸਮਕਾਲੀ ਯਥਾਰਥ ਨੂੰ ਬਹੁ-ਪੱਖਾਂ ਤੋਂ ਚਿਤਰਦਿਆਂ ਅਜੋਕੇ ਸਮੇਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਅਤੇ ਕਲਾਮਈ ਢੰਗ ਨਾਲ ਰੂਪਮਾਨ ਕੀਤਾ ਹੈ। ਸੁਖਦੇਵ ਸਿੰਘ ਖਾਹਰਾ ਅਨੁਸਾਰ, "ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੇ ਸਿਰਲੇਖ ਤੋਂ ਪੁਰਾਤਨ ਭਾਰਤੀ ਪਰੰਪਰਾ ਵੱਲ ਧਿਆਨ ਜਾਂਦਾ ਹੈ। ਰਮਾਇਣ ਅਤੇ ਮਹਾਂਭਾਰਤ ਪੁਰਾਤਨ ਭਾਰਤੀ ਪਰੰਪਰਾ ਦੇ ਦੋ ਉੱਘੇ ਗ੍ਰੰਥ ਹਨ। ਭਾਰਤੀ ਸਮਾਜ, ਸਭਿਆਚਾਰ, ਇਤਿਹਾਸ, ਰਾਜ ਤੰਤਰ, ਧਰਮ, ਦਰਸ਼ਨ ਵਿਚਾਰਧਾਰਾ ਨੂੰ ਸਮਝਣ ਸਮਝਾਉਣ ਦੇ ਪੱਖ ਤੋਂ ਇਨ੍ਹਾਂ ਦਾ ਦਰਜਾ ਸੰਦਰਭ ਗ੍ਰੰਥਾਂ ਵਾਲਾ ਹੈ। ਰਮਾਇਣ ਦਾ ਪਾਠ ਮਰਯਾਦਾ ਮੁੱਖ ਪ੍ਰਵਚਨ ਦੇ ਰੂਪ ਵਿਚ ਨਿਯਮਤ ਹੋਇਆ ਹੈ। ਇਸ ਲਈ ਇਸ ਨੂੰ ਪੂਜਨੀਕ ਬਣਾ ਦਿੱਤਾ ਗਿਆ। ਮਹਾਂਭਾਰਤ ਦਾ ਪਾਠ ਜੀਵਨ ਦੀਆਂ ਦੁਰਗਮ ਵਿਸੰਗਤੀਆਂ ਬਾਰੇ ਬਹੁਕੋਣੀ ਸ਼ਾਸਤਰਾਰਥ ਦੇ ਰੂਪ ਵਿਚ ਰੂਪਮਾਨ ਹੋਇਆ ਹੈ। ਇਸ ਦਾ ਸੁਭਾਉ ਸਰਲ ਸਿੱਧੇ ਨਿਬੇੜੇ ਰਹਿਤ ਵਾਦ ਵਿਵਾਦੀ ਸੰਵਾਦ ਵਾਲਾ ਹੈ। ਇਹ ਸੰਵਾਦ ਜੀਵਨ ਦੇ ਨਿਰੰਤਰ ਚੱਲ ਰਹੇ ਸੰਘਰਸ਼ਾਂ/ਯੁੱਧ ਦੀ ਸ਼ਕਲ ਧਾਰਨ ਕਰਕੇ ਪ੍ਰਤੱਖ ਬਣਦਾ ਹੈ'।[58]

'ਕੌਰਵ ਸਭਾ' ਨਾਵਲ ਦਾ ਸਮੁੱਚਾ ਬਿਰਤਾਂਤ ਪ੍ਰਮੁੱਖ ਤੌਰ 'ਤੇ ਇਤਿਹਾਸਕ ਕਾਲ ਕ੍ਰਮ ਅਨੁਸਾਰ ਸਿਰਜਿਆ ਗਿਆ ਹੈ। ਇਤਿਹਾਸਕ ਕਾਲ ਕ੍ਰਮ ਵਿਚ ਸਿਰਜੀਆਂ ਗਈਆਂ ਘਟਨਾਵਾਂ ਸਮਾਨੰਤਰ ਤੌਰ ਤੇ ਦੋ ਵਿਰੋਧੀ ਧਿਰਾਂ ਨੂੰ ਪੇਸ਼ ਕਰਦੀਆਂ ਹਨ। ਇਹ ਦੋਵੇਂ ਵਿਰੋਧੀ ਧਿਰਾਂ ਦੋ ਵਿਰੋਧੀ ਵਿਚਾਰਧਾਰਾਵਾਂ ਦਾ ਸਿਰਜਣ ਕਰਦੀਆਂ ਹਨ। ਇਕ ਧਿਰ ਇਨਸਾਫ਼ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ ਤਾਂ ਦੂਜੀ ਧਿਰ ਬੇਇਨਸਾਫ਼ੀ ਕਰਨ ਉਪਰੰਤ ਮਾਇਆ ਦੇ ਜ਼ੋਰ ਨਾਲ ਸਮੁੱਚੇ ਪ੍ਰਬੰਧ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਯਤਨਸ਼ੀਲ ਹੈ। ਦੋਵਾਂ ਧਿਰਾਂ ਦੇ ਇਸ ਸੰਘਰਸ਼ ਨੂੰ ਸਿਰਜਦਾ ਇਹ ਨਾਵਲ ਭਾਰਤੀ ਪੂੰਜੀਵਾਦੀ ਪ੍ਰਬੰਧ ਦੇ ਕਰੂਰ ਯਥਾਰਥ ਨੂੰ ਪ੍ਰਗਟਾਉਂਦਾ ਹੈ।

'ਕੌਰਵ ਸਭਾ' ਨਾਵਲ ਦਾ ਮਹੱਤਵ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿੱਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਮਹਾਂਭਾਰਤ ਵਿਚ ਹਸਤਨਾਪੁਰ ਦੀ ਰਾਜ-ਸੱਤਾ ਉੱਤੇ ਕਾਬਜ਼ ਭਾਵੇਂ ਕੌਰਵ ਸਨ ਪਰੰਤੂ ਉਸ ਸਭਾ ਵਿਚ ਭੀਸ਼ਮ ਪਿਤਾਮਾ, ਵਿਦੁਰ, ਕਿਰਪਾਚਾਰੀਆ, ਦਰੋਣਾਚਾਰੀਆ ਅਤੇ ਦਾਨ ਵੀਰ ਕਰਨ ਵਰਗੇ ਯੁੱਗ ਪੁਰਸ਼ ਵੀ ਸ਼ਾਮਲ ਸਨ। ਇਹ ਯੁੱਗ ਪੁਰਸ਼ ਭਾਵੇਂ ਸੱਤਾ ਦਾ ਹਿੱਸਾ ਸਨ ਪਰੰਤੂ ਦਿਲੋਂ ਸੱਤਾ ਦੀ ਬੇਇਨਸਾਫ਼ੀ ਨਾਲ

ਸਹਿਮਤ ਨਹੀਂ ਸਨ ਪਰੰਤੂ ਅਜੋਕੇ ਕੌਰਵ ਸ਼ਾਸਕ ਵਰਗ ਵਿਚ ਅਜਿਹਾ ਕੋਈ ਯੁੱਗ ਪੁਰਸ਼ ਸ਼ਾਮਲ ਨਹੀਂ ਬਲਕਿ ਸਾਰੇ ਕੌਰਵ ਹੀ ਹਨ।

ਨਾਵਲਕਾਰ ਨੇ 'ਕੌਰਵ ਸਭਾ' ਨਾਵਲ ਵਿਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਮਹਾਂਭਾਰਤ ਦੇ ਯੁੱਧ, ਹਰੇਕ ਮਹਿਕਮੇ ਨੂੰ ਕੌਰਵ ਸਭਾ, ਨਿਆਂ ਪ੍ਰਾਪਤ ਕਰਨ ਵਾਲੇ ਪਾਂਡਵ, ਚੀਰ ਹਰਨ ਵਾਲੀ ਅੱਜ ਦੀ ਨਾਰੀ ਦਰੋਪਤੀ ਤੋਂ ਇਲਾਵਾ ਮਹਾਂਭਾਰਤ ਵਿਚ ਸਾਥ ਦੇਣ ਵਾਲੇ ਭੀਮ, ਅਰਜੁਨ, ਧਰਿਤਰਾਸ਼ਟਰ, ਭੀਸ਼ਮ ਤੇ ਅਭਿਮੰਨਿਉ ਆਦਿ ਨੂੰ ਪਿਛੋਕੜ ਵਿਚ ਰੱਖ ਕੇ ਅਜੋਕੇ ਭਾਰਤੀ ਸਿਸਟਮ ਨੂੰ ਰੂਪਮਾਨ ਕੀਤਾ ਹੈ। 'ਕੌਰਵ ਸਭਾ' ਨਾਵਲ ਬਾਰੇ ਪ੍ਰੀਤੀ ਸੋਢੀ ਲਿਖਦੇ ਹਨ-

"ਮੀਤ ਨੇ ਪੁਰਾਤਨ ਮਿੱਥ ਕਥਾ ਵਿਚ ਕੁਝ ਪਰਿਵਰਤਨ ਕਰਕੇ ਇਸ ਨੂੰ ਆਧੁਨਿਕਤਾ ਦੇ ਪ੍ਰਸੰਗ ਵਿਚ ਨਵਾਂ ਰੂਪ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲਕਾਰ ਨੇ ਇਸ ਸੰਦਰਭ ਵਿਚ ਮਿਥਿਹਾਸ ਵਿਰਸੇ ਦੇ ਆਧਾਰ ਉੱਤੇ ਪਰੰਪਰਾ ਵਿਚਲੇ ਮਿੱਥਕ ਪਾਤਰਾਂ, ਸਥਿਤੀਆਂ ਅਤੇ ਘਟਨਾਵਾਂ ਦਾ ਰੂਪਾਂਤਰਨ ਕਰਕੇ ਆਧੁਨਿਕ ਪੂੰਜੀਵਾਦੀ ਭ੍ਰਿਸ਼ਟ ਪ੍ਰਬੰਧ ਦੀ ਕਾਰਜਸ਼ੀਲਤਾ ਨੂੰ ਸਿਰਜਿਆ ਹੈ। 'ਕੌਰਵ ਸਭਾ' ਨਾਵਲ ਵਿਚ ਭਾਵੇਂ ਮਿੱਥ ਦਾ ਬਹੁਤਾ ਵਿਸਥਾਰ ਨਹੀਂ ਦਿੱਤਾ, ਪਰ ਕੌਰਵਾਂ ਦੇ ਮੂਲ ਹਵਾਲੇ ਰਾਹੀਂ ਨਾਵਲਕਾਰ ਅਜੋਕੇ ਦੌਰ ਦੀ ਕੂਟਨੀਤੀ ਦੀ ਕਥਾ ਪੁਰਾਤਨ ਹਵਾਲਿਆਂ ਨੂੰ ਸਨਮੁੱਖ ਰੱਖ ਕੇ ਜ਼ਰੂਰ ਪੁਨਰ-ਅੰਕਿਤ ਕਰਦਾ ਹੈ'।[59]

ਮਹਾਂਭਾਰਤ ਵਿਚ ਕੌਰਵ ਅਜਿਹੀ ਧਿਰ ਸਿੱਧ ਹੁੰਦੀ ਹੈ ਜੋ ਪਾਂਡਵਾਂ ਨਾਲ ਜੂਏ ਵਿਚ ਧੋਖਾ ਕਰਕੇ ਉਨ੍ਹਾਂ ਤੋਂ ਸਭ ਕੁਝ ਖੋਹ ਲੈਂਦੇ ਹਨ ਜਿਸ ਤਰ੍ਹਾਂ ਇਸ ਨਾਵਲ ਵਿਚ ਵੇਦ ਦੇ ਪਰਿਵਾਰ ਦੀ ਸਹਾਇਤਾ ਨਾਲ ਅਮੀਰ ਬਣੇ ਮੋਹਨ ਦੇ ਬੇਟੇ ਪੰਕਜ ਤੇ ਨੀਰਜ ਪੈਸੇ ਦੀ ਸੁਪਾਰੀ ਦੇ ਕੇ ਭਈਆਂ ਤੋਂ ਆਪਣੇ ਚਾਚੇ ਵੇਦ ਦੇ ਪਰਿਵਾਰ ਦੀ ਤਬਾਹੀ ਕਰਵਾ ਦਿੰਦੇ ਹਨ। ਝਗੜਾ ਸਿਰਫ਼ ਇਕ ਪਲਾਟ ਦਾ ਹੁੰਦਾ ਹੈ। ਇਸ ਘਟਨਾ ਨੂੰ ਸਮੁੱਚੇ ਰੂਪ ਵਿਚ ਨਾਵਲ ਲਈ ਹਿੰਦੂ ਮਿਥਿਹਾਸ ਕੋਸ਼ ਵਿਚ ਦਿੱਤੇ ਗਏ ਮਹਾਂਭਾਰਤ ਦੇ ਅਰਥਾਂ ਤੋਂ ਇਸ ਘਟਨਾ ਨੂੰ ਵਧੇਰੇ ਸਪਸ਼ਟਤਾ ਨਾਲ ਜਾਣਿਆ ਜਾ ਸਕਦਾ ਹੈ। ਜਿਵੇਂ " 'ਮਹਾਂਭਾਰਤ' ਭਰਤ ਦੀ ਸੰਤਾਨ ਵਿਚ ਹੋਇਆ ਮਹਾਂ ਯੁੱਧ ਹਿੰਦੂਆਂ ਦਾ ਮਹਾਨ ਮਹਾਂਕਾਵਿ, ਜਿਹੜਾ ਸ਼ਾਇਦ ਸੰਸਾਰ ਦੇ ਸਾਰੇ ਕਾਵਿ ਰੂਪਾਂ ਨਾਲੋਂ ਵੱਡਾ ਹੈ। ਇਹ 18 ਧਾਰਾਵਾਂ (ਕਾਂਡਾਂ) ਵਿਚ ਵੰਡਿਆ ਹੋਇਆ ਹੈ ਅਤੇ ਇਸ ਦੀਆਂ 2,20,000 ਪੰਕਤੀਆਂ ਹਨ, ਇਸ ਮਹਾਂਕਾਵਿ ਦਾ ਮੁੱਖ ਵਿਸ਼ਾ ਪਾਂਡਵਾਂ ਤੇ ਕੌਰਵਾਂ ਦਾ ਮਹਾਂ ਯੁੱਧ ਹੈ, ਜਿਹੜੇ ਚੰਦਰਵੰਸ਼ੀ ਰਾਜੇ ਪੂਰੂ ਦੁਆਰਾ ਸੰਚਾਲਿਤ ਰਾਜਾ ਭਰਤ ਦੇ ਵੰਸ਼ ਦੀ ਸੰਤਾਨ ਸਨ। ਇਸ ਮਹਾਂ ਯੁੱਧ ਦਾ ਕਾਰਨ ਇਕ ਰਾਜ ਸੀ, ਜਿਸ ਦੀ ਰਾਜਧਾਨੀ ਹਸਤਨਾਪੁਰ ਜਿਸ ਨੂੰ ਹਾਥੀ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ, ਜਿਸ ਦੇ ਖੰਡਰ ਅਜੇ ਵੀ ਦਿੱਲੀ ਤੋਂ 57 ਮੀਲ ਉੱਤਰ-ਪੂਰਵ ਵੱਲ ਗੰਗਾ ਦੇ ਪੁਰਾਣੇ ਦਹਾਨ ਉੱਤੇ ਵੇਖੇ ਜਾ ਸਕਦੇ ਹਨ'।[60]

ਉਪਰੋਕਤ ਵੇਰਵੇ ਤੋਂ ਸਪਸ਼ਟ ਹੈ ਕਿ ਕੌਰਵ ਜੂਏ ਵਿਚ ਝੂਠੀ ਜਿੱਤ ਕਾਰਨ ਪਾਂਡਵਾਂ ਤੋਂ ਸਭ ਕੁਝ ਖੋਹ ਲੈਂਦੇ ਹਨ। ਇੱਥੋਂ ਤੱਕ ਕਿ ਦਰੋਪਤੀ ਦਾ ਭਰੀ ਸਭਾ ਵਿਚ ਚੀਰ ਹਰਨ ਕਰਨ ਦਾ ਯਤਨ ਕੀਤਾ ਜਾਂਦਾ ਹੈ। ਆਪਣੇ ਹੱਕ ਮੰਗਣ ਤੇ ਇਸ ਇੱਕੋ

ਪਰਿਵਾਰ ਕੌਰਵਾਂ ਤੇ ਪਾਂਡਵਾਂ ਵਿਚ ਪੰਜ ਪਿੰਡਾਂ ਦੀ ਵੰਡ ਨੂੰ ਲੈ ਕੇ ਹੋਏ ਝਗੜੇ ਦਾ ਫ਼ੈਸਲਾ ਕੁਰੂਕਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੇ ਯੁੱਧ ਨਾਲ ਹੋਇਆ ਜਿਸ ਵਿਚ ਪਾਂਡਵਾਂ ਦੀ ਜਿੱਤ ਹੋਈ ਸੀ। ਪਾਂਡਵ ਦਰੋਪਤੀ ਦੀ ਕੀਤੀ ਬੇਇੱਜ਼ਤੀ ਤੇ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਂਦੇ ਹਨ। ਜਿਸ ਕਰਕੇ ਕੌਰਵਾਂ ਦੀ ਧਿਰ ਬਦੀ/ਬੁਰਾਈ ਦੀ ਪ੍ਰਤੀਨਿਧ ਹੈ ਤੇ ਜਦਕਿ ਪਾਂਡਵਾਂ ਦੀ ਧਿਰ ਨੇਕੀ/ਚੰਗਿਆਈ ਦੀ ਧਿਰ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਮਹਾਂਭਾਰਤ ਦੇ ਇਸ ਯੁੱਧ ਵਿਚ ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਹੁੰਦੀ ਹੈ। 'ਕੌਰਵ ਸਭਾ' ਨਾਵਲ ਵਿਚ ਨਾਵਲਕਾਰ ਨੇ ਅਜੋਕੇ ਸਮੇਂ ਵਿਚ ਬਦੀ ਦੀ ਜਿੱਤ ਤੇ ਨੇਕੀ ਦੀ ਹਾਰ ਹੁੰਦੀ ਦਿਖਾਈ ਹੈ, ਜੋ ਅਜੋਕੀ ਵਿਵਸਥਾ ਤੇ ਵਿਅੰਗ ਕੱਸਦੀ ਹੈ ਤੇ ਨੇਕੀ ਦੀ ਹਾਰ ਤੇ ਬਰਬਾਦੀ ਰਾਹੀ ਪਾਠਕ ਵਰਗ ਦੇ ਮਨ ਵਿਚ ਬਦੀ ਪ੍ਰਤੀ ਨਫ਼ਰਤ ਵੀ ਪੈਦਾ ਕਰਦੀ ਹੈ।

ਮਹਾਂਭਾਰਤ ਦੇ ਕਾਲ ਵਿਚ ਬੇਇਨਸਾਫ਼ੀ ਤੇ ਧੱਕੇਸ਼ਾਹੀ ਪੂਰੇ ਜ਼ੋਰਾਂ ਤੇ ਸੀ ਜੋ ਅਜੋਕੇ ਲੋਕਤੰਤਰ ਵਿਚ ਹੈ। 'ਕੌਰਵ ਸਭਾ' ਨਾਵਲ ਦੇ ਮੁੱਖ ਪਾਤਰ ਮੋਹਨ ਅਤੇ ਵੇਦ ਦੋਨੋਂ ਭਰਾ ਪੈਸੇ ਕਮਾਉਣ ਲਈ ਜਾਇਜ਼ ਤੇ ਨਜਾਇਜ਼ ਦੋਵੇਂ ਤਰੀਕੇ ਵਰਤਦੇ ਹਨ। ਮਹਾਂਭਾਰਤ ਦੇ ਧਰਿਤਰਾਸ਼ਟਰ ਅਤੇ ਪਾਂਡੂ ਦੀ ਤਰ੍ਹਾਂ ਕਿਉਂਕਿ ਧਰਿਤਰਾਸ਼ਟਰ ਜਨਮ ਤੋਂ ਹੀ ਅੰਨ੍ਹਾ ਹੁੰਦਾ ਹੈ ਪਰ ਮੋਹਨ ਪੈਸੇ ਇਕੱਠੇ ਕਰਨ ਵਿਚ ਅੰਨ੍ਹਾ ਹੋਇਆ ਪਿਆ ਹੈ ਤੇ ਉਸ ਦੀ ਪਤਨੀ ਗਾਂਧਾਰੀ ਦੀ ਤਰ੍ਹਾਂ ਬੇਵੱਸ ਔਰਤ ਹੈ ਜੋ ਵੇਦ ਦੇ ਪਰਿਵਾਰ ਨੂੰ ਪੰਕਜ ਤੇ ਨੀਰਜ ਦੇ ਮਨ ਵਿਚ ਪੈਦਾ ਹੋਈ ਨਫ਼ਰਤ ਬਾਰੇ ਅਗਾਂਹ ਕਰਦੀ ਰਹਿੰਦੀ ਹੈ। ਭਰਾ-ਭਰਾ ਤੇ ਆਪਣੇ ਕਾਰੋਬਾਰ ਨੂੰ ਚਲਾਉਂਦੇ ਰਹਿੰਦੇ ਹਨ ਪਰ ਭਤੀਜਿਆਂ ਦੇ ਹਿਸਾਬ ਮੰਗਣ ਤੇ ਪਿਆਰ ਤਿੜਕ ਜਾਂਦਾ ਹੈ। ਤਦ ਰਾਮ ਨਾਥ ਸੋਚਣ ਲੱਗਾ ਕਿ-

'ਚੰਗਾ ਹੁੰਦਾ ਜੇ ਵੇਦ ਆਪਣਾ ਸ਼ਹਿਰ ਨਾ ਛੱਡਦਾ। ਚੰਗਾ ਹੁੰਦਾ ਜੇ ਉਸ ਨੇ ਮੋਹਨ ਦੀ ਤਜਵੀਜ਼ ਠੁਕਰਾ ਦਿੱਤੀ ਹੁੰਦੀ। ਅੱਜ ਇਹ ਦਿਨ ਨਾ ਵੇਖਣਾ ਪੈਂਦਾ। ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਰਾਮ ਲਕਸ਼ਮਣ ਵਾਲਾ ਪਿਆਰ ਸੁਗਰੀਵ ਬਾਲੀ ਵਿਚ ਬਦਲ ਜਾਏਗਾ'।[61]

ਇੱਕ ਪਲਾਟ ਦੇ ਝਗੜੇ ਨੂੰ ਲੈ ਕੇ ਦੋਵੇਂ ਪਰਿਵਾਰਾਂ ਦਾ ਝਗੜਾ ਉਸ ਸਮੇਂ ਅਦਾਲਤ ਪਹੁੰਚ ਜਾਂਦਾ ਹੈ ਜਦੋਂ ਪੰਕਜ ਤੇ ਨੀਰਜ ਪਰਵਾਸੀ ਮਜ਼ਦੂਰਾਂ ਦੁਆਰਾ ਵੇਦ ਦੇ ਘਰ ਡਾਕਾ ਮਰਵਾ ਦਿੰਦੇ ਹਨ ਜਿਸ ਵਿਚ ਨੇਹਾ ਦਾ ਬਲਾਤਕਾਰ ਹੁੰਦਾ ਹੈ, ਕਮਲ ਦਾ ਕਤਲ, ਵੇਦ ਤੇ ਨੀਲਮ ਨੂੰ ਬੁਰੀ ਤਰ੍ਹਾਂ ਸੱਟਾਂ ਲਗਦੀਆਂ ਹਨ ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਦਾਲਤ ਵਿਚ ਇਨਸਾਫ਼ ਲੈਣ ਲਈ ਮਹਾਂਭਾਰਤ ਦਾ ਯੁੱਧ। ਜਿਸ ਬਾਰੇ ਡਾ. ਰਜਨੀਸ਼ ਬਹਾਦਰ ਦੇ ਵਿਚਾਰ ਹਨ, "ਮਿੱਤਰ ਸੈਨ ਮੀਤ ਇਸ ਨਾਵਲ ਦੇ ਸਿਰਲੇਖ ਨੂੰ ਭਾਰਤੀ ਮਹਾਂਕਾਵਿ ਦੇ ਇੱਕ ਕਾਂਡ ਦਾ ਮੈਟਾਫ਼ਰ ਬਣਾ ਕੇ ਪੇਸ਼ ਕਰਦਾ ਹੈ। ਇਸ ਵਿਚ ਰਾਜ-ਪ੍ਰਬੰਧ ਤੇ ਕਾਬਜ਼ ਧੜਾ ਆਪਣੇ ਹੀ ਪਰਿਵਾਰ ਦੀ ਨੂੰਹ ਦੀ ਇੱਜ਼ਤ ਨਾਲ ਖੇਡਦਾ ਹੈ। ਸਾਰਾ ਰਾਜ ਦਰਬਾਰ ਮੂਕ ਦਰਸ਼ਕ ਬਣ ਕੇ ਕੌਰਵਾਂ ਦੇ ਜ਼ੁਲਮ ਨੂੰ ਵੇਖਦਾ ਹੈ। ਇੱਥੇ ਪੂਰੀ ਸੱਤਾ ਸਾਹਮਣੇ ਹੀ ਨਹੀਂ ਸਗੋਂ ਸੱਤਾ ਨਾਲ ਮਿਲ ਕੇ ਪੰਕਜ ਤੇ ਨੀਰਜ ਆਪਣੇ ਹੀ ਚਾਚੇ ਦੀ ਧੀ ਭੈਣ ਨਾਲ ਬਲਾਤਕਾਰ ਹੀ ਨਹੀਂ ਕਰਾਉਂਦੇ, ਸਗੋਂ ਪੈਸੇ ਦੇ ਜ਼ੋਰ ਨਾਲ ਕਚਹਿਰੀ ਵਿਚ ਉਸ ਨੂੰ ਮਾਨਸਿਕ ਤੌਰ ਤੇ

ਪ੍ਰੇਸ਼ਾਨ ਵੀ ਕਰਦੇ ਹਨ। ਮੀਤ ਲਈ ਸੱਤਾ ਅਤੇ ਸਮੇਂ ਦੇ ਬਦਲਣ ਨਾਲ ਇਨਸਾਫ਼ ਤੱਕ ਪਹੁੰਚ ਕਰਨ ਵਾਲੇ ਦੀ ਸਥਿਤੀ ਵਿਚ ਵਿਸ਼ੇਸ਼ ਅੰਤਰ ਨਹੀਂ। ਇੱਕ ਪੁਰਖੀ ਸੱਤਾ ਦੇ ਲੋਕਤੰਤਰ ਵਿਚ ਪਰਿਵਰਤਨ ਨਾਲ ਵੀ ਭੂਮੀ ਦੀ ਸੱਤਾ ਪੈਸੇ ਦੀ ਸੱਤਾ ਵਿਚ ਹੀ ਪਰਿਵਰਤਿਤ ਹੋਈ ਹੈ'।[62]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਨੇਹਾ ਨਾਲ ਹੋਏ ਬਲਾਤਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਇੱਕੀਵੀਂ ਸਦੀ ਵਿਚ ਵੀ ਔਰਤ ਦੀ ਸਥਿਤੀ ਮਹਾਂਭਾਰਤ ਦੀ ਦਰੋਪਦੀ ਵਾਂਗ ਹੀ ਹੈ। ਭਾਵੇਂ ਪੜ੍ਹ-ਲਿਖ ਕੇ ਆਪਣੇ ਪੈਰਾਂ ਤੇ ਖੜੀ ਹੋਣ ਦੇ ਯੋਗ ਹੋ ਗਈ ਹੈ ਪਰੰਤੂ ਮਰਦਾਂ ਦੀ ਤੇ ਪੈਸੇ ਦੀ ਲੜਾਈ ਵਿਚ ਅੱਜ ਵੀ ਖੱਜਲ ਔਰਤ ਹੀ ਹੁੰਦੀ ਹੈ। ਜਿਸ ਬਾਰੇ ਡਾ. ਸੁਤਿੰਦਰ ਸਿੰਘ ਨੂਰ ਦੀ ਟਿੱਪਣੀ ਵੇਖੀ ਜਾ ਸਕਦੀ ਹੈ ਕਿ "ਕੌਰਵ ਸਭਾ ਨਾਵਲ ਵਿਚ ਮੀਤ ਨੇ ਇਹ ਦਿਖਾਇਆ ਹੈ ਕਿ ਕਰੱਪਟ ਪ੍ਰਬੰਧ ਵਿਸਤਰਿਤ ਹੁੰਦਾ ਜਾਂਦਾ ਹੈ, ਜਿਸ ਵਿਚ ਘਾਤਕ ਹਮਲਾ ਇਕ ਪਰਿਵਾਰ ਉੱਤੇ ਹੀ ਨਹੀਂ, ਬਲਾਤਕਾਰ ਨੇਹਾ ਦਾ ਹੀ ਨਹੀਂ, ਕਤਲ ਕਮਲ ਦਾ ਨਹੀਂ , ਬਲਾਤਕਾਰ ਸਾਰੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਹੋ ਚੁੱਕਾ ਹੈ। ਕਤਲ ਸਾਰੇ ਮਨੁੱਖੀ ਰਿਸ਼ਤਿਆਂ ਦਾ ਹੋ ਚੁੱਕਾ ਹੈ ਜੋ ਇਸ ਪ੍ਰਬੰਧ ਵਿਚ ਵਿਗਾੜ ਦੇ ਸ਼ਿਕਾਰ ਹੋਏ ਮਨੁੱਖ ਦੀ ਦੇਖਭਾਲ ਲਈ ਅੱਗੇ ਵੀ ਆਉਂਦੇ ਹਨ, ਉਨ੍ਹਾਂ ਘਾਤਕ ਬੰਦਿਆਂ ਦੇ ਸਾਹਵੇਂ ਸਮਰੱਥ ਨਹੀਂ। ਇਉਂ ਕਹਾਣੀ ਇਕ ਪਰਿਵਾਰ ਦੀ ਤਰਾਸਦੀ ਦੀ ਨਹੀਂ ਰਹਿੰਦੀ, ਸਗੋਂ ਪ੍ਰਤੀਕਾਤਮਿਕ ਤੌਰ ਤੇ ਸਮੁੱਚੇ ਭਾਰਤੀ ਸਿਸਟਮ ਦੀ ਬਣ ਜਾਂਦੀ ਹੈ। ਯਥਾਰਥ ਦੀਆਂ ਡੂੰਘਾਈਆਂ, ਤਹਿਆਂ ਤੇ ਗੁੰਝਲਾਂ ਜਿਹੜੀਆਂ ਕਿਸੇ ਵੀ ਰਾਜਸੀ ਜਾਂ ਸਮਾਜਿਕ ਵਿਚਾਰਧਾਰਾ ਤੋਂ ਸੁਲਝ ਨਹੀਂ ਰਹੀਆਂ'।[63]

ਨਾਵਲਕਾਰ ਅਜਿਹੀਆਂ ਤ੍ਰਾਸਦਿਕ ਸਮੱਸਿਆਵਾਂ ਦੇ ਅਵਚੇਤਨ ਨੂੰ ਤਲਾਸ਼ਦਾ ਹੋਇਆ ਇਹ ਰੂਪਮਾਨ ਕਰਦਾ ਹੈ ਕਿ ਸਮਾਜ ਦੇ ਇਕ ਘਰ ਵਿਚ ਪਏ ਡਾਕੇ ਦੀ ਘਟਨਾ ਨਹੀਂ ਇੱਥੇ ਡਾਕੇ ਤੋਂ ਬਾਅਦ ਨਾ ਵੇਲੇ ਸਿਰ ਪੁਲਿਸ ਪਹੁੰਚਦੀ ਹੈ ਤੇ ਨਾ ਹੀ ਡਾਕੇ ਤੋਂ ਬਾਅਦ ਸੱਟਾਂ ਲੱਗੀਆਂ ਵਾਲੇ ਪਰਿਵਾਰਕ ਮੈਂਬਰਾਂ ਦਾ ਡਾਕਟਰ ਵੇਲੇ ਸਿਰ ਇਲਾਜ ਕਰਦੇ ਹਨ। ਜਿਸ ਦੇ ਨਤੀਜੇ ਵਜੋਂ ਕਮਲ ਦੀ ਮੌਤ ਹੋ ਜਾਂਦੀ ਹੈ। ਇਸ ਤੋਂ ਮਗਰੋਂ ਜਦੋਂ ਨੇਹਾ ਮਨ ਦੀ ਸ਼ਾਂਤੀ ਲਈ ਧਾਰਮਿਕ ਸੰਸਥਾ ਦੀ ਸ਼ਰਨ ਲੈਂਦੀ ਹੈ ਤਾਂ ਉੱਥੋਂ ਵੀ ਸਹਾਰਾ ਨਹੀਂ ਮਿਲਦਾ। ਨਾਵਲਕਾਰ ਨੇ ਇਸ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ-

'ਧਿਆਨ ਸਾਧਨਾ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਹਰ ਸਹਿਯੋਗੀ ਇਕ ਬੰਧਨ ਲਿਆ ਕਰਦਾ ਸੀ। ਇਸ ਕਿਰਿਆ ਦੌਰਾਨ ਉਹ ਸੱਤ ਵਾਰ ਮਾਤਾ ਜੀ ਕੋਲੋਂ ਆਪਣੇ ਸਰੀਰ ਦੇ ਸੱਤਾਂ ਚੱਕਰਾਂ ਦੀ ਸੁਰੱਖਿਆ ਦੀ ਮੰਗ ਕਰਦਾ ਸੀ। ਮਾਤਾ ਜੀ ਇਸ ਪ੍ਰਾਰਥਨਾ ਨੂੰ ਸਵੀਕਾਰ ਕਰਕੇ ਸਹਿਯੋਗੀ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਇਸ ਸੁਰੱਖਿਆ ਨੂੰ ਮਾਤਾ ਜੀ ਨੇ ਦੁਰਗਾ ਕਵਚ ਦਾ ਨਾਂ ਦਿੱਤਾ ਸੀ। ਇਸ ਕਵਚ ਵੱਲ ਦੁਨੀਆ ਦੀ ਕੋਈ ਬੁਰੀ ਤਾਕਤ ਝਾਕ ਨਹੀਂ ਸੀ ਸਕਦੀ। ਨੇਹਾ ਨੇ ਇਸ ਪ੍ਰਾਰਥਨਾ ਵਿਚ ਕੁਝ ਵਾਧਾ ਕੀਤਾ ਸੀ। ਆਪਣੀ ਸੁਰੱਖਿਆ ਬਾਅਦ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਮੰਗ ਕਰਦੀ ਸੀ। ਫੇਰ ਸਾਰੇ ਸੰਸਾਰ ਦੀ। ਉਹ ਮਾਤਾ ਜੀ ਤੋਂ ਪੁੱਛ ਰਹੀ ਸੀ। ਉਸ ਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ

ਦੇ ਭਰਾ ਨੂੰ ਸੁਰੱਖਿਆ ਕਿਉਂ ਨਹੀਂ ਮਿਲੀ? ਉਸ ਦੇ ਪਰਿਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ? ਪਰ ਮਾਤਾ ਜੀ ਚੁੱਪ ਸਨ'।[64]

ਇਸੇ ਤਰ੍ਹਾਂ ਨੇਹਾ ਨਾਲ ਹੋਏ ਬਲਾਤਕਾਰ ਤੋਂ ਬਾਅਦ ਸੰਸਥਾ ਦੇ ਕੁਝ ਸਹਿਯੋਗੀ ਨੇਹਾ ਨੂੰ ਅਪਵਿੱਤਰ ਮੰਨਦੇ ਸਨ ਤੇ ਉਨ੍ਹਾਂ ਨੂੰ ਨੇਹਾ ਦੇ ਕੇਂਦਰ ਵਿਚ ਆਉਣ ਤੇ ਇਤਰਾਜ਼ ਸੀ ਕਿਉਂਕਿ ਉਹ ਸਮਝਦੇ ਸਨ ਕਿ ਨੇਹਾ ਦੇ ਆਉਣ ਨਾਲ ਉਨ੍ਹਾਂ ਦੀ ਪਵਿੱਤਰਤਾ ਭੰਗ ਹੁੰਦੀ ਸੀ। ਸੰਸਥਾ ਦਾ ਪ੍ਰਧਾਨ ਅਤੇ ਪਦਵੀ ਅਜਿਹੇ ਅਨਾੜੀ ਸਹਿਯੋਗੀਆਂ ਨੂੰ ਸਮਝਾਉਣ ਦਾ ਯਤਨ ਕਰ ਰਹੇ ਸਨ। ਉਹ ਬਾਕੀ ਸਹਿਯੋਗੀਆਂ ਨੂੰ ਸਮਝਾਂ ਰਹੇ ਸਨ ਕਿ ਨੇਹਾ 'ਮਾਤਾ ਸੀਤਾ' ਵਾਂਗ ਪਵਿੱਤਰ ਸੀ, ਜਿਸ ਦਾ ਜ਼ਿਕਰ ਮੀਤ ਨੇ ਇਸ ਤਰ੍ਹਾਂ ਕੀਤਾ ਹੈ-

'ਪਦਵੀ ਨੇ ਯੁਵਾ ਸ਼ਕਤੀ ਦੇ ਇਕ-ਇਕ ਮੈਂਬਰ ਨਾਲ ਗੱਲ ਕੀਤੀ। ਉਨ੍ਹਾਂ ਲਈ ਨੇਹਾ ਮਾਤਾ ਸੀਤਾ ਵਾਂਗ ਪਵਿੱਤਰ ਸੀ'।[65]

ਨੇਹਾ ਦੇ ਬਾਪ ਵੇਦ ਨੂੰ ਵੀ ਸੰਸਥਾ ਦੇ ਬਾਕੀ ਸਹਿਯੋਗੀਆਂ ਵਾਂਗ ਨੇਹਾ ਵਿਚੋਂ ਕਿਸੇ ਦੈਵੀ ਸ਼ਕਤੀ ਦੀ ਝਲਕ ਪੈਂਦੀ ਸੀ ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਸੀ। ਉਸ ਦੇ ਘਰ ਇਕ ਦੇਵੀ ਨੇ ਅਵਤਾਰ ਲਿਆ ਸੀ। ਮਨ ਹੀ ਮਨ ਉਹ ਇਸ ਦੇਵੀ ਨੂੰ ਪ੍ਰਣਾਮ ਕਰਿਆ ਕਰਦਾ ਸੀ। ਸੋ ਇਸ ਤਰ੍ਹਾਂ ਬਲਾਤਕਾਰ ਦੀ ਸ਼ਿਕਾਰ ਨੇਹਾ ਨੂੰ ਸਰੀਰਕ ਪੀੜਾ ਦੇ ਨਾਲ ਮਾਨਸਿਕ ਪੀੜਾ ਵੀ ਝੱਲਣੀ ਪੈਂਦੀ ਹੈ। ਇਸ ਪੀੜਾ ਨੂੰ ਵੀ ਨਾਵਲਕਾਰ ਮਿੱਥ ਰਾਹੀਂ ਰੂਪਮਾਨ ਕਰਦਾ ਹੈ-

'ਹੁਣ ਕਿਸੇ ਤਾੜਕਾਸੁਰ ਨੇ ਨੇਹਾ ਦੀਆਂ ਸਾਰੀਆਂ ਦੈਵਿਕ ਸ਼ਕਤੀਆਂ ਹਰ ਲਈਆਂ ਸਨ। ਉਸ ਨੂੰ ਇਕ ਸਰਾਪੀ ਜ਼ਿੰਦਗੀ ਜਿਊਣੀ ਪੈ ਰਹੀ ਸੀ'।[66]

ਜਿੱਥੇ ਨਾਵਲਕਾਰ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਅਜੋਕੇ ਲੋਕਤੰਤਰ ਯੁੱਗ ਦੀ ਦਾਸਤਾਨ ਪੇਸ਼ ਕਰਦਾ ਹੈ ਉੱਥੇ ਨਾਵਲ ਦਾ ਸਮੁੱਚਾ ਥੀਮਕ ਖੇਤਰ ਹੀ ਮਨੁੱਖੀ ਬਿਪਤਾ ਤੱਕ ਫੈਲਿਆ ਹੋਇਆ ਹੈ ਕਿਉਂਕਿ ਨੇਹਾ ਦਾ ਬਲਾਤਕਾਰ ਇਕ ਵਾਰ ਨਹੀਂ ਸਗੋਂ ਅਦਾਲਤ ਵਿਚ ਹਰ ਪੇਸ਼ੀ ਦੌਰਾਨ ਹੁੰਦਾ ਹੈ। ਜਿਵੇਂ-

'ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਨ ਤੋਂ ਡਰਨ ਲੱਗੀ'।[67]

ਜਦੋਂ ਰਾਮ ਨਾਥ ਨੂੰ ਪਤਾ ਲਗਦਾ ਹੈ ਕਿ ਛਿੰਦੋ ਦੇ ਬਲਾਤਕਾਰ ਕੇਸ ਵਾਲੀ ਮਿਸਲ ਨੇਹਾ ਨੇ ਪੜ੍ਹ ਲਈ ਹੈ ਤਾਂ ਉਸ ਨੂੰ ਆਪਣੇ ਆਪ ਤੇ ਗੁੱਸਾ ਆਉਣ ਲੱਗਾ, ਕਿਉਂਕਿ ਛਿੰਦੋ ਦੇ ਕੇਸ ਤੋਂ ਉਸ ਨੂੰ ਨੇਹਾ ਦੀ ਯਾਦ ਆਉਣ ਲੱਗੀ। ਇਸ ਤਰ੍ਹਾਂ ਕੁਝ ਦਿਨਾਂ ਤੋਂ ਰਾਮ ਨਾਥ ਸੋਚ ਰਿਹਾ ਸੀ ਕਿ ਉਹ ਇਹ ਕੇਸ ਲੜੇ ਜਾਂ ਮਿਸਲ ਵਾਪਸ ਹਰਬੰਸ ਦੇ ਹਵਾਲੇ ਕਰ ਦੇਵੇ। ਇਸੇ ਮਾਨਸਿਕ ਦੁਬਿਧਾ ਕਾਰਨ ਉਸ ਤੋਂ ਬਹਿਸ ਤਿਆਰ ਨਹੀਂ ਸੀ ਹੋ ਰਹੀ ਅਤੇ ਫਿਰ ਨੇਹਾ ਦੁਆਰਾ ਪੁੱਛੇ ਇਕ ਸਵਾਲ ਨੇ ਰਾਮ ਨਾਥ ਦੇ ਸਭ ਸ਼ੰਕੇ ਦੂਰ ਕਰ ਦਿੱਤੇ ਸਨ ਤੇ ਰਾਮ ਨਾਥ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਤੇ ਉਸ ਨੇ ਨੇਹਾ ਤੇ ਛਿੰਦੋ ਤੋਂ ਮਾਫ਼ੀ ਮੰਗਣੀ ਚਾਹੀ ਕਿਉਂਕਿ ਨੇਹਾ ਨੇ ਉਸ ਨੂੰ ਅਹਿਸਾਸ ਕਰਵਾਇਆ ਸੀ ਕਿ-

'ਕਦੇ ਦੁਸ਼ਾਸ਼ਣ ਬਣ ਕੇ ਰਾਮ ਨਾਥ ਨੇ ਛਿੰਦੋ ਦੇ ਚੀਰ ਹਰਨ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ ਨੇਹਾ ਬੇਟੀ ਦਾ ਚੀਰ ਹਰਨ ਕਰਨਾ ਸੀ। ਭੀਸ਼ਮ ਪਿਤਾਮਾ ਵਾਂਗ ਮਜਬੂਰ ਰਾਮ ਨਾਥ ਨੇ ਛਟਪਟਾ ਕੇ ਰਹਿ ਜਾਣਾ ਸੀ'।[68]
ਅਦਾਲਤਾਂ ਵਿਚ ਰਾਮ ਨਾਥ ਵਰਗੇ ਵਕੀਲ ਛਿੰਦੋ ਤੇ ਨੇਹਾ ਵਰਗੀਆਂ ਕੁੜੀਆਂ ਤੋਂ ਘਟੀਆ ਸਵਾਲ ਪੁੱਛ ਕੇ ਉਨ੍ਹਾਂ ਨੂੰ ਵਾਰ-ਵਾਰ ਨਿਰਵਸਤਰ ਕਰਕੇ ਉਨ੍ਹਾਂ ਦਾ ਅਪਮਾਨ ਕਰਦੇ ਹਨ ਜਿਸ ਕਰਕੇ ਨਾਵਲ ਦੇ ਸ਼ੁਰੂ ਵਿਚ ਰਾਮ ਨਾਥ ਆਪਣੀ ਭਾਣਜੀ ਨੇਹਾ ਤੇ ਹੋਏ ਬਲਾਤਕਾਰ ਨੂੰ ਛੁਪਾਉਣਾ ਚਾਹੁੰਦਾ ਹੈ। ਡਾਕਟਰਨੀ ਨੂੰ ਬਲਾਤਕਾਰ ਨਾ ਹੋਏ ਦੀ ਰਿਪੋਰਟ ਤਿਆਰ ਕਰਨ ਲਈ ਪੈਸੇ ਦੇਣ ਲਈ ਵੀ ਤਿਆਰ ਹੁੰਦਾ ਹੈ। ਅਜੋਕੀ ਮਹਾਂਭਾਰਤ ਹਰ ਪੱਖ ਤੋਂ ਪੁਰਾਤਨ ਮਹਾਂਭਾਰਤ ਤੋਂ ਉਲਟ ਹੈ ਜਦੋਂ ਦਰੋਪਤੀ ਆਪਣੀ ਬੇਇੱਜ਼ਤੀ ਦਾ ਬਦਲਾ ਲੈਣਾ ਚਾਹੁੰਦੀ ਹੈ ਤਾਂ ਉਸ ਦਾ ਪਤੀ ਉਸ ਦੀ ਪੂਰੀ ਮਦਦ ਕਰਦਾ ਹੈ ਜਦਕਿ ਨੇਹਾ ਦਾ ਪ੍ਰੇਮੀ ਸਾਗਰ ਉਸ ਨਾਲ ਵਾਪਰੀ ਬਲਾਤਕਾਰ ਦੀ ਘਟਨਾ ਕਾਰਨ ਉਸ ਨੂੰ ਛੱਡ ਹੀ ਜਾਂਦਾ ਹੈ, ਹਮਦਰਦੀ ਤਾਂ ਕੀ ਕਰਨੀ ਹੋਈ। ਇਹਨਾਂ ਹਾਲਾਤਾਂ ਦੀ ਸਤਾਈ ਹੋਈ ਨੇਹਾ ਆਤਮ-ਹੱਤਿਆ ਕਰਨਾ ਚਾਹੁੰਦੀ ਹੈ, ਜਿੱਥੇ ਉਸ ਨੂੰ ਆਪਣੇ ਭਰਾ ਕਮਲ ਦੇ ਕਹੇ ਬੋਲ ਯਾਦ ਆਉਂਦੇ ਹਨ ਕਿ-

"ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸ ਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ 'ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ'?

'ਇਕ ਵਾਰ ਨੇਹਾ ਤੋਂ ਕਮਲ ਨੇ ਇਹ ਪ੍ਰਸ਼ਨ ਪੁੱਛਿਆ ਸੀ। ਫੇਰ ਆਪੇ ਉਸ ਨੇ ਉੱਤਰ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ। ਕਮਲ ਅੱਜ ਫੇਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ। ਕਮਲ ਨੂੰ ਕਤਲ ਕਰ ਦਿੱਤਾ ਗਿਆ। ਇਹ ਕਮਲ ਦੀ ਮਜਬੂਰੀ ਸੀ। ਨੇਹਾ ਜਿਉਂਦੀ ਹੋ ਕੇ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿੱਛੋਂ ਇਕ ਹੋਰ ਮਹਾਂਭਾਰਤ ਹੋ ਜਾਏਗਾ। ਉਨ੍ਹਾਂ ਦੇ ਮਾਂ ਬਾਪ ਰੁਲ ਕੇ ਮਰ ਜਾਣਗੇ। ਕਮਲ ਦੇ ਕਾਤਲ ਬਰੀ ਹੋ ਜਾਣਗੇ'।[69]

ਨੇਹਾ ਆਤਮ ਹੱਤਿਆ ਕਰਨ ਤੋਂ ਆਪਣੇ ਫ਼ਰਜ਼ਾਂ ਕਾਰਨ ਤਾਂ ਰੁਕ ਜਾਂਦੀ ਹੈ ਪਰ ਆਪਣੇ ਭਰਾ ਦੇ ਕਾਤਲ ਤੋਂ ਕਾਨੂੰਨੀ ਲੜਾਈ ਰਾਹੀਂ ਬਦਲਾ ਨਹੀਂ ਲੈ ਸਕਦੀ ਤੇ ਨਾ ਹੀ ਆਪਣੇ ਮਾਂ ਬਾਪ ਨੂੰ ਰੁਲਣ ਤੋਂ ਬਚਾ ਸਕਦੀ ਹੈ।

'ਕੌਰਵ ਸਭਾ' ਨਾਵਲ ਵਿਚ ਪੇਸ਼ ਅੱਜ ਦੀ ਮਹਾਂਭਾਰਤ ਦੇ ਖਲਨਾਇਕ ਪਾਤਰ ਹਨ- ਪੰਕਜ, ਨੀਰਜ, ਵਕੀਲ ਨੰਦ ਲਾਲ, ਸਿੰਗਲਾ, ਵਾਸੂਦੇਵਾ, ਗੇਲੂ ਡੇਅਰੀ ਵਾਲਾ, ਰਾਮ ਲੁਭਾਇਆ, ਜੱਜ, ਸਰਕਾਰੀ ਅਤੇ ਪ੍ਰਾਈਵੇਟ ਡਾਕਟਰ, ਪੁਲਿਸ, ਆਦਿ ਇਹਨਾਂ ਸਾਰੇ ਪਾਤਰਾਂ ਨੂੰ ਪੰਕਜ ਤੇ ਨੀਰਜ ਜੋ ਕਿ ਮੁੱਖ ਕੌਰਵ ਹਨ ਦਾ ਪੱਖ ਪੂਰਦੇ ਹੋਏ ਵਿਖਾਇਆ ਗਿਆ ਹੈ ਜੋ ਹਰ ਮਹਿਕਮੇ ਨੂੰ ਕੌਰਵ ਸਭਾ ਦਾ ਰੂਪ ਦੇ ਰਹੇ ਹਨ। ਜਿਨ੍ਹਾਂ ਲਈ ਪੈਸਾ ਕਮਾਉਣਾ ਹੀ ਜ਼ਿੰਦਗੀ ਦਾ ਮੁੱਖ ਮਕਸਦ ਹੈ। ਨੈਤਿਕ ਕਦਰਾਂ-ਕੀਮਤਾਂ ਤਾਂ ਪੈਸੇ ਦੀ ਲਾਲਸਾ ਵਿਚ ਰੁੜ੍ਹ ਰਹੀਆਂ ਹਨ। ਆਧੁਨਿਕ ਸਮੇਂ ਦੀ ਕੌਰਵ ਸਭਾ ਵਿਚ ਨੇਕੀ ਦਾ ਪੱਖ ਪੂਰਨ ਵਾਲੇ ਵੀ ਜੱਜ ਸਾਧੂ ਸਿੰਘ ਵਰਗੇ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਇਸ ਪੈਸੇ ਦੇ ਯੁੱਗ ਵਿਚ ਕੋਈ ਪੇਸ਼ ਨਹੀਂ ਚਲਦੀ

ਕਿਉਂਕਿ ਚਾਰੇਂ ਪਾਸੇ ਬੇਈਮਾਨੀ ਤੇ ਪੈਸੇ ਦੀ ਚੌਧਰ ਹੈ। ਉਹ ਨੇਹਾ ਦੇ ਕੇਸ ਬਾਰੇ ਕੁਝ ਕਰਨਾ ਚਾਹੁੰਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ। ਕਿਉਂਕਿ- 'ਸਾਧੂ ਸਿੰਘ ਭਾਂਪ ਗਿਆ। ਸਾਰੇ ਵਕੀਲ ਇੱਕੋ ਥੈਲੀ ਦੇ ਚੱਟੇ-ਵੱਟੇ ਸਨ। ਡੱਡੂਆਂ ਵਾਂਗ ਸਾਰੇ ਇੱਕੋ ਰਾਗ ਅਲਾਪ ਰਹੇ ਸਨ। ਇਕੱਠੇ ਹੋ ਕੇ ਉਨ੍ਹਾਂ ਨੇ ਅਭਿਮਨਯੂ ਵਾਂਗ ਉਸ ਨੂੰ ਚੱਕਰਵਿਯੂ ਵਿਚ ਫਸਾ ਲਿਆ ਸੀ'।[70]
ਸਾਧੂ ਸਿੰਘ ਸਾਰੀ ਅਸਲੀਅਤ ਨੂੰ ਜਾਣਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ ਸੀ। ਉਹ ਤਾਂ ਚੁੱਪ-ਚਾਪ ਦਰਸ਼ਕ ਦੀ ਤਰ੍ਹਾਂ ਵੇਖ ਸਕਦਾ ਸੀ-

'ਦੋਸ਼ੀਆਂ ਉੱਪਰ ਕਤਲ ਦੇ ਨਾਲ-ਨਾਲ ਬਲਾਤਕਾਰ ਦਾ ਵੀ ਦੋਸ਼ ਸੀ। ਬਲਾਤਕਾਰ ਕੇਸ ਦੀ ਸੁਣਵਾਈ ਕਰਦੇ ਸਮੇਂ ਸਾਧੂ ਸਿੰਘ ਨੂੰ ਬੁਖ਼ਾਰ ਚੜ੍ਹਨ ਲਗਦਾ ਸੀ। ਉਹ ਆਪਣੇ ਆਪ ਨੂੰ ਕੌਰਵ ਸਭਾ ਦਾ ਮੁਖੀ ਮਹਿਸੂਸ ਕਰਨ ਲਗਦਾ ਸੀ। ਇਕ ਮਾਸੂਮ ਕੁੜੀ ਨੂੰ ਵਕੀਲਾਂ ਨੇ ਸ਼ਬਦ-ਬਾਣਾਂ ਰਾਹੀ ਨਿਰਵਸਤਰ ਕਰਨਾ ਸੀ। ਮਰਿਆਦਾ ਵਿਚ ਬੰਨ੍ਹੇ ਜੱਜ ਨੇ ਨਾ ਚਾਹੁੰਦੇ ਹੋਏ ਵੀ ਮੂਕ ਦਰਸ਼ਕ ਬਣ ਕੇ ਰਹਿ ਜਾਣਾ ਸੀ'।[71]

ਜੱਜ ਸਾਧੂ ਸਿੰਘ ਸਭ ਜਾਣਦੇ ਹੋਏ ਵੀ ਅੱਖਾਂ ਬੰਦ ਕਰਨ ਲਈ ਮਜਬੂਰ ਹੈ ਕਿਉਂਕਿ ਕੌਰਵ ਧਿਰ ਦੇ ਕੀਤੇ ਵਕੀਲਾਂ ਦੀਆਂ ਚਾਲਾਂ ਨੂੰ ਝੁਠਲਾਉਣਾ ਉਸ ਦੇ ਵੱਸ ਨਹੀਂ, ਕੇਵਲ ਸਾਧੂ ਸਿੰਘ ਹੀ ਨਹੀਂ ਸਗੋਂ ਵਕੀਲ ਊਧਮ ਸਿੰਘ, ਹਰੀਸ਼ ਰਾਏ, ਵਿਕਟਮ ਵੈੱਲਫੇਅਰ ਸੁਸਾਇਟੀ, ਰਾਮਨਾਥ ਵਰਗੇ ਸਭ ਇਸ ਭ੍ਰਿਸ਼ਟਾਚਾਰੀ ਦੇ ਸਿਸਟਮ ਦੇ ਖ਼ਿਲਾਫ਼ ਬੋਲਣ ਤੋਂ ਬੇਵੱਸ ਹੋਏ ਸਿਰਫ਼ ਮਾਨਸਿਕ ਸੰਤਾਪ ਹੀ ਭੋਗ ਰਹੇ ਹਨ ਕਿਉਂਕਿ ਕੌਰਵਾਂ ਦਾ ਸਾਥ ਦੇਣ ਲਈ ਚਪੜਾਸੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਸਭ ਤਿਆਰ ਹਨ, ਜਿਵੇਂ- ਡਾਕਟਰ, ਪੁਲਿਸ, ਵਕੀਲ ਅਤੇ ਜੱਜ ਆਦਿ ਪਰੰਤੂ ਪਾਂਡਵਾਂ ਦੀ ਧਿਰ ਦਾ ਸਾਥ ਉਨ੍ਹਾਂ ਦੇ ਸਕੇ ਸੰਬੰਧੀ ਵੀ ਛੱਡ ਜਾਂਦੇ ਹਨ ਕਿਉਂਕਿ ਅੱਜ ਦੇ ਪੈਸੇ ਵਾਲੇ ਯੁੱਗ ਵਿਚ ਪੈਸੇ ਵਾਲਿਆਂ ਨਾਲ ਹੀ ਹਰੇਕ ਦਾ ਰਿਸ਼ਤਾ-ਨਾਤਾ ਹੈ। ਨੇਹਾ ਦਾ ਸਾਥ ਦੇਣ ਵਾਲਾ ਉਸ ਦਾ ਮਾਮਾ ਰਾਮਨਾਥ ਹੀ ਰਹਿ ਜਾਂਦਾ ਹੈ, ਬਾਕੀ ਵੇਦ ਦੇ ਸਭ ਦੋਸਤ ਮਿੱਤਰ ਸੁਦਾਮੇ ਬਣ ਜਾਂਦੇ ਹਨ ਕਿਉਂਕਿ ਸੁਦਾਮੇ ਗ਼ਰੀਬ ਹੋਣ ਕਰਕੇ ਆਧੁਨਿਕ ਮਹਾਂਭਾਰਤ ਦਾ ਯੁੱਧ ਲੜਨ ਲਈ ਅਸਮਰਥ ਹਨ। ਜਿਵੇਂ ਨਾਵਲ ਵਿਚ ਜ਼ਿਕਰ ਹੈ-

'ਵੇਦ ਨੇ ਹਿਸਾਬ-ਕਿਤਾਬ ਲਾਇਆ। ਜੇ ਸਾਰੇ ਸੁਦਾਮਿਆਂ ਤੋਂ ਸਾਰੇ ਸੱਤੂ ਇਕੱਠੇ ਕਰ ਲਏ ਜਾਣ ਤਾਂ ਵੀ ਰਕਮ ਦਸ ਪੰਦਰਾਂ ਹਜ਼ਾਰ ਤੋਂ ਨਹੀਂ ਵਧਣੀ। ਕੀ ਨੰਗੀ ਨਹਾਊ ਕੀ ਨਚੋੜੂ। ਇੰਨੇ ਪੈਸਿਆਂ ਨਾਲ ਦਸ ਦਿਨ ਵੀ ਨਹੀਂ ਲੰਘਣੇ'।[72]

ਨੇਹਾ ਦਾ ਪਿਤਾ ਪਲੱਸਤਰ ਨਾਲ ਬੰਨ੍ਹਿਆ ਹੋਇਆ ਆਪਣੇ ਪਰਿਵਾਰ ਲਈ ਕੁਝ ਨਹੀਂ ਕਰ ਸਕਦਾ, ਸਿਰਫ਼ ਮਹਾਂਭਾਰਤ ਦੇ ਪਾਤਰ ਭੀਸ਼ਮ ਪਿਤਾਮਾ ਦੀ ਤਰ੍ਹਾਂ ਅਨਾਥ ਨੂੰ ਦੇਖ ਹੀ ਰਿਹਾ ਹੈ। ਉਸ ਨੂੰ ਪਤਾ ਸੀ ਜਦ ਤੱਕ ਉਨ੍ਹਾਂ ਨੇ ਸਰੀਰਕ ਤੇ ਮਾਨਸਿਕ ਤੌਰ ਤੇ ਠੀਕ ਹੋਣਾ ਸੀ ਕੌਰਵਾਂ ਦੀ ਧਿਰ ਆਪਣੀਆਂ ਚੁਸਤ ਚਲਾਕੀਆਂ ਨਾਲ ਫ਼ੈਸਲਾ ਆਪਣੇ ਹੱਕ ਵਿਚ ਕਰਵਾ ਲਵੇਗੀ। ਜਿਵੇਂ-

'ਜਦੋਂ ਤਕ ਮੁਦਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ ਉਦੋਂ ਤਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ'।[73]

ਹੁੰਦਾ ਵੀ ਇਸੇ ਤਰ੍ਹਾਂ ਹੈ, ਭਾਵੇਂ ਪੰਡਿਤ ਪਰਮਾਨੰਦ ਨੇਹਾ ਨੂੰ ਅਦਾਲਤ ਵਿਚ ਕੌਰਵਾਂ ਦੇ ਖ਼ਿਲਾਫ਼ ਡਟ ਜਾਣ ਦਾ ਉਪਦੇਸ਼ ਦਿੰਦਾ ਹੈ ਜਿਸ ਤਰ੍ਹਾਂ ਮਹਾਂਭਾਰਤ ਵਿੱਚ ਕ੍ਰਿਸ਼ਨ ਅਰਜੁਨ ਨੂੰ ਰਣ-ਖੇਤਰ ਵਿਚ ਜਾਣ ਤੋਂ ਪਹਿਲਾਂ ਰਿਸ਼ਤਿਆਂ ਨੂੰ ਸਾਹਮਣੇ ਵੇਖ ਕੇ ਦੁਬਿਧਾ ਵਿਚ ਪਏ ਨੂੰ ਕੱਢਦਾ ਹੈ ਤੇ ਉਸ ਨੂੰ ਕੁਰੂਕਸ਼ੇਤਰ ਦੇ ਮੈਦਾਨ ਵਿਚ ਯੁੱਧ ਕਰਨ ਲਈ ਪ੍ਰੇਰਿਤ ਵੀ ਕਰਦਾ ਹੈ-

'ਪੰਡਿਤ ਪਰਮਾਨੰਦ ਨੇ ਨੇਹਾ ਨੂੰ ਮਾਇਆ ਨਗਰ ਵੱਲ ਤੁਰਨ ਤੋਂ ਪਹਿਲਾਂ ਛੋਟਾ ਜਿਹਾ ਉਪਦੇਸ਼ ਦਿੱਤਾ ਸੀ। ਅਦਾਲਤ ਉਸ ਲਈ ਕੁਰੂਕਸ਼ੇਤਰ ਦਾ ਮੈਦਾਨ ਸੀ। ਨੇਹਾ ਨੇ ਹੁੰਦੇ ਚੀਰ ਹਰਨ ਤੋਂ ਡਰ ਕੇ ਰਹਿਮ ਦੀ ਪੁਕਾਰ ਨਹੀਂ ਸੀ ਕਰਨੀ। ਉਸ ਨੇ ਅਰਜਨ ਬਣਕੇ ਗਵਾਹੀ ਵਾਲੇ ਤੀਰ ਕੌਰਵਾਂ ਵੱਲ ਸੁੱਟਣੇ ਸਨ। ਇਨ੍ਹਾਂ ਤੀਰਾਂ ਨੇ ਮੁਲਜ਼ਮਾਂ ਲਈ ਫਾਂਸੀ ਦਾ ਫੰਦਾ ਬਣਨਾ ਸੀ'।[74]

ਨੇਹਾ ਪਰਮਾਨੰਦ ਦੇ ਉਪਦੇਸ਼ ਕਾਰਨ ਲੜਾਈ ਲਈ ਦਿਲੋਂ ਤਾਂ ਤਿਆਰ ਹੁੰਦੀ ਹੈ ਪਰੰਤੂ ਅਦਾਲਤ ਵਿਚ ਅਰਜੁਨ ਦੇ ਤੀਰਾਂ ਦੀ ਤਰ੍ਹਾਂ ਕੋਈ ਕਰਾਮਾਤ ਨਹੀਂ ਦਿਖਾਉਂਦੀ। ਅੰਤ ਵਿਚ ਵੇਦ ਦਾ ਪਰਿਵਾਰ ਆਰਥਿਕ, ਸਰੀਰਕ ਤੇ ਮਾਨਸਿਕ ਪੱਖੋਂ ਮਹਾਂਭਾਰਤ ਦਾ ਯੁੱਧ ਹਾਰ ਜਾਂਦਾ ਹੈ ਜਦਕਿ ਮਹਾਂਭਾਰਤ ਵਿਚ ਪਾਂਡਵਾਂ ਦੀ ਜਿੱਤ ਹੁੰਦੀ ਹੈ। ਆਧੁਨਿਕ ਯੁੱਗ ਦੀ ਮਹਾਂਭਾਰਤ ਪੈਸੇ ਦੀ ਹੈ ਇਸ ਕਰਕੇ ਕੌਰਵ ਪੈਸੇ ਕਾਰਨ ਜਿੱਤ ਜਾਂਦੇ ਹਨ ਤੇ ਪਾਂਡਵ ਸੱਚੇ ਹੋਣ ਦੇ ਬਾਵਜੂਦ ਵੀ ਇਨਸਾਫ਼ ਦੀ ਉਡੀਕ ਕਰਦੇ ਹੋਏ ਹਾਰ ਜਾਂਦੇ ਹਨ ਤੇ ਝੂਠੀ ਤਸੱਲੀ ਲਈ ਹਾਈ ਕੋਰਟ ਜਾਣ ਦਾ ਮਨ ਬਣਾਉਂਦੇ ਹਨ-

'ਅੱਗੇ ਵਧ ਕੇ ਨੇਹਾ ਦੇ ਸਿਰ 'ਤੇ ਹੱਥ ਰੱਖ ਕੇ ਨਾਲੇ ਹਰੀਸ਼ ਨੇ ਨੇਹਾ ਨਾਲ ਹਮਦਰਦੀ ਪ੍ਰਗਟਾਈ ਨਾਲੇ ਫ਼ੈਸਲੇ ਦੇ ਅਰਥ ਸਮਝਾਏ'।

"ਹੌਸਲਾ ਰੱਖ ਧੀਏ। ਇਸ ਅਦਾਲਤ ਦਾ ਫ਼ੈਸਲਾ ਅੰਤਿਮ ਨਹੀਂ। ਆਪਾਂ ਉੱਪਰ ਅਪੀਲ ਕਰਾਂਗੇ"।[75]

ਰਾਮਨਾਥ ਨੇਹਾ ਦਾ ਦਿਲ ਰੱਖਣ ਲਈ ਉਸ ਨੂੰ ਉੱਪਰਲੇ ਕਾਨੂੰਨ ਕੋਲ ਜਾਣ ਦਾ ਦਾਅਵਾ ਕਰਦਾ ਹੈ ਪਰ ਹੋਣ ਵਾਲਾ ਕੁਝ ਵੀ ਨਹੀਂ। ਨਾਵਲ ਇੱਥੇ ਹੀ ਖ਼ਤਮ ਨਹੀਂ ਹੁੰਦਾ ਸਗੋਂ ਅੰਤ ਵਿਚ ਉੱਪਰ ਜਾਣ ਦਾ ਸੰਕੇਤ ਇਹ ਦਰਸਾਉਂਦਾ ਹੈ ਕਿ ਆਖ਼ਰ ਕਿੰਨਾ ਚਿਰ ਪੈਸੇ ਦੇ ਜ਼ੋਰ ਤੇ ਕੌਰਵ ਜਿੱਤਦੇ ਰਹਿਣਗੇ।

ਸੋ ਨਾਵਲਕਾਰ ਭਾਰਤੀ ਪਰੰਪਰਾ ਅਨੁਸਾਰ ਮਹਾਂਭਾਰਤ ਨੂੰ ਆਧੁਨਿਕ ਮਹਾਂਭਾਰਤ ਦੇ ਰੂਪ ਵਿਚ ਰੂਪਮਾਨ ਕਰਦਾ ਹੋਇਆ ਇਸ ਪੂਰਵ ਮਨੌਤ ਅੱਗੇ ਪ੍ਰਸ਼ਨ-ਚਿੰਨ੍ਹ ਲਾਉਂਦਿਆਂ ਕੌਰਵ ਸਭਾ ਨਾਵਲ ਵਿਚ ਨੇਕੀ ਅਤੇ ਬਦੀ ਦੀ ਇਸ ਲੜਾਈ ਵਿਚ ਬਦੀ ਦੀ ਜਿੱਤ ਤੇ ਨੇਕੀ ਨੂੰ ਬੁਰੀ ਤਰ੍ਹਾਂ ਹਾਰਦੀ ਦਿਖਾਉਂਦਾ ਹੈ। ਮਹਾਂਭਾਰਤ ਦੀ ਮਿੱਥ ਬਦੀ ਦਾ ਰਾਹ ਤਿਆਗ ਕੇ ਨੇਕੀ ਦੇ ਰਾਹ

ਚੱਲਣ ਲਈ ਪ੍ਰੇਰਿਤ ਕਰਦੀ ਹੇ ਕਿਉਂਕਿ ਬਦੀ ਦੇ ਰਾਹ ਤੇ ਬਰਬਾਦੀ ਤੋਂ ਬਿਨਾਂ ਕੁਝ ਵੀ ਹਾਸਿਲ ਨਹੀਂ ਹੁੰਦਾ ਪਰ ਨਾਵਲ ਵਿਚ ਨੇਕੀ ਦੀ ਹਾਰ ਤੇ ਬਰਬਾਦੀ ਦਿਖਾ ਕੇ ਨਾਵਲਕਾਰ ਬਦੀ ਪ੍ਰਤੀ ਨਫ਼ਰਤ ਪੈਦਾ ਕਰਨ ਵਿਚ ਸਫਲ ਹੋਇਆ ਹੈ।

'ਕੌਰਵ ਸਭਾ' ਨਾਵਲ ਵਿਚ ਨਾਵਲਕਾਰ ਦਾ ਲਗਭਗ ਤਿੰਨ ਦਹਾਕਿਆਂ ਦਾ ਅਨੁਭਵ ਸਮਾਇਆ ਹੋਇਆ ਹੈ ਜਿਸ ਰਾਹੀਂ ਉਸ ਨੇ ਇਤਿਹਾਸ ਦਾ ਪੁਨਰ-ਵਿਵੇਚਨ ਕਰਦੇ ਮਿੱਥ ਕਥਾ ਅਥਵਾ ਇਸ ਸੰਕਲਪ ਨੂੰ ਆਧਾਰ ਬਣਾ ਕੇ ਜੀਵਨ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ ਹੈ, ਇਹ ਨਾਵਲਕਾਰ ਦੀ ਵਿਲੱਖਣਤਾ ਕਹੀ ਜਾ ਸਕਦੀ ਹੈ। ਸ਼ਹਿਰੀਕਰਨ ਤੇ ਪੂੰਜੀਵਾਦ ਦੇ ਪ੍ਰਭਾਵ ਵਜੋਂ ਉਪਜੀ ਪਦਾਰਥਕ ਸੋਚ ਦੇ ਅਮਾਨਵੀ ਪੱਖਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੰਜਾਬ ਦੇ ਵਿਭਿੰਨ ਖੇਤਰਾਂ ਵਿਚ ਪੂੰਜੀਵਾਦ ਤੋਂ ਪੈਦਾ ਹੋਏ ਸੰਕਟ ਦੀ ਤਸਵੀਰਕਸ਼ੀ ਪੇਸ਼ ਕਰਦਿਆਂ ਪਰਵਾਸੀ ਮਜ਼ਦੂਰਾਂ ਕਾਰਨ ਪੰਜਾਬ ਵਿਚ ਉਤਪੰਨ ਹੋਈਆਂ ਸਮੱਸਿਆਵਾਂ ਨੂੰ ਵੀ ਆਪਣੇ ਨਾਵਲ ਵਿਚ ਕੇਂਦਰੀ ਸਮੱਸਿਆਵਾਂ ਵਜੋਂ ਵਿਸਥਾਰ ਨਾਲ ਪੇਸ਼ ਕੀਤਾ ਹੈ।

ਨਾਵਲਕਾਰ ਕਾਨੂੰਨ ਪ੍ਰਬੰਧ ਦੀਆਂ ਵਿਧੀਆਂ ਅਤੇ ਕਾਨੂੰਨ ਪ੍ਰਬੰਧ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਸਾਹਮਣੇ ਲਿਆਉਂਦਾ ਹੋਇਆ ਇਸ ਪ੍ਰਣਾਲੀ ਨੂੰ ਆਧੁਨਿਕ ਰੂਪ ਦੇਣਾ ਚਾਹੁੰਦਾ ਹੈ ਜਿਵੇਂ ਨਾਵਲ ਵਿਚ ਸੁਸਾਇਟੀ ਦੇ ਪ੍ਰਧਾਨ ਤੇ ਰਾਮ ਨਾਥ ਦੀ ਆਪਸੀ ਬਹਿਸ ਦੌਰਾਨ ਇਹ ਵਿਚਾਰ ਸਾਹਮਣੇ ਆਉਂਦੇ ਹਨ-

"ਪਰ ਕਸੂਰ ਗਵਾਹਾਂ ਦਾ ਨਹੀਂ ਸਾਡੇ ਢਾਂਚੇ ਦਾ ਹੈ। ਵਿਗਿਆਨ ਚੰਦ ਦੀ ਹਿੱਕ 'ਤੇ ਪੈਰ ਰੱਖ ਕੇ ਮੰਗਲ-ਗ੍ਰਹਿ ਤਕ ਪੁੱਜ ਗਿਆ ਹੈ। ਅਸੀ ਅਠਾਰਾਂ ਸੋ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮ-ਦੀਦ ਗਵਾਹ ਚਾਹੀਦੇ ਹਨ। ਵਿਗਿਆਨਿਕ-ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ। ਹਨੇਰੇ ਕਮਰਿਆਂ ਵਿਚ ਘੜੀਆਂ ਸਾਜ਼ਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ? ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜ੍ਹੇ ਕੀਤੇ ਜਾਣਗੇ। ਝੂਠ ਦੇ ਪੈਰ ਨਹੀਂ ਹੁੰਦੇ। ਕਹਾਣੀ ਸ਼ੱਕੀ ਬਣੇਗੀ। ਸ਼ੱਕ ਦਾ ਫ਼ਾਇਦਾ ਮੁਲਜ਼ਮ ਨੂੰ ਮਿਲੇਗਾ। ਉਹ ਬਰੀ ਹੋ ਜਾਏਗਾ। ਮੁੱਦਈ ਦੇਖਦਾ ਰਹਿ ਜਾਏਗਾ। ਇਸੇ ਬੇਇਨਸਾਫ਼ੀ ਵਿਰੁੱਧ ਸਾਡੀ ਲੜਾਈ ਹੈ"।[76]

ਇਸ ਵੇਰਵੇ ਤੋਂ ਪ੍ਰਤੱਖ ਹੈ ਕਿ ਨਾਵਲਕਾਰ ਸੁਧਾਰਵਾਦੀ ਦ੍ਰਿਸ਼ਟੀਕੋਣ ਰਾਹੀਂ ਦੋਸ਼ ਗ੍ਰਸਤ ਨਿਆਂ ਪ੍ਰਣਾਲੀ ਨੂੰ ਬਦਲਣ ਪ੍ਰਤੀ ਵੀ ਯਤਨਸ਼ੀਲ ਹੈ। ਪੁਰਾਤਨ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੋਇਆ ਨਾਵਲਕਾਰ ਨਾਵਲ ਵਿਚ ਪੇਸ਼ ਹੁੰਦੇ ਮਹਾਂ-ਨਗਰੀ ਮਾਨਵੀ ਰਿਸ਼ਤੇ, ਉਸ ਸਮਾਜਿਕ ਸੰਕਟ ਵੱਲ ਇਸ਼ਾਰਾ ਕਰ ਜਾਂਦੇ ਹਨ ਜੋ ਜ਼ਿੰਦਗੀ ਦੇ ਹਰ ਪਹਿਲੂ ਨੂੰ ਆਪਣੀ ਮੁੱਠੀ ਵਿਚ ਬੰਦ ਕਰ ਰਿਹਾ ਹੈ। ਇਹ ਸਮਾਜਿਕ ਸੰਕਟ ਮਨੁੱਖ ਦੇ ਮਨੁੱਖ ਨਾਲ ਰਾਬਤੇ ਦਾ ਵੀ ਹੈ ਤੇ ਮਨੁੱਖ ਦੀ ਇਕੱਲਤਾ ਅਤੇ ਖੰਡਤਾ ਦਾ ਵੀ ਹੈ। ਜਿਵੇਂ ਵੇਦ ਪਰਿਵਾਰ ਇਕ ਛੋਟੇ ਨਗਰ ਤੋਂ ਉੱਠ ਕੇ ਮਹਾਂਨਗਰ ਵਿਚ ਚਲਾ ਜਾਂਦਾ ਹੈ। ਅਖੀਰ ਵਿਚ ਇਸ ਪਰਿਵਾਰ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਸ ਨਾਲ ਇਹ ਪਰਿਵਾਰ ਟੁੱਟਿਆ-ਬਿੱਖਰਿਆ ਤਬਾਹ ਹੋਇਆ ਮਹਾਂਨਗਰ ਨੂੰ ਅਲਵਿਦਾ ਆਖਦਾ ਹੈ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਨਾਵਲ 'ਕੌਰਵ ਸਭਾ' ਵਿਚ ਮਹਾਂਭਾਰਤ ਦੀ ਮਿੱਥ ਕਥਾ ਨੂੰ ਪਿਛੋਕੜ ਵਿੱਚ ਰੱਖ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਪ੍ਰਯੋਗ ਕੀਤਾ ਹੈ ਅਤੇ ਸਦੀਆਂ ਤੋਂ ਮਿਥੀ ਆ ਰਹੀ ਇਸ ਮਿੱਥ ਨੂੰ ਵੀ ਤੋੜਿਆ ਹੈ ਕਿ ਬਦੀ ਅਤੇ ਨੇਕੀ ਦੀ ਲੜਾਈ ਵਿਚ ਜਿੱਤ ਹਮੇਸ਼ਾ ਨੇਕੀ ਦੀ ਹੀ ਹੁੰਦੀ ਹੈ। ਜਿਵੇਂ ਕਿ ਮਹਾਂਭਾਰਤ ਵਿਚ ਅੰਤ ਉੱਤੇ 'ਨੇਕੀ ਦੀ ਬਦੀ ਉੱਤੇ ਜਿੱਤ ਹੁੰਦੀ ਹੈ' ਪਰੰਤੂ ਨਾਵਲ 'ਕੌਰਵ ਸਭਾ' ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿੱਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ ਬਦੀ 'ਤੇ ਨੇਕੀ ਦੀ ਜਿੱਤ ਦੀ ਮਿੱਥ ਨੂੰ ਤੋੜਦਾ ਹੋਇਆ ਇਹ ਗਿਆਨ ਕਰਵਾਉਂਦਾ ਹੈ ਕਿ ਆਧੁਨਿਕ ਲੋਕਤੰਤਰਿਕ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੈ, ਜਿਸ ਨੂੰ ਹਰਾਉਣ ਲਈ ਅਜੋਕੇ ਸਮਾਜਕ, ਆਰਥਕ, ਰਾਜਨੀਤਕ ਅਤੇ ਨਿਆਇਕ ਸਿਸਟਮ ਨੂੰ ਪੂਰੀ ਤਰ੍ਹਾਂ ਬਦਲਣ ਦੀ ਜ਼ਰੂਰਤ ਹੈ।

---

[1] ਕੁਲਵੰਤ ਸਿੰਘ, ਮਿੱਥ ਅਧਿਐਨ ਤੇ ਵਾਰਾਂ ਗੁਰਦਾਸ, ਪੰਨਾ-7
[2] ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ-17
[3] Encyclopaidia of Britannica, Vol. XII, p-794
[4] ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਕਵਿਤਾ, ਪੰਨਾ-53
[5] ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਪੰਨਾ-26
[6] ਪਿਆਰਾ ਸਿੰਘ ਭੋਗਲ ਤੇ ਹਿਰਦੇਜੀਤ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-18

---

[7] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-6
[8] -ਉਹੀ-, ਪੰਨਾ-90
[9] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-100
[10] -ਉਹੀ-, ਪੰਨਾ-101
[11] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-101
[12] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-104
[13] -ਉਹੀ-, ਪੰਨਾ-106
[14] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-107
[15] -ਉਹੀ-, ਪੰਨਾ-224
[16] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-233-234
[17] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-108
[18] -ਉਹੀ-, ਪੰਨਾ-128-129
[19] -ਉਹੀ-, ਪੰਨਾ-157
[20] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-228
[21] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-230
[22] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-231
[23] -ਉਹੀ-, ਪੰਨਾ-233-234
[24] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-234
[25] -ਉਹੀ-, ਪੰਨਾ-235
[26] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-237
[27] -ਉਹੀ-, ਪੰਨਾ-237
[28] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ 243-244
[29] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-290
[30] -ਉਹੀ-, ਪੰਨਾ-291
[31] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-316
[32] -ਉਹੀ-, ਪੰਨਾ-310
[33] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-320
[34] -ਉਹੀ-, ਪੰਨਾ-321-322
[35] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-322
[36] Webster's Seventh New Collegiate Dictionary, p-892
[37] Theory of Literature, p-189
[38] ਕਾਵਿ ਦੇ ਤੱਤ, ਪੰਨਾ-85
[39] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-231
[40] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-234
[41] -ਉਹੀ-, ਪੰਨਾ-290
[42] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-107
[43] C.D. Lewis, The Poetic image (London, 1948), p-18
[44] 'ਕਾਵਯ ਬਿੰਬ' (ਦਿੱਲੀ, 1967), ਪੰਨਾ-5
[45] 'ਰਸ ਮੀਮਾਂਸਾ' (ਕਾਸ਼ੀ, ਸੰ. 2023), ਪੰਨਾ-263
[46] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-172
[47] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-224
[48] -ਉਹੀ-, ਪੰਨਾ-228
[49] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-235
[50] -ਉਹੀ-, ਪੰਨਾ 322

---

[51] ਕੁਲਵੰਤ ਸਿੰਘ, ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ, ਪੰਨਾ-7
[52] ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ-17
[53] Encyclopaidia of Britannica, Vol.XII, P-794
[54] ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ-760
[55] ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਕਵਿਤਾ, ਪੰਨਾ-53
[56] ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ ਪੰਨਾ-26
[57] ਜੋਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਪੰਨਾ-214-215
[58] ਸੁਖਦੇਵ ਸਿੰਘ ਖਾਹਰਾ (ਸੰਪਾ.), ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਨ, ਪੰਨਾ-9
[59] ਸੁਖਦੇਵ ਸਿੰਘ ਖਾਹਰਾ (ਸੰਪਾ.), ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਨ, ਪੰਨਾ-162
[60] ਜੌਨ ਡੋਸ਼ਨ, ਹਿੰਦੂ ਮਿਥਿਹਾਸ ਕੋਸ਼, ਪੰਨਾ-400
[61] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-6
[62] ਸੁਖਦੇਵ ਸਿੰਘ ਖਾਹਰਾ (ਸੰਪਾ.), ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਣ, ਪੰਨਾ-95
[63] ਸਤਿੰਦਰ ਸਿੰਘ ਨੂਰ, ਪੰਜਾਬੀ ਗਲਪ ਚੇਤਨਾ, ਪੰਨਾ-91
[64] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-104
[65] -ਉਹੀ-, ਪੰਨਾ-106
[66] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-237
[67] -ਉਹੀ-, ਪੰਨਾ-290
[68] -ਉਹੀ-, ਪੰਨਾ-291
[69] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-108
[70] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-310
[71] -ਉਹੀ-, ਪੰਨਾ-321
[72] -ਉਹੀ-, ਪੰਨਾ-244
[73] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-234
[74] -ਉਹੀ-, ਪੰਨਾ-321-322
[75] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-355
[76] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-393-394

# ਅਧਿਆਇ - ਪੰਜਵਾਂ

## ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਦੀ ਭਾਸ਼ਾ ਤੇ ਸ਼ੈਲੀ

ਕਿਸੇ ਵੀ ਰਚਨਾ ਦਾ ਢਾਂਚਾ ਬਣਾਉਣ ਸਮੇਂ ਹੋਰ ਤੱਤਾਂ ਦੀ ਤਰ੍ਹਾਂ ਭਾਸ਼ਾ ਦਾ ਤੱਤ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਾਸ਼ਾ ਸੌਖੀ, ਸਰਲ ਤੇ ਸਪਸ਼ਟ ਹੋਣ ਕਾਰਨ ਹੀ ਰਚਨਾ ਵਿਚ ਰੌਚਿਕਤਾ ਆਉਂਦੀ ਹੈ ਕਿਉਂਕਿ ਪਾਠਕ ਸੌਖ ਨਾਲ ਪੜ੍ਹ ਕੇ ਹੀ ਰਚਨਾ ਦੇ ਵਿਸ਼ੇਸ਼ ਪਾਤਰਾਂ ਅਤੇ ਘਟਨਾਵਾਂ ਨਾਲ ਜੁੜਦਾ ਹੈ। ਪਿਆਰਾ ਸਿੰਘ ਭੋਗਲ ਅਨੁਸਾਰ- "ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜਿਸ ਵਿਚ ਸਾਹਿਤ ਰਚਨਾ ਹੋਂਦ ਵਿਚ ਆਈ। ਸਾਹਿਤ ਅਜਿਹੀ ਕਲਾ ਹੈ ਜੋ ਸ਼ਬਦਾਂ ਰਾਹੀਂ ਪ੍ਰਗਟ ਹੁੰਦੀ ਹੈ, ਇਹ ਕਲਾ ਪਾਠਕ ਨੂੰ ਹਲੂਣਦੀ ਵੀ ਹੈ ਅਤੇ ਨਾਵਲਕਾਰ ਦੇ ਮੰਤਵ ਨੂੰ ਵੀ ਪੂਰਦੀ ਹੈ"।[1]

ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਵੀ ਰਚਨਾ ਖ਼ਾਸ ਕਰਕੇ ਨਾਵਲ ਦੀ ਭਾਸ਼ਾ ਸਾਫ਼-ਸੁਥਰੀ, ਸਰਲ ਅਤੇ ਹਰ ਤਰ੍ਹਾਂ ਦੇ ਪਾਠਕ ਦੇ ਪੱਧਰ ਦੀ ਹੋਵੇ ਤਾਂ ਕਿ ਨਾਵਲ ਨੂੰ ਉਸ ਦੇ ਵਿਸ਼ੇ ਦੀ ਗਹਿਰਾਈ ਤੋਂ ਪੜ੍ਹਿਆ ਜਾ ਸਕਦਾ ਹੋਵੇ। ਨਾਵਲ ਦੀ ਭਾਸ਼ਾ ਬਾਰੇ ਪ੍ਰਿਤਪਾਲ ਸਿੰਘ ਲਿਖਦੇ ਹਨ-

"ਭਾਸ਼ਾ ਦਾ ਇਤਿਹਾਸਕ ਨਾਵਲ ਵਿਚ ਇਕ ਵਿਸ਼ੇਸ਼ ਸਥਾਨ ਹੁੰਦਾ ਹੈ। ਭਾਸ਼ਾ ਰਾਹੀਂ ਨਾਵਲਕਾਰ ਆਪਣੇ ਵਿਚਾਰ ਅਤੇ ਉਦੇਸ਼ ਪਾਠਕਾਂ ਤੱਕ ਪਹੁੰਚਾਉਂਦਾ ਹੈ। ਭਾਸ਼ਾ ਨਾਵਲਕਾਰ ਅਤੇ ਪਾਠਕਾਂ ਵਿਚ ਸੰਚਾਰ ਦਾ ਮਾਧਿਅਮ ਹੁੰਦੀ ਹੈ। ਇਸ ਲਈ ਨਾਵਲਕਾਰ ਦੀ ਭਾਸ਼ਾ ਜਿੰਨੀ ਸਰਲ, ਸੰਖੇਪ ਅਤੇ ਜਨ-ਸਾਧਾਰਨ ਦੇ ਵਧੇਰੇ ਨੇੜੇ ਹੋਵੇਗੀ ਓਨੀ ਹੀ ਉਸ ਦੀ ਲਿਖਤ ਲੋਕਾਂ ਵਿਚ ਲੋਕਪ੍ਰਿਆ ਹੋਵੇਗੀ। ਨਾਵਲਕਾਰ ਦਾ ਆਪਣੀ ਬੋਲੀ ਉੱਪਰ ਕਾਬੂ ਹੋਣਾ ਚਾਹੀਦਾ ਹੈ"।[2]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਪੇਸ਼ੇ ਦੇ ਤੌਰ ਤੇ ਵਕੀਲ ਹੋਣ ਦੇ ਬਾਵਜੂਦ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਰਤੀ ਹੈ। ਬੇਸ਼ੱਕ ਉਸ ਦਾ ਵਾਹ-ਵਾਸਤਾ ਹਮੇਸ਼ਾ ਅੰਗਰੇਜ਼ੀ ਬੋਲਣ ਵਾਲੇ ਵਕੀਲਾਂ ਨਾਲ ਪੈਂਦਾ ਹੈ ਪਰੰਤੂ ਉਹ ਆਪਣੇ ਨਾਵਲਾਂ ਵਿਚ ਅੰਗਰੇਜ਼ੀ ਸ਼ਬਦਾਵਲੀ ਵਰਤਣ ਤੋਂ ਸੰਕੋਚ ਕਰਦਾ ਹੈ ਪਰ ਜੋ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਸਾਡੇ ਅਜੋਕੇ ਸਮਾਜਿਕ, ਆਰਥਿਕ, ਨਿਆਇਕ ਤੇ ਰਾਜਨੀਤਿਕ ਸਿਸਟਮ ਦਾ ਹਿੱਸਾ ਬਣ ਚੁੱਕੇ ਹਨ ਤੇ ਜਿਨ੍ਹਾਂ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਨੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਥਾਂ ਲੈ ਲਈ ਹੈ ਉਹਨਾ ਸ਼ਬਦਾਂ ਨੂੰ ਲੇਖਕ ਵਰਤਣ ਤੋਂ ਗੁਰੇਜ਼ ਨਹੀਂ ਕਰਦਾ। ਇਸੇ ਤਰ੍ਹਾਂ ਉਸ ਦੇ ਬਰਨਾਲੇ ਬੀਤੇ ਬਚਪਨ ਦਾ ਅਸਰ ਹੈ ਕਿ ਵੱਡੀ ਤੋਂ ਵੱਡੀ ਘਟਨਾ ਨੂੰ ਛੋਟੀ ਤੋਂ ਛੋਟੀ ਸ਼ਬਦਾਵਲੀ ਅਤੇ ਸਾਧਾਰਨ ਭਾਸ਼ਾ ਰਾਹੀਂ ਪੇਸ਼ ਕਰਨ ਦਾ ਯਤਨ ਕਰਦਾ ਹੈ। ਬੇਸ਼ੱਕ ਉਸ ਦੇ ਨਾਵਲਾਂ ਦਾ ਵਿਸ਼ਾ ਰੁੱਖਾ ਅਤੇ ਨਵਾਂ ਹੈ ਪਰੰਤੂ ਉਸ ਨੇ ਇਸ ਦੇ ਨਿਭਾਅ ਵਾਲੀ ਭਾਸ਼ਾ ਨੂੰ ਸਰਲ ਤੇ ਸਪਸ਼ਟ ਰੱਖਿਆ ਹੈ। ਸਰਲ ਗੱਲ ਨੂੰ ਔਖੇ ਫ਼ਿਕਰਿਆਂ ਵਿਚ ਕਹਿਣਾ ਸੌਖਾ ਹੈ ਪਰ ਬਹੁਤ ਗੰਭੀਰ ਗੱਲ ਨੂੰ ਅਤਿ ਸਰਲ ਭਾਸ਼ਾ ਵਿਚ ਕਹਿਣਾ ਬਹੁਤ ਔਖਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ਇਸ ਪੱਖੋਂ ਮਹੱਤਵਪੂਰਨ ਪ੍ਰਾਪਤੀ ਰੱਖਦੇ ਹਨ ਕਿ ਉਸ ਨੇ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਆਮ ਪਾਠਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਿਚ ਪੇਸ਼ ਕੀਤਾ ਹੈ।

'ਕੌਰਵ ਸਭਾ' ਮਿੱਤਰ ਸੈਨ ਮੀਤ ਦਾ ਪ੍ਰਸਿੱਧ ਨਾਵਲ ਹੈ, ਜਿੱਥੇ ਇਸ ਨਾਵਲ ਵਿਚ ਨਾਵਲ ਦੇ ਹੋਰ ਅਨੇਕਾਂ ਤੱਤਾਂ ਦੀ ਮੌਜੂਦਗੀ ਪ੍ਰਤੀਤ ਹੁੰਦੀ ਹੈ, ਉੱਥੇ ਇਸ ਨਾਵਲ ਵਿਚ ਭਾਸ਼ਾ ਤੇ ਸ਼ੈਲੀ ਦੇ ਪੱਖ ਤੋਂ ਵੀ ਲੇਖਕ ਨੇ ਬਹੁਤ ਪ੍ਰਯੋਗ ਕੀਤੇ ਹਨ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

**ਨਾਵਲ 'ਕੌਰਵ ਸਭਾ' ਦੀ ਭਾਸ਼ਾ/ਬੋਲੀ**- ਮਿੱਤਰ ਸੈਨ ਮੀਤ ਦੇ ਸਾਰੇ ਨਾਵਲਾਂ ਵਿਚ ਬੋਲੀ ਜਾਂਦੀ ਭਾਸ਼ਾ ਜਿੱਥੇ ਸਹਿਜ, ਸਰਲ ਤੇ ਸੰਖੇਪ ਰੂਪ ਵਾਲੀ ਰਹੀ ਹੈ ਉੱਥੇ ਉਹ ਦੋ ਭਾਸ਼ਾਈ ਰੂਪਾਂ ਨੂੰ ਮੁੱਖ ਤੌਰ ਤੇ ਵਰਤਦਾ ਹੋਇਆ ਆਪਣੇ ਨਿੱਜੀ ਅਨੁਭਵ ਤੇ ਆਲੇ-ਦੁਆਲੇ ਦੇ ਅਨੁਭਵ ਰਾਹੀਂ ਸਮੁੱਚੇ ਸਿਸਟਮ ਦੀ ਪੇਸ਼ਕਾਰੀ ਕਰਦਾ ਹੈ। 'ਕੌਰਵ ਸਭਾ' ਵਿਚ ਲੇਖਕ ਨੇ ਕੇਂਦਰੀ ਪੰਜਾਬੀ ਬੋਲੀ ਦਾ ਇਸਤੇਮਾਲ ਕੀਤਾ ਹੈ। ਉਸ ਦੇ ਪਾਤਰ ਆਪਣੇ-ਆਪਣੇ ਕਿੱਤੇ ਤੇ ਸੁਭਾਅ ਮੁਤਾਬਿਕ ਆਪਣੀ ਬੋਲੀ ਵਿਚ ਤਕਨੀਕੀ ਸ਼ਬਦਾਵਲੀ ਦਾ ਇਸਤੇਮਾਲ ਕਰਦੇ ਹਨ।

'ਰਜਿਸਟਰ ਸ਼ਬਦਾਵਲੀ' ਵਿਸ਼ੇਸ਼ ਤਕਨੀਕੀ ਸ਼ਬਦਾਵਲੀ ਨੂੰ ਕਿਹਾ ਜਾਂਦਾ ਹੈ। ਇਹ ਤਕਨੀਕੀ ਸ਼ਬਦਾਵਲੀ ਦੋ ਸਰੋਤਾਂ ਤੋਂ ਹਾਸਲ ਕੀਤੀ ਜਾਂਦੀ ਹੈ। ਇਕ ਤਾਂ ਆਪਣੀ ਭਾਸ਼ਾ ਰਾਹੀਂ ਘੜੀ ਸੰਕਲਪੀ ਸ਼ਬਦਾਵਲੀ ਇਸ ਦੇ ਅੰਤਰਗਤ ਆ ਜਾਂਦੀ ਹੈ। ਸਦੀਆਂ ਤੋਂ ਪੰਜਾਬੀ ਲੋਕ ਕਿੱਤਿਆਂ ਵਿਚ ਇਸ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ ਪਰ ਜਿਵੇਂ-ਜਿਵੇਂ ਤਕਨਾਲੋਜੀ ਨੇ ਵਿਕਾਸ ਕੀਤਾ ਹੈ, ਤਿਵੇਂ-ਤਿਵੇਂ ਨਵੀਂ ਸੰਕਲਪੀ ਸ਼ਬਦਾਵਲੀ ਦੂਜੀਆਂ ਭਾਸ਼ਾਵਾਂ ਦੇ ਸਰੋਤਾਂ ਤੋਂ ਗ੍ਰਹਿਣ ਕੀਤੀ ਗਈ ਹੈ। ਆਮ ਤੌਰ 'ਤੇ ਗਲਪੀ ਪਾਠਾਂ ਵਿਚ ਤਕਨੀਕੀ ਸ਼ਬਦਾਵਲੀ ਦੀ ਬਹੁਤੀ ਵਰਤੋਂ ਦੀ ਲੋੜ ਨਹੀਂ ਪੈਂਦੀ ਪਰ ਕਿਉਂਕਿ 'ਕੌਰਵ ਸਭਾ' ਸੂਚਨਾ ਮੂਲਕ ਨਾਵਲ ਹੈ, ਇਸ ਵਿਚ ਸੂਚਨਾ ਦੇਣ ਹਿਤ ਅਤੇ ਸਮੱਸਿਆ ਨਾਲ ਜੁੜੇ ਸੰਕਲਪਾਂ ਕਰਕੇ ਬਹੁਤ ਸਾਰੀ ਤਕਨੀਕੀ ਸ਼ਬਦਾਵਲੀ ਵਰਤੀ ਗਈ ਹੈ'।[3]

'ਕੌਰਵ ਸਭਾ' ਵਿਚਲੀ ਤਕਨੀਕੀ ਸ਼ਬਦਾਵਲੀ ਨੂੰ ਅਸੀ ਤਿੰਨ ਮੁੱਖ ਭਾਗਾਂ ਵਿੱਚ ਵੰਡ ਕੇ ਵਰਣਨ ਕਰ ਸਕਦੇ ਹਾਂ-

1 ਪੁਲਿਸ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ- ਪੁਲਿਸ ਪਾਰਟੀ, ਮੁਲਜ਼ਮ ਪਾਰਟੀ, ਤਫ਼ਤੀਸ਼ੀ, ਕ੍ਰਾਈਮ ਬਰਾਂਚ, ਦੋਸ਼ੀਆਂ ਦਾ ਮੈਡੀਕਲ, ਉੱਚ ਪੱਧਰੀ ਪੜਤਾਲ, ਹਵਾਲਾਤ, ਪੁਲਿਸ ਨਿਯਮ, ਜੇਲ੍ਹ ਸੁਪਰਡੈਂਟ, ਸ਼ਨਾਖ਼ਤ ਪਰੇਡ, ਪੁਲਿਸ ਹਿਰਾਸਤ, ਮਿਸਲ ਮੁਆਇਨਾ, ਪਰਚਾ ਦਰਜ ਕਰਾਉਣਾ, ਮੌਕੇ ਦਾ ਮੁਲਾਹਜ਼ਾ, ਮੁਲਜ਼ਮ, ਬਲਾਈਂਡ ਕੇਸ, ਬਿਆਨ ਕਲਮ ਬੰਦ, ਕਤਲ ਕੇਸ, ਇੰਜਰੀ ਰਿਪੋਰਟ, ਮੁੱਖ ਅਫ਼ਸਰ, ਤਸਦੀਕ ਕਰਨਾ, ਸਾਜ਼ਿਸ਼ੀ, ਗਵਾਹ, ਫ਼ਰਜ਼ੀ ਬਿਆਨ, ਪੁਲਿਸ ਕੰਟਰੋਲ ਰੂਮ, ਖ਼ੁਫ਼ੀਆ ਵਿਭਾਗ, ਰੈੱਡ ਅਲਰਟ, ਇੰਟੈਰੋਗੇਟ ਕਰਨਾ, ਮੌਕਾ ਦੇਖਣਾ, ਦੋਸ਼ੀ ਦੀ ਸ਼ਨਾਖ਼ਤ, ਪੁਲਿਸ ਕਪਤਾਨ, ਥਾਣੇ ਦਾ ਰਿਕਾਰਡ, ਗੁੰਡਾ ਸਟਾਫ਼, ਭਗੌੜਾ ਮੁਲਜ਼ਮ, ਰਾਹਦਾਰੀ ਹਿਰਾਸਤ, ਜ਼ਿਲ੍ਹਾ ਪੁਲਿਸ, ਪੁਲਿਸ ਮੁਖੀ ਆਦਿ।

2 ਨਿਆਇਕ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ- ਮੁੱਦਈ ਧਿਰ, ਸਫ਼ਾਈ ਧਿਰ, ਸਰਕਾਰੀ ਵਕੀਲ, ਜੁਰਮ ਛੁਪਾਉਣਾ, ਕਾਨੂੰਨੀ ਕਾਰਵਾਈ, ਵਿਰੋਧੀ ਧਿਰ, ਬਰੀ ਹੋਣਾ, ਮੁਕੱਦਮੇ ਦੀ ਰਿਪੋਰਟ, ਦੀਵਾਨੀ ਮੁਕੱਦਮੇਬਾਜ਼ੀ, ਫ਼ੌਜਦਾਰੀ ਮੁਕੱਦਮੇ, ਸੈਸ਼ਨ ਕੋਰਟ, ਸੁਪਰੀਮ ਕੋਰਟ, ਹਾਈ ਕੋਰਟ, ਕਚਹਿਰੀ, ਅਰਦਲੀ, ਮਿਸਲ, ਜੱਜ, ਚੈਂਬਰ, ਬਹਿਸ, ਪੇਸ਼ਗੀ

ਜ਼ਮਾਨਤ, ਦਰਖਾਸਤ, ਇੰਤਕਾਲ, ਨਿਆਂ ਪਾਲਿਕਾ, ਚੀਫ਼ ਜਸਟਿਸ, ਪੱਕੀ ਜ਼ਮਾਨਤ, ਮਾਣਹਾਨੀ ਦਾ ਦੋਸ਼, ਕਤਲ ਕੇਸ, ਠੋਸ ਸਬੂਤ, ਨੋਟਿਸ, ਅਪੀਲ ਕਰਨੀ, ਐਡਵੋਕੇਟ ਜਰਨਲ, ਇਲਾਕਾ ਮੈਜਿਸਟ੍ਰੇਟ, ਡਿਊਟੀ ਮੈਜਿਸਟ੍ਰੇਟ, ਚਲਾਨ ਪੇਸ਼ ਕਰਨਾ, ਰਿੱਟ ਦਾਇਰ ਕਰਨੀ, ਕਾਰਨ ਦੱਸੋ ਨੋਟਿਸ, ਕੇਸਾਂ ਦੀ ਲਿਸਟ, ਇਸ਼ਤਿਹਾਰੀ ਮੁਲਜ਼ਮ, ਜ਼ਿਲ੍ਹਾ ਅਟਾਰਨੀ, ਕਮਿਸ਼ਨ ਦਾ ਗਠਨ, ਤਫ਼ਤੀਸ਼ੀ ਅਫ਼ਸਰ, ਲਾਅ ਐਂਡ ਆਰਡਰ, ਪੇਸ਼ੀ, ਗ੍ਰਿਫ਼ਤਾਰੀ ਵਾਰੰਟ ਆਦਿ।

3 ਸਿਹਤ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ- ਫ਼ਸਟ ਏਡ, ਰੈਫ਼ਰ, ਐਮਰਜੈਂਸੀ ਵਾਰਡ, ਜਨਾਨਾ ਵਾਰਡ, ਐਕਸਰੇ ਵਿਭਾਗ, ਪੋਸਟ ਮਾਰਟਮ, ਡਾਕਟਰੀ ਮੁਲਾਹਜ਼ਾ, ਮੈਡੀਕਲ ਕਰਨਾ, ਇੰਜਰੀ ਰਿਪੋਰਟ, ਨਿਊਰੋ ਵਾਰਡ, ਪਲੇਟ ਪੈਣੀ, ਐਮ.ਆਰ.ਆਈ, ਸਕੈਨ, ਅਪਰੇਸ਼ਨ ਥੀਏਟਰ, ਹਸਪਤਾਲ ਦੀ ਕੰਟੀਨ, ਐਂਬੂਲੈਂਸ, ਨਿਊਰੋ ਸਰਜਨ, ਇਨਫੈਕਸ਼ਨ, ਆਈ.ਸੀ.ਯੂ, ਜਨਰਲ ਵਾਰਡ, ਵੈਂਟੀਲੇਟਰ, ਕਨਸਲਟੇਸ਼ਨ ਫ਼ੀਸ, ਡਰੱਗ ਸਟੋਰ, ਸਿਵਲ ਸਰਜਨ, ਹਸਪਤਾਲ ਦੇ ਕੈਸ਼ੀਅਰ, ਬੈੱਡ ਸ਼ੇਰ, ਦਵਾਈ ਰੀਐਕਸ਼ਨ ਕਰਨੀ, ਐਲੋਪੈਥੀ ਦੇ ਡਾਕਟਰ, ਹੋਮੀਓਪੈਥੀ ਦੇ ਡਾਕਟਰ, ਡਿਸਚਾਰਜ ਰਿਪੋਰਟ ਆਦਿ।

**ਕੌਰਵ ਸਭਾ ਵਿਚਲੇ ਮੁਹਾਵਰੇ**- ਮਿੱਤਰ ਸੈਨ ਮੀਤ ਦੇ ਨਾਵਲ ਜਗਤ ਵਿਚ ਆਏ ਲੋਕ ਸਾਹਿਤ ਦੇ ਤੱਤਾਂ ਵਿਚੋਂ ਇਕ ਮੁੱਖ ਹੈ ਮੁਹਾਵਰਿਆਂ ਤੇ ਅਖਾਉਤਾਂ ਦੀ ਵਰਤੋਂ ਹੈ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਵਿਚ ਮੁੱਢਲੇ ਨਾਵਲ ਭੂਮੀਪਤੀ ਤੇ ਭੂਮੀਹੀਣ ਲੋਕਾਂ ਦੇ ਜੀਵਨ ਤੋਂ ਸ਼ੁਰੂ ਕਰਕੇ ਨਿਆਂਪਾਲਿਕਾ ਦੀਆਂ ਬਹੁ-ਪਸਾਰੀ ਨਹੀਂ ਸਗੋਂ ਅਜੋਕੇ ਸਿਸਟਮ ਵਿਚ ਵਾਪਰਦੀਆਂ ਛੋਟੀਆਂ-ਛੋਟੀਆਂ ਅਨੇਕਾਂ ਘਟਨਾਵਾਂ ਰਾਹੀਂ ਲੋਕਾਂ ਦੀ ਮਾਨਸਿਕ ਅਵਸਥਾ ਅਤੇ ਸਭਿਆਚਾਰਕ ਤੱਤ ਨੂੰ ਰੂਪਮਾਨ ਕਰਦਾ ਹੋਇਆ ਸਮੁੱਚੇ ਨਾਵਲ ਜਗਤ ਵਿਚ ਲੋਕ ਸਾਹਿਤ ਨੂੰ ਮੁਹਾਵਰਿਆਂ ਅਤੇ ਅਖਾਉਤਾਂ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿਨ੍ਹਾਂ ਦੀ ਵਰਤੋਂ ਬੜੇ ਸਹਿਜ ਤਰੀਕੇ ਨਾਲ ਕੀਤੀ ਗਈ ਹੈ।

ਕੌਰਵ ਸਭਾ ਵਿਚ ਵੀ ਲੇਖਕ ਨੇ ਬਹੁਤ ਸਾਰੇ ਮੁਹਾਵਰਿਆਂ ਤੇ ਅਖਾਉਤਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਉਸ ਦੇ ਨਾਵਲ ਦੀ ਭਾਸ਼ਾ ਜਿੱਥੇ ਢੁਕਵੀਂ ਲਗਦੀ ਹੈ ਉੱਥੇ ਸੰਖੇਪ ਰੂਪ ਵਿਚ ਬਹੁਤਾ ਕਹਿਣ ਦੀ ਸਮਰੱਥਾ ਵੀ ਰੱਖਦੀ ਹੈ। ਉਸ ਦੇ ਖ਼ਾਸ ਅਨੁਭਵ ਦਾ ਪ੍ਰਭਾਵ ਵੀ ਇਹਨਾਂ ਮੁਹਾਵਰਿਆਂ ਤੇ ਅਖਾਉਤਾਂ ਵਿਚੋਂ ਦਿਸਦਾ ਹੈ, ਜਿਵੇਂ-

'ਹਾਲੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਸੀ ਵਿਗੜਿਆ', 'ਬਲੀ ਦਾ ਬੱਕਰਾ ਬਣ ਜਾਣਾ', 'ਗੰਢਿਆਂ ਦੇ ਚੋਰ ਵਾਲੀ ਕਰਾਉਣ ਦਾ ਕੋਈ ਫ਼ਾਇਦਾ ਨਹੀਂ', 'ਜਦੋਂ ਉੱਖਲੀ ਵਿਚ ਸਿਰ ਆ ਗਿਆ ਤਾਂ ਮੂੰਗਲ਼ੀਆਂ ਦਾ ਕੀ ਡਰ', 'ਅੰਨ੍ਹਾ ਕੀ ਭਾਲੇ, ਦੋ ਅੱਖਾਂ', 'ਘੋੜਾ ਘਾਹ ਨਾਲ ਦੋਸਤੀ ਪਾਏਗਾ ਤਾਂ ਖਾਏਗਾ ਕੀ'(ਅਖਾਣ), 'ਰਾਈ ਦਾ ਪਹਾੜ ਬਣਾਉਣਾ', 'ਗੋਰਖ-ਧੰਦਾ', 'ਚਾਰੇ ਉਂਗਲਾਂ ਘਿਉ ਵਿਚ ਹੋਣੀਆਂ', 'ਇਕ ਅਨਾਰ ਸੌ ਬਿਮਾਰ', 'ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ', ਵੀਹ ਲੱਖ ਲੈ ਕੇ ਕੀ ਗੰਜੀ ਨਹਾਏਗੀ ਅਤੇ ਕੀ ਨਚੋੜੇਗੀ', 'ਪਾਣੀ ਪੁਲਾਂ ਹੇਠ ਦੀ ਲੰਘਣਾ', 'ਚਿੜੀਆਂ ਦੇ ਖੇਤ ਚੁਗ ਜਾਣ ਬਾਅਦ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ', 'ਘੋੜੇ ਚੜ੍ਹੇ ਦਿਖਾਉਣਾ', 'ਜਦੋਂ ਕੋਠੇ ਤੋਂ ਡਿਗ ਪਈ ਤਾਂ ਨੱਤੀਆਂ ਪਵਾਉਣ ਤੋਂ ਸੀਅ ਵੱਟਣ ਦਾ ਕੀ ਮਤਲਬ,

ਨੱਤੀਆਂ ਵੀ ਪੈਣ ਦਿਓ’, ‘ਨਹਿਲੇ ’ਤੇ ਦਹਿਲਾ’, ‘ਸੱਤਾਂ ਪੱਤਣਾਂ ਦਾ ਤਾਰੂ’, ‘ਰਾਜੇ ਤੋਂ ਰੰਕ ਬਣਾਉਣਾ’, ‘ਪੇੜ ਨਾ ਗਿਣੋ ਅੰਬ ਖਾਓ’।

ਕਰਮਜੀਤ ਜੱਸਲ ਨੇ ‘ਕੌਰਵ-ਸਭਾ’ ਨਾਵਲ ਵਿਚ ਵਰਤੇ ਗਏ ਮੁਹਾਵਰਿਆਂ ਬਾਰੇ ਇਹ ਕਿਹਾ ਹੈ, “ਮੁਹਾਵਰਿਆਂ ਦੀ ਵਰਤੋਂ ਨੇ ਇਸ ਨਾਵਲ ਦੀ ਸਹਿਜ ਮਈ ਪੜ੍ਹਤ ਨੂੰ ਅੰਤਰੀਵੀ ਭਾਵਾਂ ਤੱਕ ਲੈ ਜਾਣ ਵਿਚ ਬਹੁਤ ਮਦਦ ਕੀਤੀ ਹੈ। ਤਕਰੀਬਨ ਹਰ ਪੰਨੇ ਉੱਪਰ ਦੋ-ਚਾਰ, ਦੋ-ਚਾਰ ਮੁਹਾਵਰੇ ਜ਼ਰੂਰ ਵਰਤੇ ਗਏ ਹਨ ਜਿਸ ਤਰ੍ਹਾਂ ਭੰਗੂ ਤਾਰੇ ਨੱਚਣ ਲੱਗੇ, ਮੂੰਹ ਮੋਟੇ ਸਨ, ਮੱਥਾ ਠਣਕ ਜਾਣਾ, ਸੌ ਮਨ ਮੁਟਾਵ, ਖੱਖੜੀ-ਖੱਖੜੀ ਕਰ ਦੇਣਾ, ਆਦਿ। ਤਕਰੀਬਨ ਹਰ ਪੰਨੇ ਤੇ ਲੋਕ ਮੁਹਾਵਰਿਆਂ ਦੀ ਵਰਤੋਂ ਪਾਠਕ ਜਗਤ ਨੂੰ ਆਪਣੇ ਨਾਲ ਜੋੜਨ ਦੀ ਇਕ ਅਜਿਹੀ ਪਰਤ ਹੈ ਜਿਸ ਨਾਲ ਭਾਸ਼ਾ ਸਾਹਿਤਕ ਹੋਣ ਨਾਲੋਂ ਬੋਲ ਚਾਲੀ ਭਾਸ਼ਾ ਦੇ ਨੇੜੇ ਜਾਪਦੀ ਹੈ। ਇਸ ਨਾਲ ਆਮ ਪਾਠਕ ਵਧੇਰੇ ਸੌਖ ਨਾਲ ਨਾਵਲ ਸਮਝ ਸਕਦੇ ਹਨ”।[4]

ਸੋ ਇਸ ਤਰ੍ਹਾਂ ਨਾਵਲਕਾਰ ਨੇ ਭਾਸ਼ਾ ਦੇ ਕਲਾਤਮਿਕ ਪੱਖ ਤੋਂ ਮੁਹਾਵਰਿਆਂ ਅਤੇ ਅਖਾਉਤਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਵਰਤਿਆਂ ਹੈ।

ਨਾਵਲਕਾਰ ਨੇ ਆਪਣੇ ਨਾਵਲ ਦੇ ਵਿਸ਼ੇ ਅਤੇ ਵਾਤਾਵਰਣ ਅਨੁਸਾਰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਅਤੇ ਵੱਖ-ਵੱਖ ਸੰਸਥਾਵਾਂ ਨਾਲ ਸੰਬੰਧਿਤ ਸ਼ਬਦਾਵਲੀ ਦਾ ਸਹਾਰਾ ਲਿਆ ਹੈ। ਆਪਣੇ ਨਾਵਲ ਦੇ ਪਾਤਰਾਂ ਦੇ ਸੁਭਾਅ ਅਤੇ ਪਿਛੋਕੜ ਅਨੁਸਾਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਕੁਲਬੀਰ ਸਿੰਘ ਕਾਂਗ ਅਨੁਸਾਰ- “ਨਾਵਲਕਾਰ ਦੀ ਭਾਸ਼ਾ ਦੇ ਵੱਡੇ ਤੱਤ ਹੁੰਦੇ ਹਨ। ਇਕ ਹੈ ਬਿਰਤਾਂਤ ਅਤੇ ਦੂਜਾ ਹੈ ਵਰਣਨ ਦੀ ਸ਼ਕਤੀ। ਨਾਵਲ ਅਸਲ ਵਿਚ ਜ਼ਿੰਦਗੀ ਦੀ ਚਿੱਤਰਸ਼ਾਲਾ ਹੈ ਅਤੇ ਲੇਖਕ ਦਾ ਕੰਮ ਬਹੁਤ ਔਖਾ ਹੁੰਦਾ ਹੈ, ਕਿਉਂਕਿ ਉਹ ਚਿੱਤਰਕਾਰ ਵਾਂਗ ਰੇਖਾਵਾਂ ਅਤੇ ਰੰਗਾਂ ਵਿਚ ਦੁਨੀਆ ਨੂੰ ਚਿੱਤਰ ਨਹੀਂ ਸਕਦਾ। ਉਸ ਪਾਸ ਸਿਰਫ਼ ਸ਼ਬਦ ਸ਼ਕਤੀ ਹੁੰਦੀ ਹੈ ਅਤੇ ਇਸੇ ਸ਼ਬਦ ਸ਼ਕਤੀ ਵਿਚੋਂ ਉਹ ਆਪਣੇ ਅਨੁਭਵ ਵਿਚ ਆਏ ਜੀਵਨ ਨੂੰ ਰੰਗ-ਸ਼ਾਲਾ ਦੇ ਰੂਪ ਵਿਚ ਪੇਸ਼ ਕਰ ਸਕਦਾ ਹੈ। ਕਈ ਲੇਖਕ ਥੋੜ੍ਹੇ ਸ਼ਬਦਾਂ ਦੀ ਛੋਹ ਨਾਲ ਬਹੁਤ ਵੱਡਾ ਦ੍ਰਿਸ਼ ਪੇਸ਼ ਕਰ ਦੇਂਦੇ ਹਨ। ਇਕ ਸ਼ਬਦ ਦੇ ਜੋੜਨ ਜਾਂ ਤੋੜਨ ਨਾਲ ਜ਼ਿੰਦਗੀ ਦੀ ਲੀਲ੍ਹਾ ਉਜਾਗਰ ਜਾਂ ਲੋਪ ਹੋ ਜਾਂਦੀ ਹੈ”।[5]

ਉਪਰੋਕਤ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਦੀ ਭਾਸ਼ਾ ਜਿੱਥੇ ਦ੍ਰਿਸ਼ ਵਰਣਨ ਦੀ ਪੇਸ਼ਕਾਰੀ ਕਰਦੀ ਹੈ ਉੱਥੇ ਪਾਤਰਾਂ ਦੇ ਸੁਭਾਅ ਨੂੰ ਪ੍ਰਗਟਾਉਣ ਲਈ ਪ੍ਰਤੀਕਾਂ, ਬਿੰਬਾਂ ਆਦਿ ਦੀ ਵਰਤੋਂ ਵੀ ਹੋਈ ਮਿਲਦੀ ਹੈ ਸੋ ਨਾਵਲਕਾਰ ਦੀ ਭਾਸ਼ਾ ਪਾਤਰਾਂ ਦੀ ਸੁਭਾਅ ਉਸਾਰੀ ਨੂੰ ਪ੍ਰਗਟਾਉਂਦੀ ਹੋਈ ਪੰਜਾਬੀ ਦੇ ਜਨ-ਜੀਵਨ ਦਾ ਅਜਿਹਾ ਗਲਪ ਬਿੰਬ ਪੇਸ਼ ਕਰਦੀ ਹੈ ਕਿ ਪਾਠਕ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

**ਨਾਵਲ ‘ਕੌਰਵ ਸਭਾ’ ਦੀ ਸ਼ੈਲੀ**- ਮਿੱਤਰ ਸੈਨ ਮੀਤ ਨੇ ‘ਕੌਰਵ ਸਭਾ’ ਵਿਚ ਜਿੱਥੇ ਭਾਸ਼ਾ ਵੱਲ ਬਹੁਤ ਧਿਆਨ ਦਿੱਤਾ ਹੈ ਉੱਥੇ ਨਾਲ ਹੀ ਉਸ ਨੇ ਨਾਵਲ ਦੀ ਸ਼ੈਲੀ ਵੱਲ ਵੀ ਖ਼ਾਸ ਧਿਆਨ ਦਿੱਤਾ ਹੈ ਕਿਉਂਕਿ ਨਾਵਲ ਵਿਚ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੈ। ਜਿਸ ਨਾਵਲਕਾਰ ਕੋਲ ਦਿਲ-ਖਿੱਚਵੀਂ ਜਾਂ ਉਤਕ੍ਰਿਸ਼ਟ ਸ਼ੈਲੀ ਹੁੰਦੀ ਹੈ ਉਸ ਦੇ ਨਾਵਲ ਪਾਠਕਾਂ ਵਿਚ ਜਲਦੀ

ਹੀ ਹਰਮਨ ਪਿਆਰੇ ਅਤੇ ਚਰਚਿਤ ਹੋ ਜਾਂਦੇ ਹਨ। ਨਾਵਲ 'ਕੌਰਵ ਸਭਾ' ਦੀ ਸ਼ੈਲੀ ਬਾਰੇ ਵਰਣਨ ਕਰਨ ਤੋਂ ਪਹਿਲਾ ਸਾਨੂੰ ਸ਼ੈਲੀ ਬਾਰੇ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ, ਸੋ ਸ਼ੈਲੀ ਤੋਂ ਭਾਵ ਹੈ ਲੇਖਕ ਦਾ ਕਿਸੇ ਰਚਨਾ ਪ੍ਰਤੀ ਆਪਣੇ ਵਿਚਾਰਾਂ, ਬਿਆਨਾ ਨੂੰ ਪ੍ਰਗਟ ਜਾਂ ਪੇਸ਼ ਕਰਨ ਦਾ ਢੰਗ ਹੁੰਦਾ ਹੈ। ਹਰ ਲੇਖਕ ਦੀ ਸ਼ੈਲੀ ਨਿਵੇਕਲੀ, ਨਿੱਜੀ ਅਤੇ ਮੌਲਿਕ ਹੁੰਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਆਪਣੇ ਅਨੁਭਵ ਨੂੰ ਪ੍ਰਕਾਸ਼ਮਾਨ ਕਰਨ ਜਾਂ ਪ੍ਰਗਟਾਉਣ ਦਾ ਢੰਗ ਹੀ ਸ਼ੈਲੀ ਅਖਵਾਉਂਦਾ ਹੈ। ਸ਼ੈਲੀ ਵਿਚ ਕਈ ਚੀਜ਼ਾਂ ਸ਼ਾਮਿਲ ਹੁੰਦੀਆਂ ਹਨ। ਇਹ ਕੋਈ ਇਕ ਚੀਜ਼ ਦਾ ਰੂਪ ਨਹੀਂ ਹੁੰਦਾ ਸਗੋਂ ਕਈ ਅੰਗਾਂ ਦਾ ਸੁਮੇਲ ਹੁੰਦਾ ਹੈ ਜਿਵੇਂ ਕਿ ਰਚਨਾ ਨੂੰ ਬਿਆਨ ਕਰਨ ਦਾ ਢੰਗ, ਭਾਸ਼ਾ ਦਾ ਢੰਗ, ਵਰਣਨ, ਵਿਆਖਿਆ, ਵਿਚਾਰ, ਵਾਰਤਾਲਾਪ ਅਤੇ ਵਾਤਾਵਰਣ ਦੀ ਪੇਸ਼ਕਾਰੀ ਦਾ ਢੰਗ ਹੁੰਦਾ ਹੈ।

**ਬਿਆਨ ਕਰਨ ਦਾ ਢੰਗ**- ਲੇਖਕ ਦੁਆਰਾ ਆਪਣੀ ਰਚਨਾ ਨੂੰ ਬਿਆਨ ਕਰਨ ਦੇ ਢੰਗ ਦਾ ਮੌਲਿਕ ਹੋਣਾ ਸ਼ੈਲੀ ਦਾ ਇਕ ਮੁੱਖ ਅੰਗ ਹੈ। ਪੰਜਾਬੀ ਸਾਹਿਤ ਦੇ ਨਾਵਲ ਖੇਤਰ ਵਿਚ ਅਸੀ ਵੇਖਦੇ ਹਾਂ ਕਿ ਵੱਖ-ਵੱਖ ਲੇਖਕਾਂ ਦਾ ਆਪਣਾ ਇੱਕ ਵੱਖਰਾ ਬਿਆਨ ਢੰਗ ਹੁੰਦਾ ਹੈ। ਉਸੇ ਤਰ੍ਹਾਂ ਨਾਵਲ 'ਕੌਰਵ ਸਭਾ' ਵਿਚ ਮਿੱਤਰ ਸੈਨ ਮੀਤ ਦਾ ਬਿਆਨ ਢੰਗ ਵੀ ਬਹੁਤ ਹੀ ਮੌਲਿਕ ਹੈ। ਉਸ ਦੁਆਰਾ ਘਟਨਾਵਾਂ ਨੂੰ ਬਿਆਨ ਕਰਨ ਦਾ ਤਰੀਕਾ, ਉਨ੍ਹਾਂ ਨੂੰ ਆਪਸ ਵਿਚ ਜੋੜਨ ਦਾ ਢੰਗ, ਉਸ ਦਾ ਪਾਤਰ ਉਸਾਰੀ ਦਾ ਢੰਗ ਬਿਲਕੁਲ ਹੀ ਵੱਖਰਾ ਪ੍ਰਤੀਤ ਹੁੰਦਾ ਹੈ। ਉਹ ਵਧੇਰੇ ਪ੍ਰਤੀਕਾਂ ਜਾਂ ਬਿੰਬਾਂ ਦੀ ਬਜਾਇ ਸਿੱਧੇ ਤੇ ਢੁਕਵੇਂ ਸ਼ਬਦਾਂ ਵਿਚ ਆਪਣੀ ਗੱਲ ਆਖਦਾ ਹੈ ਜਿਵੇਂ ਕਿ-

'ਵਾਰਦਾਤ ਭਿਆਨਕ ਸੀ। ਇਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲੱਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ। ਮੁਲਜ਼ਮਾਂ ਬਾਰੇ ਕੋਈ ਸੁਰਾਗ ਨਹੀਂ ਸੀ ਲੱਭ ਰਿਹਾ। ਬਲਾਈਂਡ ਕੇਸ ਸੀ। ਮੁਕੱਦਮਾ ਦਰਜ ਕਰਨ ਵਿਚ ਮੁੱਖ ਅਫ਼ਸਰ ਨੂੰ ਦਿੱਕਤ ਪੇਸ਼ ਆਉਣੀ ਸੀ। ਪੱਤਰਕਾਰ ਇੱਲਾਂ ਵਾਂਗ ਮੰਡਰਾ ਰਹੇ ਸਨ। ਅਫ਼ਸਰ ਅਲੱਗ ਕੰਨ ਖਾ ਰਹੇ ਸਨ। ਮੁੱਖ ਮੰਤਰੀ ਤਕ ਨੂੰ ਸੂਚਨਾ ਜਾਣੀ ਸੀ।

ਲਾਸ਼ ਦਾ ਪੋਸਟ-ਮਾਰਟਮ ਕਰਾਉਣਾ ਸੀ। ਮਜ਼ਰੂਬਾਂ ਦੀਆਂ ਸੱਟਾਂ ਬਾਰੇ ਡਾਕਟਰਾਂ ਤੋਂ ਰਿਪੋਰਟਾਂ ਹਾਸਲ ਕਰਨੀਆਂ ਸਨ। ਕੁੜੀ ਜੇ ਹੋਸ਼ ਵਿਚ ਹੋਈ ਉਸ ਦਾ ਬਿਆਨ ਕਲਮਬੰਦ ਕਰਨਾ ਸੀ। ਅੱਗੇ ਕੰਮ ਹੀ ਕੰਮ ਸਨ। ਥਾਣੇਦਾਰ ਕੋਲ ਬਹੁਤੀਆਂ ਹਮਦਰਦੀਆਂ ਜਿਤਾਉਣ ਦਾ ਵਕਤ ਨਹੀਂ ਸੀ'।[6]

**ਭਾਸ਼ਾ ਦਾ ਢੰਗ**- ਭਾਸ਼ਾ ਜਾਂ ਜ਼ੁਬਾਨ ਦਾ ਵੀ ਸ਼ੈਲੀ ਦੀ ਸਿਰਜਣਾ ਵਿਚ ਹੱਥ ਹੁੰਦਾ ਹੈ। ਭਾਵੇਂ ਸਾਰੇ ਲੇਖਕਾਂ ਲਈ ਠੇਠ ਭਾਸ਼ਾ ਵਿਚ ਲਿਖਣਾ ਜ਼ਰੂਰੀ ਹੁੰਦਾ ਹੈ, ਪਰ ਫੇਰ ਵੀ ਹਰ ਲੇਖਕ ਦੀ ਆਪਣੀ ਭਾਸ਼ਾ ਸ਼ੈਲੀ ਹੁੰਦੀ ਹੈ। ਇਸੇ ਤਰ੍ਹਾਂ 'ਕੌਰਵ ਸਭਾ' ਨਾਵਲ ਦੇ ਲੇਖਕ ਮਿੱਤਰ ਸੈਨ ਮੀਤ ਦੀ ਭਾਸ਼ਾ ਵੱਲ ਧਿਆਨ ਮਾਰੀਏ ਤਾਂ ਉਸ ਦੁਆਰਾ ਵਰਤੀ ਜਾਂਦੀ ਭਾਸ਼ਾ ਜ਼ਿਆਦਾਤਰ ਮਲਵਈ ਹੈ ਪਰ 'ਕੌਰਵ ਸਭਾ' ਨਾਵਲ ਅਤਿ-ਆਧੁਨਿਕ ਸ਼ਹਿਰ ਮਾਇਆ ਨਗਰੀ ਬਾਰੇ ਸਿਰਜਿਆ ਗਿਆ ਹੈ ਇਸ ਲਈ ਇਸ ਵਿਚ ਪਾਤਰਾਂ ਦੀ ਭਾਸ਼ਾ ਕੇਂਦਰੀ ਪੰਜਾਬੀ ਹੀ ਵਰਤੀ ਗਈ ਹੈ। ਮਿੱਤਰ ਸੈਨ ਮੀਤ ਖ਼ੁਦ ਪੇਸ਼ੇ ਵਜੋਂ ਇਕ ਵਕੀਲ ਹੈ ਇਸ

ਲਈ ਉਸ ਵੱਲੋਂ ਵਰਤੀ ਗਈ ਭਾਸ਼ਾ ਵਿਚ ਉਸ ਦੇ ਪੇਸ਼ੇ ਨਾਲ ਸੰਬੰਧਿਤ ਲਫ਼ਜ਼ਾਂ ਦੀ ਵਰਤੋਂ ਬਹੁਤ ਹੀ ਵਧੀਆ ਤਰੀਕੇ ਨਾਲ ਕੀਤੀ ਗਈ ਹੈ। ਲੇਖਕ ਦਾ ਇਹ ਗੁਣ ਵੀ 'ਕੌਰਵ ਸਭਾ' ਦੀ ਸ਼ੈਲੀ ਨੂੰ ਵਧੇਰੇ ਪੁਖ਼ਤਾ ਤੇ ਮੌਲਿਕ ਬਣਾਉਂਦਾ ਹੈ, ਜਿਵੇਂ ਕਿ-

'ਸਿੰਗਲੇ ਦਾ ਅੰਦਾਜ਼ਾ ਠੀਕ ਨਿਕਲਿਆ। ਜ਼ਮਾਨਤ ਦੀ ਅਰਜ਼ੀ ਖ਼ਾਰਜ ਹੋ ਚੁੱਕੀ ਸੀ। ਅਪੀਲ ਕਰਨ ਪੰਕਜ ਦਿੱਲੀ ਜਾ ਰਿਹਾ ਸੀ। ਪੁਲਿਸ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਰਸਤੇ ਵਿਚ ਸਣੇ ਦੋਸਤ ਉਸ ਨੂੰ ਦਬੋਚ ਲਿਆ ਗਿਆ ਸੀ। ਵਾਸੂਦੇਵਾ ਨੂੰ ਪੰਕਜ ਦੇ ਇਕ ਦੋਸਤ ਦਾ ਫ਼ੋਨ ਆਇਆ ਸੀ। ਇਸ ਤੋਂ ਪਹਿਲਾਂ ਕਿ ਵਾਸੂਦੇਵਾ ਪੂਰੀ ਸੂਚਨਾ ਪ੍ਰਾਪਤ ਕਰਦਾ ਦੋਸਤ ਦਾ ਫ਼ੋਨ ਕੱਟ ਗਿਆ। ਪਿੱਛੋਂ ਨਾ ਉਧਰੋਂ ਫ਼ੋਨ ਆਇਆ, ਨਾ ਵਾਸੂਦੇਵਾ ਦਾ ਫ਼ੋਨ ਮਿਲਿਆ। ਵਾਸੂਦੇਵਾ ਦਾ ਵਿਚਾਰ ਸੀ ਪੁਲਿਸ ਨੇ ਉਨ੍ਹਾਂ ਦੇ ਫ਼ੋਨ ਫੜ ਲਏ ਸਨ'।[7]

**ਵਰਣਨ ਢੰਗ**- ਇਹ ਵੀ ਸ਼ੈਲੀ ਦਾ ਇੱਕ ਮੁੱਖ ਅੰਗ ਹੈ। ਵਰਣਨ ਢੰਗ ਲਈ ਲੇਖਕ ਦਾ ਢੁਕਵੇਂ ਤੇ ਠੀਕ ਸ਼ਬਦਾਂ ਨੂੰ ਚੁਣਨਾ ਅਤੇ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਵਰਤਣਾ ਜ਼ਰੂਰੀ ਹੁੰਦਾ ਹੈ। ਵਰਣਨ ਲਈ ਲੇਖਕ ਦਾ ਪ੍ਰਗਟਾਉ ਸ਼ਬਦਾਵਲੀ ਦੀ ਵਰਤੋ ਕਰਨਾ ਵੀ ਜ਼ਰੂਰੀ ਹੁੰਦਾ ਹੈ। ਕਿਉਂਕਿ ਵਾਤਾਵਰਨ ਕਾਇਮ ਕਰਨ ਲਈ ਦ੍ਰਿਸ਼ ਘਟਨਾ ਤੇ ਭਾਵ ਮਿਲ ਕੇ ਕੰਮ ਕਰਦੇ ਹਨ। ਇਸ ਕਾਰਨ ਵਾਤਾਵਰਨ ਵਰਣਨ ਵਿਚ ਬਿਆਨ ਤੇ ਵਰਣਨ ਦੋਵੇਂ ਹੀ ਆ ਜਾਂਦੇ ਹਨ। ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਵਿਚ ਆਪਣੀ ਇਸ ਵਰਣਨ ਵਿਧੀ ਦਾ ਬਹੁਤ ਪ੍ਰਯੋਗ ਕੀਤਾ ਹੈ। ਲੇਖਕ ਦੀ ਆਪਣੇ ਵਿਸ਼ੇ 'ਤੇ ਪੂਰੀ ਪਕੜ ਹੈ ਤੇ ਆਪਣੇ ਵਿਸ਼ੇ ਦੇ ਵਰਣਨ ਲਈ ਉਸ ਕੋਲ ਭਰਪੂਰ ਸ਼ਬਦਾਵਲੀ ਹੈ। ਲੇਖਕ ਕੋਲ ਢੁਕਵਾਂ ਵਰਣਨ ਢੰਗ ਹੈ ਜਿਸ ਨਾਲ ਉਹ ਆਪਣੇ ਪਾਤਰਾਂ ਤੇ ਸਥਿਤੀਆਂ ਦਾ ਬਿਰਤਾਂਤ ਇਕ ਲੈਅ ਵਿਚ ਸਿਰਜਦਾ ਜਾਂਦਾ ਹੈ, ਜਿਵੇਂ ਕਿ-

'ਸਿਰ ਵਿਚ ਰਾਡ ਵੱਜਦਿਆਂ ਹੀ ਨੀਲਮ ਗੂੜ੍ਹੀ ਨੀਂਦ ਸੌਂ ਗਈ ਸੀ। ਉਸ ਨੂੰ ਕੀ ਪਤਾ ਸੀ ਉਸ ਦਾ ਵੱਸਦਾ-ਰੱਸਦਾ ਘਰ ਕਬਰਸਤਾਨ ਵਿਚ ਬਦਲ ਚੁੱਕਾ ਸੀ। ਉਸ ਨੂੰ ਕੀ ਪਤਾ ਸੀ ਉਸ ਦਾ ਛੇ ਫੁੱਟ ਦੋ ਇੰਚ ਲੰਬਾ, ਛੈਲ-ਛਬੀਲਾ ਪੁੱਤ ਹੁਣ ਆਪਣੇ 'ਰੋਇਲ-ਇਨ-ਫੀਲਡ' ਮੋਟਰ-ਸਾਈਕਲ ਉੱਪਰ ਬੈਠ ਕੇ ਗਲੀਆਂ ਵਿਚ ਗੇੜੇ ਨਹੀਂ ਦਿੰਦਾ। ਨਾ ਕਮਲ ਦੇ ਦੋਸਤ ਵਹੀਰਾਂ ਘੱਤ ਕੇ ਹੁਣ ਉਨ੍ਹਾਂ ਦੀ ਰਸੋਈ ਵਿਚ ਘੁਸਦੇ ਸਨ। ਨਾ ਹੁਣ ਛੱਤ 'ਤੇ ਵਰਜਸ਼ ਹੁੰਦੀ ਸੀ। ਨਾ ਕਮਲ ਦੇ ਕਮਰੇ ਵਿਚ ਸਾਰੀ ਰਾਤ ਟੇਬਲ ਲੈਂਪ ਜਲਦਾ ਸੀ। ਹੁਣ ਨੀਲਮ ਨੂੰ ਰਾਤ ਨੂੰ ਵਾਰ-ਵਾਰ ਉੱਠ ਕੇ ਉਸ ਨੂੰ ਪੜ੍ਹਾਈ ਬੰਦ ਕਰਕੇ ਸੌਣ ਦੀ ਹਦਾਇਤ ਕਰਨ ਲਈ ਤੰਗ ਹੋਣ ਦੀ ਜ਼ਰੂਰਤ ਨਹੀਂ ਸੀ'।[8]

**ਵਿਆਖਿਆ**- ਇਹ ਵੀ ਸ਼ੈਲੀ ਦਾ ਇਕ ਮਹੱਤਵਪੂਰਨ ਅੰਗ ਹੈ। ਵਿਆਖਿਆ ਕਿਸੇ ਘਟਨਾ, ਦ੍ਰਿਸ਼ ਜਾਂ ਪਾਤਰ ਬਾਰੇ ਹੋ ਸਕਦੀ ਹੈ। ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਨਾਵਲ ਵਿਚ ਸ਼ੈਲੀ ਦੇ ਇਸ ਢੰਗ ਨੂੰ ਵਰਤਦਾ ਤਾਂ ਹੈ, ਪਰ ਉਹ ਆਪਣੇ ਬਿਰਤਾਂਤ ਨੂੰ ਨੀਰਸ ਤੇ ਬੇਲੋੜਾ ਨਹੀਂ ਬਣਨ ਦਿੰਦਾ। ਇਹੀ ਕਾਰਨ ਹੈ ਕਿ 'ਕੌਰਵ ਸਭਾ' ਇਕ ਵੱਡਾ ਨਾਵਲ ਹੋਣ ਦੇ ਬਾਵਜੂਦ ਵੀ ਪਾਠਕ ਇਸ ਨੂੰ ਬਿਨਾ ਬੋਰ ਹੋਏ ਲਗਾਤਾਰ ਪੜ੍ਹਦੇ ਜਾਂਦੇ ਹਨ।

ਵਿਚਾਰ- ਇਹ ਵੀ ਸ਼ੈਲੀ ਦਾ ਇਕ ਅੰਗ ਹੈ। ਜ਼ਿਆਦਾਤਰ ਨਾਵਲ ਵਿਚਾਰ ਪ੍ਰਧਾਨ ਹੁੰਦੇ ਹਨ, ਜਿਨ੍ਹਾਂ ਵਿਚ ਕਿਸੇ ਫ਼ਿਲਾਸਫ਼ੀ, ਸਮਾਜਿਕ ਸਮੱਸਿਆ, ਰਾਜਨੀਤੀ, ਧਰਮ, ਆਰਥਿਕ ਢਾਂਚੇ ਆਦਿ ਉੱਤੇ ਵਿਚਾਰ ਕੀਤੀ ਹੁੰਦੀ ਹੈ। ਇਸੇ ਤਰ੍ਹਾਂ ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਨਾਵਲ ਵਿਚ ਆਪਣੇ ਵਿਚਾਰ ਪੇਸ਼ ਕੀਤੇ ਹਨ ਤੇ ਉਸ ਦੁਆਰਾ ਕੀਤੇ ਹੋਏ ਵਿਚਾਰ ਕਿਤੇ ਵੀ ਨਾਵਲ ਤੋਂ ਵੱਖਰੇ ਪ੍ਰਤੀਤ ਨਹੀਂ ਹੁੰਦੇ, ਜਿਵੇਂ ਕਿ-

'ਹਾਈ ਕੋਰਟ ਵਿਚ ਇਕ ਵਾਰ ਫਸਿਆ ਕੇਸ ਵੀਹ-ਵੀਹ ਸਾਲ ਨਹੀਂ ਨਿਕਲਦਾ। ਜਦੋਂ ਨੂੰ ਅਪੀਲ ਦੀ ਵਾਰੀ ਆਏਗੀ ਉਦੋਂ ਨੂੰ ਨੀਲਮ ਅਤੇ ਵੇਦ ਮਰ ਮੁੱਕ ਗਏ ਹੋਣਗੇ। ਨੇਹਾ ਕਿਸੇ ਪਾਗਲਖ਼ਾਨੇ ਬੈਠੀ ਹੋਏਗੀ। ਸਾਧੂ ਸਿੰਘ ਰਿਟਾਇਰ ਹੋ ਕੇ ਕਿਸੇ ਛੋਟੇ-ਮੋਟੇ ਸ਼ਹਿਰ ਵਿਚ ਵਕਾਲਤ ਕਰ ਰਿਹਾ ਹੋਏਗਾ। ਨਿਆਂ-ਪਾਲਿਕਾ ਦਾ ਦਿਨੋ-ਦਿਨ ਗਿਰ ਰਿਹਾ ਵੱਕਾਰ ਹੇਠਲੀ ਪੱਧਰ ਤਕ ਪੁੱਜ ਚੁੱਕਾ ਹੋਏਗਾ। ਹੁਣ ਸਰਕਾਰੀ ਵਕੀਲ ਕੰਮ ਕਰਾਉਣ ਲਈ ਮੁਲਜ਼ਮਾਂ ਪਿੱਛੇ ਦਲਾਲ ਭੇਜਦੇ ਹਨ। ਉਸ ਸਮੇਂ ਤਕ ਜੱਜ ਇਹ ਕੰਮ ਕਰਨ ਲੱਗ ਪੈਣਗੇ। ਫੇਰ ਪੰਕਜ ਦੀਆਂ ਪੰਜੇ ਉਂਗਲਾਂ ਘਿਉ ਵਿਚ ਹੋਣਗੀਆਂ'।[੭]

**ਨਾਵਲ 'ਕੌਰਵ ਸਭਾ' ਵਿਚ ਵਰਤੀ ਗਈ ਸ਼ੈਲੀ ਦੀਆਂ ਕਿਸਮਾਂ**- ਪੰਜਾਬੀ ਸਾਹਿਤ ਦੇ ਨਾਵਲ ਖੇਤਰ ਵਿਚ ਅੱਜ ਦੇ ਸਮੇਂ ਵਿੱਚ ਜਿਨ੍ਹਾਂ ਪ੍ਰਸਿੱਧ ਸ਼ੈਲੀਆਂ ਦਾ ਪ੍ਰਯੋਗ ਹੋ ਰਿਹਾ ਹੈ ਉਨ੍ਹਾਂ ਵਿਚੋਂ ਕੁਝ ਮੁੱਖ ਹਨ- ਵਰਣਨਾਤਮਕ ਸ਼ੈਲੀ, ਆਤਮ-ਕਥਾਤਮਕ ਸ਼ੈਲੀ, ਡਾਇਰੀ ਸ਼ੈਲੀ, ਪੱਤਰਾਤਮਕ ਸ਼ੈਲੀ, ਸੰਵਾਦ ਸ਼ੈਲੀ, ਨਾਟਕੀ ਸ਼ੈਲੀ, ਭਾਵਾਤਮਕ ਜਾਂ ਕਾਵਿਕ ਸ਼ੈਲੀ, ਲੋਕ-ਕਥਾਤਮਕ ਸ਼ੈਲੀ, ਆਂਚਲਿਕ ਸ਼ੈਲੀ ਅਤੇ ਮਨੋਵਿਸ਼ਲੇਸ਼ਣਾਤਮਕ ਸ਼ੈਲੀ ਆਦਿ। ਇੱਥੇ ਮਿੱਤਰ ਸੈਨ ਮੀਤ ਦੁਆਰਾ ਨਾਵਲ 'ਕੌਰਵ ਸਭਾ' ਵਿੱਚ ਪ੍ਰਯੋਗ ਕੀਤੀਆਂ ਸ਼ੈਲੀਆਂ ਦਾ ਵਰਣਨ ਕੀਤਾ ਗਿਆ ਹੈ-

1) ਵਰਣਨਾਤਮਕ ਜਾਂ ਬਿਆਨੀਆ ਸ਼ੈਲੀ- ਇਸ ਸ਼ੈਲੀ ਅਨੁਸਾਰ ਨਾਵਲਕਾਰ ਇਤਿਹਾਸਕਾਰ ਵਾਂਗ ਇਕ ਵਿਸ਼ੇਸ਼ ਕਿਸਮ ਦੀ ਸੀਮਾ ਅੰਦਰ ਰਹਿੰਦਾ ਹੈ ਅਤੇ ਅੰਤ ਵਿਚ ਉਹ ਕੋਈ ਨਤੀਜਾ ਕੱਢਦਾ ਹੈ। ਇਸ ਤਰ੍ਹਾਂ ਦੀ ਸ਼ੈਲੀ ਵਿਚ ਨਾਵਲਕਾਰ ਦੀ ਸੂਝ-ਬੂਝ ਤੇ ਸਫਲਤਾ ਆਪਣੇ ਨਿੱਖਰੇ ਹੋਏ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਉਹ ਕਿਸੇ ਵੀ ਪਾਤਰ ਨਾਲ ਸੰਬੰਧਿਤ ਕਿਸੇ ਵੀ ਘਟਨਾ ਦਾ ਵਰਣਨ ਕਿਸੇ ਵੀ ਰੂਪ ਵਿਚ ਕਰ ਸਕਦਾ ਹੈ, ਜਿਹੜਾ ਦੂਜੀਆਂ ਸ਼ੈਲੀਆਂ ਰਾਹੀਂ ਸੰਭਵ ਨਹੀਂ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਵਰਣਨਾਤਮਕ ਸ਼ੈਲੀ ਦੀ ਵਰਤੋਂ ਬਹੁਤ ਹੀ ਸੂਝ-ਬੂਝ ਨਾਲ ਕੀਤੀ ਹੈ। ਬਿਆਨ ਜਾਂ ਵਰਣਨ ਦੀ ਤਾਕਤ ਹੀ ਅਸਲ ਵਿਚ ਇਸ ਨਾਵਲ ਦੇ ਸਮੁੱਚੇ ਢਾਂਚੇ ਨੂੰ ਰੋਚਕ ਤੇ ਉਤਸੁਕਤਾ ਭਰਪੂਰ ਬਣਾਈ ਰੱਖਦੀ ਹੈ। ਬਿਆਨ ਦੀ ਸ਼ਕਤੀ ਕੌਰਵ ਸਭਾ ਵਿਚ ਥਾਂ-ਥਾਂ 'ਤੇ ਵੇਖੀ ਜਾ ਸਕਦੀ ਹੈ ਜਿਵੇਂ ਕਿ-

'ਠੇਕੇਦਾਰ ਸੋਚ ਰਿਹਾ ਸੀ। ਭਤੀਜੇ ਦੇ ਸਾਥੀ ਮੌਕੇ 'ਤੇ ਹੀ ਛਾਈਂ-ਮਾਈਂ ਹੋ ਗਏ ਸਨ। ਭਤੀਜਾ ਕਦੋਂ ਦਾ ਬੰਬੇ ਵਾਲੀ ਗੱਡੀ ਚੜ੍ਹ ਚੁੱਕਾ ਹੋਣਾ ਹੈ। ਰਾਮ ਲੁਭਾਇਆ ਦਾ ਨਾਂ ਕਿਸ ਨੇ ਲੈਣਾ ਹੈ? ਡਰ ਤੇ ਖ਼ੁਸ਼ੀ ਦੀ ਖਿੱਚੋਤਾਣ ਵਿਚ ਫਸਿਆ ਰਾਮ ਲੁਭਾਇਆ ਸਵੇਰ ਤੋਂ ਅੰਗਰੇਜ਼ੀ ਸ਼ਰਾਬ ਪੀ ਰਿਹਾ ਸੀ। ਉਹ ਸ਼ਰਾਬ ਗ਼ਮ ਗ਼ਲਤ ਕਰਨ ਲਈ ਪੀ ਰਿਹਾ ਸੀ ਜਾਂ ਖ਼ੁਸ਼ੀ ਮਨਾਉਣ ਲਈ, ਇਸ ਦੀ ਸੂਹ ਸੂਹੀਆਂ ਨੂੰ ਨਹੀਂ ਸੀ ਮਿਲ ਸਕੀ।

ਸਾਦੇ ਕੱਪੜਿਆਂ ਵਿਚ ਖ਼ੁਫ਼ੀਆ ਵਿਭਾਗ ਦੇ ਕਰਮਚਾਰੀਆਂ ਨੇ ਉਸ ਦੇ ਘਰ ਨੂੰ ਘੇਰਾ ਪਾਇਆ ਹੋਇਆ ਸੀ। ਉਨ੍ਹਾਂ ਨੂੰ ਪੁਲਿਸ ਕਪਤਾਨ ਦੇ ਅਗਲੇ ਹੁਕਮਾਂ ਦੀ ਉਡੀਕ ਸੀ। ਖ਼ੁਫ਼ੀਆ ਵਿਭਾਗ ਦੀ ਕਾਰਗੁਜ਼ਾਰੀ ’ਤੇ ਕਪਤਾਨ ਦਾ ਮਨ ਗਦ-ਗਦ ਹੋ ਗਿਆ। ਮਨ ਹੀ ਮਨ ਖ਼ੁਫ਼ੀਆ ਵਿਭਾਗ ਦੇ ਜਵਾਨਾਂ ਨੂੰ ਸਲੂਟ ਮਾਰ ਕੇ ਕਪਤਾਨ ਨੇ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ’।[10]

2) ਫਲੈਸ਼ ਬੈਕ ਜਾਂ ਪਿਛਲ-ਝਾਤ ਸ਼ੈਲੀ- ਇਸ ਸ਼ੈਲੀ ਅਨੁਸਾਰ ਨਾਵਲਕਾਰ ਪਾਤਰ ਨੂੰ ਵਰਤਮਾਨ ਸਮੇਂ ਵਿਚ ਵਿਚਰਦਿਆਂ ਦਰਸਾ ਕੇ ਉਸ ਦੇ ਦਿਮਾਗ਼ ਵਿਚ ਚਲਦੀਆਂ ਭੂਤਕਾਲ ਸੰਬੰਧੀ ਘਟਨਾਵਾਂ ਨੂੰ ਗਲਪ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਇਸੇ ਤਰ੍ਹਾਂ ‘ਕੌਰਵ ਸਭਾ’ ਵਿਚ ਵੀ ਲੇਖਕ ਨੇ ਸਭ ਤੋਂ ਪਹਿਲੇ ਕਾਂਡ ਵਿਚ ਵੇਦ ਦੇ ਪਰਿਵਾਰ ਦੀ ਤ੍ਰਾਸਦੀ ਨੂੰ ਬਿਆਨ ਕਰਨ ਤੋਂ ਬਾਅਦ ਵਿਚ ਸਮੁੱਚੀ ਸਥਿਤੀ ਨੂੰ ਫਲੈਸ਼ ਬੈਕ ਵਿਧੀ ਰਾਹੀਂ ਚਿਤਰਿਆ ਹੈ।

‘ਕੌਰਵ ਸਭਾ’ ਨਾਵਲ ਦਾ ਕੇਂਦਰੀ ਥੀਮ ਨਿਆਂਪਾਲਿਕਾ ਅਤੇ ਕਾਨੂੰਨ ਹੈ। ਪਰ ਨਾਵਲ ਦੇ ਆਰੰਭ ਵਿਚ ਰਾਮ ਨਾਥ ਨੂੰ ਉਸ ਦੀ ਭੈਣ ਨੀਲਮ ਦੇ ਘਰ ਪਏ ਡਾਕੇ ਦੀ ਸੂਚਨਾ ਮਿਲਦੀ ਹੈ। ਰਾਮ ਨਾਥ ਸੋਚਦਾ ਹੈ ਡਾਕਾ ਕਿਉਂ ਪਿਆ? ਡਾਕਾ ਮਾਰਨ ਵਾਲੇ ਕੌਣ ਸਨ? ਪਰਿਵਾਰ ਦੇ ਮੈਂਬਰਾਂ ਦੀ ਕੀ ਹਾਲਤ ਸੀ? ਆਦਿ ਪ੍ਰਸ਼ਨਾਂ ਨਾਲ ਜਿੱਥੇ ਪਾਠਕਾਂ ਦੇ ਮਨ ਵਿਚ ਉਤਸੁਕਤਾ ਪੈਦਾ ਹੁੰਦੀ ਹੈ ਉੱਥੇ ਨਾਵਲਕਾਰ ਚਾਲੀ-ਪੰਜਾਹ ਸਾਲ ਦੇ ਜੀਵਨ ਬਿਰਤਾਂਤ ਨੂੰ ਰਾਮ ਨਾਥ ਦੀ ਸਿਮ੍ਰਿਤੀ ਦੁਆਰਾ ਇਕ ਡੇਢ ਘੰਟੇ ਦੇ ਸਫ਼ਰ ਦੌਰਾਨ ਪੇਸ਼ ਕਰਦਾ ਹੈ। ਇਹ ਪਿਛਲ-ਝਾਤ ਦੀ ਜੁਗਤ ਨਾਵਲਕਾਰ ਦੇ ਨਾਵਲ ਦੀ ਬਣਤਰ ਦਾ ਇਕ ਅਹਿਮ ਪਹਿਲੂ ਹੈ। ਜਿਵੇਂ ਕਿ-

‘ਰਾਮ ਨਾਥ ਦੇ ਸ਼ਹਿਰ ਤੋਂ ਮਾਇਆ ਨਗਰ ਦਾ ਰਸਤਾ ਇਕ ਘੰਟੇ ਦਾ ਸੀ। ਅੱਗੇ ਇਹ ਪੈਂਡਾ ਅੱਖ ਝਪਕਦਿਆਂ ਨਿਕਲ ਜਾਂਦਾ ਸੀ। ਅੱਜ ਹਰ ਪਲ ਜਿਵੇਂ ਜੁਗਾਂ ਜਿੱਡਾ ਲੰਬਾ ਹੋ ਗਿਆ ਸੀ। ਉਸ ਦਾ ਮਨ ਕਾਹਲਾ ਪੈ ਰਿਹਾ ਸੀ। ਉਸ ਨੂੰ ਨੀਲਮ ਦੇ ਪਰਿਵਾਰ ਦੀ ਚਿੰਤਾ ਖਾ ਰਹੀ ਸੀ। ਫ਼ੋਨ ’ਤੇ ਕਦੇ ਸੱਚ ਨਹੀਂ ਦੱਸਿਆ ਜਾਂਦਾ। ਬਹੁਤ ਕੁਝ ਛੁਪਾ ਲਿਆ ਲਗਦਾ ਸੀ। ਰੱਬ ਖ਼ੈਰ ਕਰੇ। ਮਨ ਹੀ ਮਨ ਉਹ ਪ੍ਰਾਰਥਨਾ ਕਰ ਰਿਹਾ ਸੀ।

ਇਹ ਵਾਰਦਾਤ ਕਿਸ ਨੇ ਕੀਤੀ ਹੋਏਗੀ?

ਕਾਰ ਦੇ ਮਾਇਆ ਨਗਰ ਦੇ ਰਾਹ ਪੈਂਦਿਆਂ ਹੀ ਰਾਮ ਨਾਥ ਦਾ ਜ਼ਿਹਨ ਪ੍ਰਸ਼ਨਾਂ ਨਾਲ ਭਰਨ ਲੱਗਾ।

ਅੱਜ-ਕੱਲ੍ਹ ਕਾਲੇ ਕੱਛਿਆਂ ਵਾਲੇ ਅਜਿਹੀਆਂ ਵਾਰਦਾਤਾਂ ਵਿਚ ਰੁੱਝੇ ਹੋਏ ਹਨ ਹੋ ਸਕਦਾ ਹੈ ਇਹ ਵਾਰਦਾਤ ਅਜਿਹੇ ਕਿਸੇ ਗਰੋਹ ਨੇ ਕੀਤੀ ਹੋਵੇ?

ਦੂਜੇ ਹੀ ਪਲ ਉਸ ਨੇ ਕਾਲੇ ਕੱਛਿਆਂ ਵਾਲਿਆਂ ਦੇ ਇਸ ਵਾਰਦਾਤ ਵਿਚ ਸ਼ਾਮਲ ਹੋਣ ਨੂੰ ਨਕਾਰ ਦਿੱਤਾ। ਇਹ ਗਰੋਹ ਅਜਿਹੀ ਵਾਰਦਾਤ ਸ਼ਹਿਰਾਂ ਜਾਂ ਪਿੰਡਾਂ ਦੇ ਬਾਹਰ-ਵਾਰ ਵਸੇ ਘਰਾਂ ਵਿਚ ਕਰਦਾ ਸੀ। ਨੀਲਮ ਦਾ ਘਰ ਸ਼ਹਿਰ ਦੇ ਪਚੱਗ ਵਿਚ ਸੀ। ਗਲੀ ਦੇ ਦੋਹੀਂ ਪਾਸੀਂ ਲੋਹੇ ਦੇ ਵੱਡੇ ਗੇਟ ਸਨ। ਪਹਿਰੇਦਾਰ ਸਾਰੀ ਰਾਤ ਪਹਿਰਾ ਦਿੰਦਾ ਸੀ। ਇਹ ਵਾਰਦਾਤ ਕਿਸੇ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋਈ ਜਾਪਦੀ ਸੀ।

ਰਾਮ ਨਾਥ ਦੀ ਹਦਾਇਤ ਉੱਪਰ ਡਰਾਈਵਰ ਨੇ ਗੱਡੀ ਸੌ ਦੀ ਸਪੀਡ ਉੱਪਰ ਛੱਡ ਦਿੱਤੀ। ਉਸੇ ਰਫ਼ਤਾਰ ਨਾਲ ਰਾਮ ਨਾਥ ਖ਼ਿਆਲੀ ਘੋੜੇ ਦੌੜਾ-ਦੌੜਾ ਅਤੇ ਟੁੱਟੀਆਂ ਤੰਦਾਂ ਜੋੜ-ਜੋੜ ਘਟਨਾ ਦੀ ਤਹਿ ਤਕ ਜਾਣ ਦਾ ਯਤਨ ਕਰਨ ਲੱਗਾ'।[11]

3) ਮਨੋਵਿਸ਼ਲੇਸ਼ਣੀ ਸ਼ੈਲੀ- ਇਸ ਸ਼ੈਲੀ ਨੂੰ ਉਹ ਹੀ ਨਾਵਲਕਾਰ ਪ੍ਰਯੋਗ ਕਰ ਸਕਦਾ ਹੈ ਜਿਸ ਨੂੰ ਮਨੋਵਿਸ਼ਲੇਸ਼ਣ ਦੀ ਸਮਝ ਹੋਵੇ ਸੋ ਨਾਵਲਕਾਰ ਨੂੰ ਆਪਣੇ ਪਾਤਰਾਂ ਦਾ ਮਨੋਵਿਸ਼ਲੇਸ਼ਣ ਪੱਖ ਪੇਸ਼ ਕਰਨ ਲਈ ਮਨੋਵਿਸ਼ਲੇਸ਼ਣ ਸ਼ੈਲੀ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਸ਼ੈਲੀ ਦੀ ਵਰਤੋਂ ਕਰਦਿਆਂ ਨਾਵਲਕਾਰ ਨਾਵਲ ਦੇ ਪਾਤਰਾਂ ਦੀ ਅੰਦਰਲੀ ਸੋਚ, ਉਥਲ-ਪੁਥਲ, ਉਤਰਾਅ-ਚੜ੍ਹਾਅ ਆਦਿ ਨੂੰ ਉਲੀਕਣ 'ਤੇ ਜ਼ੋਰ ਦਿੰਦਾ ਹੈ।

ਕੌਰਵ ਸਭਾ ਵਿਚ ਆਪਣੇ ਪਾਤਰਾਂ ਦੇ ਮਨੋਵਿਸ਼ਲੇਸ਼ਣ ਲਈ ਲੇਖਕ ਨੇ ਅਨੇਕਾਂ ਥਾਂ 'ਤੇ ਇਸ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਵੇਂ ਕਿ 'ਕੌਰਵ ਸਭਾ' ਨਾਵਲ ਦੀ ਪਾਤਰ ਨੇਹਾ ਨੂੰ ਦੇਖਿਆ ਜਾ ਸਕਦਾ ਹੈ-

'ਲੱਖ ਯਤਨ ਕਰਨ 'ਤੇ ਵੀ ਨੇਹਾ ਨੂੰ ਬਿਆਨ ਯਾਦ ਨਹੀਂ ਸੀ ਹੋ ਰਿਹਾ। ਬਿਆਨ ਰਾਹੀਂ ਉਸ ਨੂੰ ਵਾਰਦਾਤ ਯਾਦ ਕਰਨ ਲਈ ਆਖਿਆ ਜਾ ਰਿਹਾ ਸੀ। ਵਾਰਦਾਤ ਯਾਦ ਆਉਂਦਿਆਂ ਹੀ ਉਸ ਦਾ ਸਾਰਾ ਸਰੀਰ ਕੰਬਣ ਲਗਦਾ। ਦਿਮਾਗ਼ ਫਟਨ ਲਗਦਾ। ਸਾਰਾ ਸਰੀਰ ਬਦਬੂ ਨਾਲ ਭਰ ਜਾਂਦਾ। ਉਸ ਨੂੰ ਆਪਣੇ ਆਪ ਨਾਲ ਆਪਣੇ ਸਰੀਰ ਨਾਲ ਘ੍ਰਿਣਾ ਹੋਣ ਲੱਗਦੀ। ਬਿਆਨ ਯਾਦ ਕਰਦਿਆਂ ਕਮਲ ਦੇ ਪੇਟ ਵਿਚ ਵੱਜਦੇ ਛੁਰਿਆਂ ਦਾ ਦ੍ਰਿਸ਼ ਤਾਜ਼ਾ ਹੋ ਜਾਂਦਾ ਸੀ। ਕਮਲ ਦੇ ਤਰਲੇ ਅਤੇ ਚੀਕਾਂ ਉਸ ਦੇ ਕੰਨਾਂ ਨੂੰ ਚੀਰਨ ਲਗਦੇ ਸਨ। ਉਸ ਨੂੰ ਆਪਣੇ ਆਪ 'ਤੇ ਅਫ਼ਸੋਸ ਹੁੰਦਾ ਸੀ। ਕਮਲ ਦੀ ਮੌਤ ਦੀ ਜ਼ਿੰਮੇਵਾਰ ਉਹ ਸੀ। ਨਾ ਉਹ ਪੈਦਾ ਹੁੰਦੀ ਨਾ ਕੋਈ ਉਸ ਦੀ ਇੱਜ਼ਤ ਲੁੱਟਦਾ। ਨਾ ਕਮਲ ਮੁਕਾਬਲਾ ਕਰਦਾ, ਨਾ ਕਤਲ ਹੁੰਦਾ'।[12]

4) ਵਾਰਤਾਲਾਪ ਵਿਧੀ- ਇਹ ਵਿਧੀ ਗਲਪੀ ਬਿਰਤਾਂਤ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨਾਵਲ ਵਿਚ ਵਾਰਤਾਲਾਪ ਵਿਧੀ ਦਾ ਪ੍ਰਯੋਗ ਪਾਤਰ ਉਸਾਰੀ, ਵਿਸ਼ੇ ਵਿਚ ਸੰਖੇਪਤਾ, ਨਾਟਕੀਅਤਾ ਤੇ ਸੁਭਾਵਿਕਤਾ ਲਿਆਉਣ ਲਈ ਕੀਤਾ ਜਾਂਦਾ ਹੈ। ਕਿਉਂਕਿ ਵਾਰਤਾਲਾਪ ਰਾਹੀਂ ਵਿਸ਼ੇ ਦੇ ਕਿਸੇ ਖ਼ਾਸ ਪੱਖ ਨੂੰ ਬਿਆਨ ਕੀਤਾ ਜਾਂਦਾ ਹੈ।

'ਕੌਰਵ ਸਭਾ' ਨਾਵਲ ਵਿਚ ਮਿੱਤਰ ਸੈਨ ਮੀਤ ਨੇ ਇਸ ਵਿਧੀ ਦੀ ਵਰਤੋਂ ਦੋ ਪਾਤਰਾਂ ਦੇ ਵਾਰਤਾਲਾਪ ਰਾਹੀ ਨਾਟਕੀ ਦ੍ਰਿਸ਼ ਪੇਸ਼ ਕਰਨ ਲਈ ਵਰਤੀ ਹੈ ਜਿਵੇਂ ਕਿ-

"ਇਸ ਵਿਚ ਕੀ ਹੈ?"

"ਚਾਲੀ ਲੱਖ ਹੈ"।

"ਮੈਂ ਕੀ ਕਰਨੇ ਨੇ? ਰੱਖ ਆਪਣੇ ਕੋਲ। ਦੇਖ ਆਪਣੇ ਬਾਪੂ ਦੀਆਂ ਮਿਹਰਾਂ"।

ਨਵੀਂ ਪੀੜ੍ਹੀ ਮੁੱਖ-ਮੰਤਰੀ ਨੂੰ ਬਾਪੂ ਆਖ ਕੇ ਬੁਲਾਉਂਦੀ ਸੀ। ਇਕ ਸੁਹਿਰਦ ਬਾਪ ਵਾਲੇ ਫ਼ਰਜ਼ ਨਿਭਾਉਂਦਿਆਂ ਮੁੱਖ ਮੰਤਰੀ ਨੇ ਬਘੇਲ ਸਿੰਘ ਦੀ ਪਿੱਠ ਥਾਪੜ ਕੇ ਬਰੀਫ਼ ਕੇਸ ਉਸ ਵੱਲ ਖਿਸਕਾ ਦਿੱਤਾ।

"ਮੈਂ ਅਗਲੀ ਕਿਸ਼ਤ ਲੈ ਲਵਾਂਗਾ। ਇਹ ਤੁਹਾਡੀ ਅਮਾਨਤ ਹੈ'।

"ਨਹੀਂ ਬਈ ਨਹੀਂ। ਸਭ ਕਿਸ਼ਤਾਂ ਤੇਰੀਆਂ ਹਨ। ਕੋਈ ਹੋਰ ਹੁਕਮ ਹੈ ਤਾਂ ਦੱਸ?"[13]

ਉਪਰੋਕਤ ਵਾਰਤਾਲਾਪ ਐਮ.ਐਲ.ਏ ਬਘੇਲ ਸਿੰਘ ਅਤੇ ਮੁੱਖ ਮੰਤਰੀ ਵਿਚਕਾਰ ਹੋ ਰਹੀ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਮੁੱਖ ਮੰਤਰੀ, ਬਘੇਲ ਸਿੰਘ ਨੂੰ ਖੁੱਲ੍ਹਾ ਗੱਫਾ ਲਵਾਉਣਾ ਚਾਹੁੰਦਾ ਸੀ। ਤਾਂ ਜੋ ਬਘੇਲ ਸਿੰਘ ਆਪਣੇ ਜਥੇਦਾਰ ਦਾ ਸਾਥ ਛੱਡ ਕੇ ਉਸ ਦੇ ਨਾਲ ਰਲ ਸਕੇ। ਉਪਰੋਕਤ ਵਾਰਤਾਲਾਪ ਰਾਹੀਂ ਸਾਡੇ ਸਾਹਮਣੇ ਦੋ ਪਾਤਰਾਂ ਵਿਚਕਾਰ ਹੋਈ ਗੱਲਬਾਤ ਦਾ ਦ੍ਰਿਸ਼ ਸਾਕਾਰ ਹੁੰਦਾ ਹੈ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਪਤਾ ਲੱਗਦਾ ਹੈ। ਇੱਥੇ ਨਾਵਲਕਾਰ ਆਪਣੇ ਨਾਵਲ ਵਿਚਲੇ ਨਾਟਕੀ ਦ੍ਰਿਸ਼ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇੱਕੋ ਕਿਸਮ ਦੇ ਦੋ ਪਾਤਰਾਂ ਦੀ ਸਿਰਜਣਾ ਵੀ ਕਰਦਾ ਹੈ, ਜੋ ਰਲ ਕੇ ਸਾਡੇ ਅਜੋਕੇ ਰਾਜਨੀਤਿਕ ਸਿਸਟਮ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਪੇਸ਼ਕਾਰੀ ਕਰਦੇ ਹੋਏ ਅਜੋਕੇ ਭ੍ਰਿਸ਼ਟ ਤੰਤਰ ਦੀ ਪ੍ਰਤੀਨਿਧਤਾ ਵੀ ਕਰਦੇ ਹਨ।

ਨਾਵਲਕਾਰ ਨੇ ਆਪਣੇ ਨਾਵਲ ਵਿਚ ਭਾਸ਼ਾ ਤੇ ਸ਼ੈਲੀ ਨੂੰ ਅਜਿਹੇ ਤਰੀਕੇ ਨਾਲ ਵਰਤਿਆ ਹੈ ਕਿ ਉਸ ਦੇ ਨਾਵਲ ਦੀ ਬਣਤਰ, ਪਾਤਰ, ਉਨ੍ਹਾਂ ਦੇ ਕਾਰਜ ਅਤੇ ਜੀਵਨ ਦੀਆਂ ਘਟਨਾਵਾਂ, ਆਲੇ-ਦੁਆਲੇ ਦਾ ਵਾਤਾਵਰਨ ਆਦਿ ਉੱਪਰ ਆਧਾਰਿਤ ਦ੍ਰਿਸ਼ ਪਾਠਕ ਦੇ ਸਾਹਮਣੇ ਸਾਕਾਰ ਹੋ ਜਾਂਦੇ ਹਨ। ਲੇਖਕ ਨੂੰ ਆਪਣੇ ਪੇਸ਼ੇ ਕਾਰਨ ਭਾਸ਼ਾ ਦੀ ਵੰਨ-ਸੁਵੰਨਤਾ ਦਾ ਗਹਿਰਾ ਅਨੁਭਵ ਹੈ ਕਿਉਂਕਿ ਉਸ ਦੇ ਪੇਸ਼ੇ ਅਨੁਸਾਰ ਉਸ ਕੋਲ ਹਰ ਪੇਸ਼ੇ ਨਾਲ ਸੰਬੰਧਿਤ ਲੋਕ ਆਉਂਦੇ ਰਹਿੰਦੇ ਹਨ, ਜਿਸ ਕਾਰਨ ਉਸ ਦੇ ਨਾਵਲਾਂ ਦੀ ਭਾਸ਼ਾ ਵਿਸ਼ੇ ਦੇ ਅਨੁਕੂਲ ਸ਼ੁੱਧ, ਸਰਲ ਅਤੇ ਸਹਿਜ ਮਈ ਹੈ। ਇਸ ਤਰ੍ਹਾਂ ਅਸੀ ਇਹ ਕਹਿ ਸਕਦੇ ਹਾਂ ਕਿ ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਭਾਸ਼ਾ ਤੇ ਸ਼ੈਲੀ ਜੋ ਕਿ ਪ੍ਰਮੁੱਖ ਗਲਪੀ ਜੁਗਤਾਂ ਹਨ ਦਾ ਪ੍ਰਯੋਗ ਬੜੇ ਹੀ ਸਫਲ ਤਰੀਕੇ ਨਾਲ ਕੀਤਾ ਹੈ।

---

[1] ਪਿਆਰਾ ਸਿੰਘ ਭੋਗਲ ਤੇ ਹਿਰਦੇਜੀਤ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-18
[2] ਪ੍ਰਿਤਪਾਲ ਸਿੰਘ, ਨਾਵਲ ਦੀ ਪਰਖ, ਪੰਨਾ-42
[3] ਸੰਪਾ.(ਐੱਸ.ਤਰਸੇਮ) ਸ.ਸੰਪਾ.(ਰਵੀ ਰਵਿੰਦਰ), ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ ਦਰ ਸੰਵਾਦ, ਪੰਨਾ-118
[4] ਹਰਿਭਜਨ ਸਿੰਘ ਭਾਟੀਆ, ਕੌਰਵ ਸਭਾ ਦੀਆਂ ਪਰਤਾਂ, ਪੰਨਾ-159-160
[5] ਕੁਲਬੀਰ ਸਿੰਘ ਕਾਂਗ, ਪੰਜਾਬੀ ਨਾਵਲ ਤੇ ਨਾਵਲਕਾਰ, ਪੰਨਾ-21
[6] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-15
[7] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-177-178
[8] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-228
[9] -ਉਹੀ-, ਪੰਨਾ-303
[10] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-50
[11] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-2-3
[12] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-284-285
[13] ਮਿੱਤਰ ਸੈਨ ਮੀਤ, ਕੌਰਵ ਸਭਾ, ਪੰਨਾ-194-195

# ਸਿੱਟੇ ਤੇ ਸਥਾਪਨਾਵਾਂ

ਹਰੇਕ ਯੁੱਗ ਦਾ ਸਾਹਿਤ ਆਪਣੇ ਸਮੇਂ ਦੀ ਸੰਸਕ੍ਰਿਤੀ, ਰਾਜਨੀਤੀ, ਧਰਮ, ਆਰਥਿਕਤਾ ਅਤੇ ਹਰ ਸਮਾਜਿਕ ਦਸ਼ਾ ਆਦਿ ਦਾ ਡੂੰਘਾ ਅਸਰ ਕਬੂਲਦਾ ਹੈ ਜਿਸ ਕਰਕੇ ਹਰੇਕ ਸਮੇਂ ਦੇ ਸੱਚ ਦੀ ਸਾਹਿਤ ਵਿਚ ਬੜੀ ਅਹਿਮੀਅਤ ਹੈ ਸੂਝ ਤੇ ਬਰੀਕਬੀਨੀ ਨਾਲ ਰਚਿਆ ਗਿਆ ਸਾਹਿਤ ਸਾਹਿਤਕਾਰ ਦੀ ਅਹਿਮੀਅਤ ਨੂੰ ਘਟਣ ਨਹੀਂ ਦਿੰਦਾ। ਨਾਵਲ ਦੇ ਖੇਤਰ ਵਿਚ ਮਿੱਤਰ ਸੈਨ ਮੀਤ ਵੀ ਅਜਿਹਾ ਨਾਵਲਕਾਰ ਹੈ ਜਿਸ ਨੇ ਸਮੇਂ ਦੇ ਸੱਚ ਨੂੰ ਆਪਣੀਆਂ ਲਿਖਤਾਂ ਵਿਚ ਰੂਪਮਾਨ ਕੀਤਾ ਹੈ।

ਮਿੱਤਰ ਸੈਨ ਮੀਤ ਨੇ ਲਿਖਣ ਦੀ ਸ਼ੁਰੂਆਤ ਕਹਾਣੀ ਤੋਂ ਕੀਤੀ ਤੇ ਤਿੰਨ ਕਹਾਣੀ-ਸੰਗ੍ਰਹਿ ਲਿਖੇ- ਪੁਨਰਵਾਸ, ਲਾਮ, ਠੋਸ ਸਬੂਤ ਇਸ ਤੋਂ ਬਾਅਦ ਉਸ ਨੇ ਨਾਵਲ ਲਿਖਣੇ ਸ਼ੁਰੂ ਕੀਤੇ ਹੁਣ ਤੱਕ ਉਸ ਨੇ ਛੇ ਨਾਵਲ ਲਿਖੇ ਹਨ- ਅੱਗ ਦੇ ਬੀਜ, ਕਾਫ਼ਲਾ, ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ ਇਹ ਨਾਵਲ ਉਸ ਨੇ ਆਪਣੇ ਹੀ ਵੱਖਰੇ ਅੰਦਾਜ਼ ਵਿਚ ਪੰਜਾਬੀ ਸਾਹਿਤ ਨੂੰ ਦਿੱਤੇ ਹਨ।

ਖੋਜ ਕਾਰਜ ਵਿਚ ਅਸੀ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਨੂੰ ਆਧਾਰ ਬਣਾਇਆ ਹੈ ਜਿਸ ਦਾ ਵਿਸ਼ਾ ਹੈ- 'ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਵਿਚ ਮਿੱਥ ਰੂਪਾਂਤਰਨ'। 'ਕੌਰਵ ਸਭਾ' ਮਿੱਤਰ ਸੈਨ ਮੀਤ ਦੁਆਰਾ ਰਚਿਤ ਇੱਕ ਅਜਿਹਾ ਨਾਵਲ ਹੈ ਜਿਸ ਵਿਚ ਉਸ ਨੇ ਅਜੋਕੇ ਸਮਾਜ ਦੀਆਂ ਸਮੱਸਿਆਵਾਂ ਨੂੰ ਮਿੱਥ ਰੂਪਾਂਤਰਨ ਰਾਹੀਂ ਪੇਸ਼ ਕੀਤਾ ਹੈ। 'ਕੌਰਵ ਸਭਾ' ਵਿਚਲੇ ਮਿੱਥ ਰੂਪਾਂਤਰਨ ਨੂੰ ਸਮਝਣ ਲਈ ਮਿੱਥ ਵਿਗਿਆਨ ਬਾਰੇ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ।

ਮਿੱਥ ਮਨੁੱਖ ਦੁਆਰਾ ਅਰਜਿਤ ਗਿਆਨ ਤੇ ਰਹੱਸਾਤਮਿਕ ਸੂਝ ਦਾ ਵਿਧੀ ਪੂਰਵਕ ਬਿਰਤਾਂਤਿਕ ਉਸਾਰ ਹੈ। ਬਦਲੇ ਵਿਚ ਇਹ ਮਨੁੱਖ ਨੂੰ ਜੀਵਨ ਜਿਉਣ ਦਾ ਐਸਾ ਮਾਡਲ ਪ੍ਰਦਾਨ ਕਰਦੀ ਹੈ ਜੋ ਉਸ ਨੂੰ ਇਸ ਬ੍ਰਹਿਮੰਡ ਦਾ ਬਿਹਤਰੀਨ ਜੀਵ ਬਣਾਉਣ ਵਿਚ ਸਹਾਈ ਹੁੰਦਾ ਹੈ। ਮਿੱਥ ਵਿਚ ਬ੍ਰਹਿਮੰਡ, ਵਿਸ਼ਵ, ਸਮਾਜ, ਸੰਸਕ੍ਰਿਤੀ ਤੇ ਮਨੁੱਖ ਦੇ ਅਸਤਿਤਵ, ਉਸ ਦੀ ਹੋਂਦ, ਉਸ ਦੇ ਵਿਕਾਸ ਅਤੇ ਸਥਾਪਤੀ ਸੰਬੰਧੀ ਗਹਿਰੀ ਸੂਝ ਸ਼ਾਮਿਲ ਹੁੰਦੀ ਹੈ। ਮਿਥਿਕ ਘਟਨਾਵਾਂ ਇਤਿਹਾਸਕ ਕਾਲ ਤੋਂ ਪਹਿਲਾਂ ਅਕਸਰ ਉਤਪਤੀ ਦੇ ਆਰੰਭ ਜਾਂ ਪਰਾ-ਇਤਿਹਾਸ ਦੇ ਪਹਿਲੇ ਪੜਾਅ ਨਾਲ ਸੰਬੰਧਿਤ ਹੁੰਦੀਆਂ ਹਨ ਜਦ ਕਿ ਕਿਸੇ ਵਿਸ਼ੇਸ਼ ਸਭਿਆਚਾਰ ਦੀਆਂ ਮਿੱਥਾਂ ਆਮ ਤੌਰ ਤੇ ਉਸ ਸਭਿਆਚਾਰ ਦੇ ਧਾਰਮਿਕ ਵਿਸ਼ਵਾਸਾਂ ਅਤੇ ਰੀਤੀ ਰਿਵਾਜ਼ਾਂ ਨਾਲ ਬਹੁਤ ਨੇੜਿਉਂ ਜੁੜੀਆਂ ਹੁੰਦੀਆਂ ਹਨ। ਸਮਕਾਲ ਨਾਲ ਜੁੜੇ ਮਿਥਿਕ ਆਪਣੇ ਸਮੇਂ ਦੇ ਸੱਚ ਨੂੰ ਉਜਾਗਰ ਕਰਨ ਵਿਚ ਬੇਹੱਦ ਸਹਾਈ ਹੁੰਦੇ ਹਨ। ਘਟਨਾਵਾਂ ਵਿੱਚ ਪਸਰੇ ਟਕਰਾਓ ਨੂੰ ਉਘਾੜਨਾ ਮਿੱਥ ਰਚਨਾ ਦਾ ਅਹਿਮ ਕਾਰਜ ਹੈ ਜੋ ਸਮੇਂ ਤੇ ਸਥਾਨ ਦੇ ਪਰਿਵਰਤਨ ਨਾਲ ਸਾਹਿਤਕ ਕਿਰਤਾਂ ਵਿਚ ਰੂਪਾਂਤਰਿਤ ਹੋ ਜਾਂਦਾ ਹੈ।

ਰੂਪਾਂਤਰਨ ਸਦਕਾ ਹੀ ਕੋਈ ਪੁਰਾਤਨ ਸੰਕਲਪ, ਵਿਚਾਰ ਜਾਂ ਵਸਤੂ ਆਪਣੀਆਂ ਤਮਾਮ ਸੰਭਾਵਨਾਵਾਂ ਸਹਿਤ ਨਵੇਂ ਅਰਥਾਂ ਦਾ ਸੰਚਾਰ ਕਰਨ ਦੇ ਸਮਰੱਥ ਬਣਦਾ ਹੈ। ਮਿੱਥ ਦੇ ਰੂਪਾਂਤਰਨ ਦੀ ਪ੍ਰਕ੍ਰਿਆ ਸਾਹਿਤਕ ਕਿਰਤਾਂ ਵਿਚ ਮਿੱਥ ਦੇ ਵਿਗਾੜ ਤੇ ਮਿੱਥ ਦੇ ਵਿਕਾਸ ਦੋਹਾਂ ਸੰਦਰਭਾਂ ਵਿਚ ਵਾਪਰਦੀ ਹੈ। ਮਿੱਥ ਸਿਰਜਣ ਦਾ ਪ੍ਰਕਾਰਜ ਆਦਿ-ਮਾਨਵ ਤੋਂ ਲੈ ਕੇ ਆਧੁਨਿਕ

ਮਨੁੱਖ ਤੱਕ ਲਗਾਤਾਰ ਜਾਰੀ ਰਿਹਾ ਹੈ। ਕਾਲ ਅੰਤਰਾਲ ਵਿਚਲੇ ਮਿਥਿਕ ਵਰਤਾਰੇ ਨੇ ਮਿੱਥ ਦੇ ਸਰੂਪ ਨੂੰ ਪਰਿਵਰਤਨ ਸ਼ੀਲਤਾ ਦਾ ਧਾਰਨੀ ਬਣਾਇਆ ਹੈ। ਮਿੱਥ ਦਾ ਮਨੁੱਖੀ ਸੂਝ ਨਾਲ ਗਹਿਰਾ ਸੰਬੰਧ ਹੋਣ ਕਰਕੇ ਇਸ ਨੂੰ ਮਾਨਵੀ ਵਿਕਾਸ ਦੇ ਕਿਸੇ ਇਕ ਖੰਡ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਮਾਨਵੀ-ਵਿਕਾਸ ਦੇ ਨਾਲ-ਨਾਲ ਮਿੱਥ ਵਿਚਲਾ ਵਸਤੂ-ਜਗਤ ਤੇ ਇਸ ਦਾ ਸੰਰਚਨਾਤਮਿਕ ਸਰੂਪ ਵੀ ਵਿਕਾਸ ਕਰਦਾ ਹੈ। ਜਿਉਂ-ਜਿਉਂ ਮਨੁੱਖੀ ਸੂਝ ਦਾ ਦਾਇਰਾ ਵਿਸ਼ਾਲ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਮਿੱਥ ਸਿਰਜਣ ਦਾ ਪ੍ਰਕਾਰਜ ਫੈਲਦਾ ਜਾਂਦਾ ਹੈ। ਦੇਵਤਿਆਂ ਤੋਂ ਮਨੁੱਖ ਤੱਕ, ਸਮੂਹਿਕਤਾ ਤੋਂ ਸ੍ਰੈਇਕਤਾ ਤੇ ਨਿੱਜਤਾ ਤੱਕ, ਅਲੌਕਿਕਤਾ ਤੋਂ ਲੌਕਿਕਤਾ ਤੱਕ ਇਸ ਦੀ ਪਰਿਵਰਤਨ ਸ਼ੀਲਤਾ ਨੂੰ ਵੇਖਿਆ ਜਾ ਸਕਦਾ ਹੈ।

'ਕੌਰਵ ਸਭਾ' ਨਾਵਲ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਇਸ ਤੋਂ ਇਲਾਵਾ ਸ਼ਹਿਰੀਕਰਨ ਤੇ ਪੂੰਜੀਵਾਦ ਦੇ ਪ੍ਰਭਾਵ ਵਜੋਂ ਉਪਜੀ ਪਦਾਰਥਿਕ ਸੋਚ ਦੇ ਅਮਾਨਵੀ ਪੱਖਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੰਜਾਬ ਦੇ ਵਿਭਿੰਨ ਖੇਤਰਾਂ ਵਿਚ ਪੂੰਜੀਵਾਦ ਤੋਂ ਪੈਦਾ ਹੋਏ ਸੰਕਟ ਦੀ ਤਸਵੀਰ ਵੀ ਪੇਸ਼ ਕਰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ 'ਕੌਰਵ ਸਭਾ' ਨਾਵਲ ਮਿੱਤਰ ਸੈਨ ਮੀਤ ਦਾ ਮੌਲਿਕ ਅਤੇ ਵਿਲੱਖਣ ਸ਼ੈਲੀ ਵਿਚ ਲਿਖਿਆ ਅਜਿਹਾ ਨਾਵਲ ਹੈ, ਜਿਸ ਵਿਚ ਇਨਸਾਫ਼ ਪ੍ਰਾਪਤੀ ਲਈ ਜੱਦੋ-ਜਹਿਦ ਕਰ ਰਹੇ ਪਾਤਰਾਂ ਦੀ ਵਿਵਸਥਾ ਵਿਚ ਫੈਲੇ ਭ੍ਰਿਸ਼ਟਾਚਾਰ, ਬੇਇਨਸਾਫ਼ੀ ਅੱਗੇ ਬੇਵਸੀ ਅਤੇ ਲਾਚਾਰੀ ਨੂੰ ਚਿਤਰਿਆ ਗਿਆ ਹੈ। ਨਾਵਲਕਾਰ ਦਰਸਾਉਂਦਾ ਹੈ ਕਿ ਪ੍ਰਬੰਧਕੀ ਅਤੇ ਅਦਾਲਤੀ ਢਾਂਚਾ ਆਪਣੀ ਭਰੋਸੇਯੋਗਤਾ ਨੂੰ ਲਗਾਤਾਰ ਗੁਆ ਰਿਹਾ ਹੈ। ਦੇਰ ਸਵੇਰ ਇਨਸਾਫ਼ ਮਿਲਣ ਦੀ ਆਸ ਵੀ ਟੁੱਟਦੀ ਜਾ ਰਹੀ ਹੈ। ਅਦਾਲਤਾਂ ਵਿਚ ਕਾਨੂੰਨ ਵਿਕਦਾ ਹੈ। ਵੱਧ ਪੈਸੇ ਦੇ ਕੇ ਫ਼ੈਸਲਾ ਆਪਣੇ ਹੱਕ ਵਿਚ ਕਰਵਾਇਆ ਜਾ ਸਕਦਾ ਹੈ। ਇਸੇ ਨਾਵਲ ਵਿਚ ਡਾਕਟਰਾਂ ਦੇ ਕਿਰਦਾਰ ਦੀ ਅਸਲੀਅਤ ਨੂੰ ਉਘਾੜਦੇ ਹੋਏ ਸਿਹਤ ਸਹੂਲਤਾਂ ਦੀ ਹਕੀਕਤ ਨੂੰ ਬਿਆਨ ਕਰਦਾ ਹੋਇਆ ਨਾਵਲਕਾਰ ਹਸਪਤਾਲਾਂ ਵਿਚ ਮਰੀਜ਼ਾਂ ਦੀ ਦੁਰਦਸ਼ਾ, ਉਨ੍ਹਾਂ ਦੇ ਰਿਸ਼ਤੇਦਾਰਾਂ ਦੁਆਰਾ ਭੋਗੇ ਜਾ ਰਹੇ ਸੰਤਾਪ ਆਦਿ ਨੂੰ ਭਰਪੂਰ ਅਤੇ ਵਾਸਤਵਿਕ ਚਿੱਤਰ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਦਾ ਹੈ।

ਇਸ ਨਾਵਲ ਰਾਹੀਂ ਨਾਵਲਕਾਰ ਭਾਰਤੀ ਪਰੰਪਰਾ ਅਤੇ ਮਿਥਿਹਾਸ ਦੇ ਪਾਤਰਾਂ ਨੂੰ ਸਦੀਆਂ ਬਾਅਦ ਆਧੁਨਿਕ ਯੁੱਗ ਵਿਚ ਮੁੜ ਸੁਰਜੀਤ ਕਰਕੇ ਭ੍ਰਿਸ਼ਟ ਵਿਵਸਥਾ ਦੇ ਰੂਪ ਪੇਸ਼ ਕਰਨ ਵਿਚ ਸਫਲ ਰਿਹਾ ਹੈ ਤੇ ਭਾਰਤੀ ਮਿਥਿਹਾਸ ਦੀ ਬਣੀ ਇਸ ਮਿੱਥ ਨੂੰ ਕਿ 'ਨੇਕੀ ਹਮੇਸ਼ਾ ਜਿੱਤਦੀ ਹੈ ਤੇ ਬਦੀ ਹਮੇਸ਼ਾ ਹਾਰਦੀ ਹੈ' ਦੇ ਪ੍ਰਚੱਲਿਤ ਪਰੰਪਰਾਗਤ ਅਰਥਾਂ ਨੂੰ ਅੱਗੇ ਵਧਾਕੇ ਇਕ ਨਵੇਂ ਭਾਵ ਦਾ ਸੰਚਾਰ ਕਰਦਾ ਹੋਇਆ ਨੇਕੀ ਦੀ ਹਾਰ ਦਿਖਾ ਕੇ ਨਾਵਲਕਾਰ ਬਦੀ ਪ੍ਰਤੀ ਨਫ਼ਰਤ ਪੈਦਾ ਕਰਨ ਵਿਚ ਕਾਮਯਾਬ ਰਹਿੰਦਾ ਹੈ, ਕਿ ਮਹਾਂਭਾਰਤ ਦੀ ਮਿੱਥ ਕਥਾ ਬਦੀ ਦਾ ਰਾਹ ਤਿਆਗ ਕੇ ਨੇਕੀ ਦੇ ਰਾਹ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਬਦੀ ਦੇ ਰਾਹ ਤੇ ਬਰਬਾਦੀ ਦੇ ਸਿਵਾਏ ਕੁਝ ਹਾਸਿਲ ਨਹੀਂ ਹੁੰਦਾ।

ਪੰਜਾਬੀ ਨਾਵਲ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੇਖਕਾਂ ਦੁਆਰਾ ਸਾਡੇ ਸਮਾਜਕ, ਆਰਥਕ, ਰਾਜਨੀਤਕ ਅਤੇ ਕਾਨੂੰਨੀ ਤੇ ਨਿਆਇਕ ਸਿਸਟਮ ਉੱਪਰ ਸਮੇਂ ਦੇ ਹਾਲਾਤਾਂ ਅਨੁਸਾਰ ਵਿਅੰਗ ਕੀਤੇ ਗਏ ਹਨ। ਪਰ ਉਨ੍ਹਾਂ ਲੇਖਕਾਂ ਵਿਚੋਂ ਸਭ ਤੋਂ ਮੁੱਖ ਹੈ ਮਿੱਤਰ ਸੈਨ ਮੀਤ ਜਿਸ ਦੇ ਨਾਵਲਾਂ ਵਿਚੋਂ ਸਾਨੂੰ ਅਜੋਕੇ ਭ੍ਰਿਸ਼ਟ ਤੰਤਰ ਦੀ ਪੇਸ਼ਕਾਰੀ ਕੀਤੀ ਸਾਫ਼ ਨਜ਼ਰ ਆਉਂਦੀ ਹੈ।

ਹਥਲੇ ਖੋਜ ਕਾਰਜ ਵਿਚ ਮਿੱਤਰ ਸੈਨ ਮੀਤ ਦੇ ਕੇਵਲ ਨਾਵਲ 'ਕੌਰਵ ਸਭਾ' ਵਿਚ ਪੇਸ਼ ਕੀਤੇ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦਾ ਹੀ ਅਧਿਐਨ ਕੀਤਾ ਗਿਆ ਹੈ। 'ਕੌਰਵ ਸਭਾ' ਨਾਵਲ ਵਿਚਲੇ ਭ੍ਰਿਸ਼ਟ ਤੰਤਰ ਦੇ ਪ੍ਰਭਾਵਾਂ ਦੀ ਪੇਸ਼ਕਾਰੀ ਮੁੱਖ ਚਾਰ ਭਾਗਾਂ ਵਿਚ ਵੰਡ ਕੇ ਕੀਤੀ ਹੈ-

1 ਸਮਾਜਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

2 ਸਿਹਤ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

3 ਕਾਨੂੰਨ ਅਤੇ ਨਿਆਇਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

4 ਰਾਜਨੀਤਿਕ ਪ੍ਰਬੰਧ ਵਿਚਲਾ ਭ੍ਰਿਸ਼ਟ ਤੰਤਰ

ਇਸ ਤਰ੍ਹਾਂ ਇਹ ਆਖ ਸਕਦੇ ਹਾਂ ਕਿ ਮਿੱਤਰ ਸੈਨ ਮੀਤ ਪੰਜਾਬੀ ਦੇ ਉਨ੍ਹਾਂ ਨਾਵਲਕਾਰਾਂ ਵਿਚੋਂ ਪਹਿਲਾ ਨਹੀਂ ਤਾਂ ਪ੍ਰਮੁੱਖ ਜ਼ਰੂਰ ਹੈ ਜਿਸ ਨੇ ਪੰਜਾਬੀ ਨਾਵਲ ਨੂੰ ਆਦਰਸ਼ਵਾਦੀ ਅਤੇ ਧਾਰਮਿਕ ਪਰੰਪਰਾਵਾਂ ਤੇ ਵਿਵਰਜਿਤ ਵਿਸ਼ਿਆਂ ਨਾਲੋਂ ਵੱਖਰੇ ਸੰਦਰਭ ਵਿਚ ਮੌਜੂਦ ਸਿਸਟਮ ਵਿਚੋਂ ਰਾਜ ਸੱਤਾ ਦੇ ਉਸਾਰੇ ਥੰਮ੍ਹਾਂ ਜਿਵੇਂ ਕਿ- ਵਿਧਾਨ ਪਾਲਿਕਾ, ਨਿਆਂਪਾਲਿਕਾ ਤੇ ਕਾਰਜਪਾਲਿਕਾ ਅਤੇ ਪ੍ਰੈੱਸ ਆਦਿ ਦੀ ਸਰਮਾਏਦਾਰੀ ਦਾ ਪੱਖ ਪੂਰਦੇ ਅਤੇ ਸਿਆਸੀ ਦਬਾਅ ਹੇਠ ਆ ਚੁੱਕੇ ਇਨ੍ਹਾਂ ਥੰਮ੍ਹਾਂ ਨੂੰ ਇਸ ਦ੍ਰਿਸ਼ਟੀ ਤੋਂ ਚਿਤਰਿਆ ਹੈ ਕਿ ਅੱਜ ਦਾ ਸਾਰਾ ਸਮਾਜਿਕ ਸਿਸਟਮ ਲੋਕਤੰਤਰ ਦੇ ਮੱਥੇ ਤੇ ਕਲੰਕ ਸਾਬਤ ਹੁੰਦਾ ਹੈ। 'ਕੌਰਵ ਸਭਾ' ਨਾਵਲ ਵਿਚ ਅਸੀ ਵੇਖਦੇ ਹਾਂ ਕਿ ਸਮਾਜ ਅਤੇ ਵਰਤਮਾਨ ਵਿਵਸਥਾ ਨਾਲ ਸੰਬੰਧਿਤ ਭ੍ਰਿਸ਼ਟਾਚਾਰ, ਬੇਇਨਸਾਫ਼ੀ, ਭਾਈ-ਭਤੀਜਾ ਵਾਦ ਅਤੇ ਸਮਾਜਿਕ ਕਦਰਾਂ-ਕੀਮਤਾਂ ਵਿਚ ਆ ਰਹੀ ਗਿਰਾਵਟ ਅਤੇ ਸਵਾਰਥ ਹਿਤ ਵਿਚਰਦੇ ਰਿਸ਼ਤਿਆਂ-ਨਾਤਿਆਂ ਦੀਆਂ ਸਮੱਸਿਆਵਾਂ ਰੂਪਮਾਨ ਹੁੰਦੀਆਂ ਹਨ, ਜਿਨ੍ਹਾਂ ਅਧੀਨ- ਪੁਲਿਸ ਮਹਿਕਮਾ, ਵਕੀਲ, ਜੱਜ, ਵਪਾਰੀ, ਅਫ਼ਸਰ, ਡਾਕਟਰ, ਧਾਰਮਿਕ ਸੰਸਥਾਵਾਂ ਅਤੇ ਸਿਆਸਤਦਾਨ ਆਦਿ ਸਾਰੇ ਹੀ ਸਮਾਜਿਕ, ਸਦਾਚਾਰਕ ਤੇ ਨੈਤਿਕਤਾ ਪੱਖੋਂ ਨਿੱਘਰਦੇ ਦਿਖਾਈ ਦਿੰਦੇ ਹਨ। ਜੋ ਕਿ ਇਕ ਸਮੁੱਚੇ ਰੂਪ ਵਿਚ ਭ੍ਰਿਸ਼ਟ ਤੰਤਰ ਦੀ ਪੇਸ਼ਕਾਰੀ ਕਰਦੇ ਨਜ਼ਰ ਆਉਂਦੇ ਹਨ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ ਸਭਾ' ਵਿਚ ਵਰਤੇ ਮਿਥਿਕ ਸ਼ਬਦਾਂ, ਮਿਥਿਕ ਪ੍ਰਤੀਕਾਂ, ਬਿੰਬਾਂ ਅਤੇ ਨਾਵਲ ਵਿਚਲੀ ਕਹਾਣੀ ਨੂੰ ਜਿਸ ਤਰ੍ਹਾਂ ਪੁਰਾਤਨ ਮਿਥਿਹਾਸ ਤੇ ਇਤਿਹਾਸਕ ਘਟਨਾਵਾਂ ਨਾਲ ਜੋੜ ਕੇ ਉਸ ਦਾ ਰੂਪਾਂਤਰਿਤ ਰੂਪ ਪੇਸ਼ ਕੀਤਾ ਹੈ ਉਸ ਨੂੰ ਮਿੱਥ ਰੂਪਾਂਤਰਨ ਦਾ ਰੂਪ ਦਿੱਤਾ ਜਾ ਸਕਦਾ ਹੈ। ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਵਿਚ ਬੋਲੀ

ਜਾਂਦੀ ਭਾਸ਼ਾ ਜਿੱਥੇ ਸਹਿਜ, ਸਰਲ ਤੇ ਸੰਖੇਪ ਰੂਪ ਵਾਲੀ ਰਹੀ ਹੈ ਉੱਥੇ ਹੀ ਉਸ ਨੇ ਆਪਣੇ ਨਾਵਲ ‘ਕੌਰਵ ਸਭਾ’ ਵਿਚ ਬਹੁਤ ਸਾਰੀ ਮਿਥਿਕ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਅਤੇ ਇਨ੍ਹਾਂ ਸ਼ਬਦਾਂ ਦਾ ਸੰਬੰਧ ਅਤੀਤ ਦੀਆਂ ਬਹੁਤ ਸਾਰੀਆਂ ਮਿੱਥਾਂ ਨਾਲ ਜਾ ਜੁੜਦਾ ਹੈ। ਨਾਵਲ ਵਿਚ ਵਰਤੇ ਗਏ ਮਿਥਿਕ ਸ਼ਬਦਾਂ ਦਾ ਪ੍ਰਯੋਗ ਉਸ ਨੇ ਆਪਣੇ ਨਾਵਲ ‘ਕੌਰਵ ਸਭਾ’ ਦੀ ਕਹਾਣੀ ਅਨੁਸਾਰ ਬਹੁਤ ਹੀ ਉਚੇਚੇ ਢੰਗ ਨਾਲ ਕੀਤਾ ਹੈ ਅਤੇ ਲੋੜ ਅਨੁਸਾਰ ਉਸ ਨੇ ਨਾਵਲ ਵਿਚਲੇ ਮੁੱਖ ਪਾਤਰਾਂ ਨੂੰ ਮਿਥਿਕ ਪਾਤਰਾਂ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਤੁਲਨਾਇਆ ਵੀ ਹੈ।

‘ਕੌਰਵ ਸਭਾ’ ਨਾਵਲ ਵਿਚ ਮਿੱਥ ਰੂਪਾਂਤਰਨ ਦੀ ਜੁਗਤ ਨੂੰ ਵੀ ਲੇਖਕ ਨੇ ਬਹੁਤ ਹੀ ਚੰਗੇ ਢੰਗ ਨਾਲ ਵਰਤਿਆ ਹੈ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ‘ਕੌਰਵ ਸਭਾ’ ਵਿਚ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਸਮਕਾਲੀ ਯਥਾਰਥ ਨੂੰ ਬਹੁ-ਪੱਖਾਂ ਤੋਂ ਚਿਤਰਦਿਆਂ ਅਜੋਕੇ ਸਮੇਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਅਤੇ ਕਲਾਮਈ ਢੰਗ ਨਾਲ ਰੂਪਮਾਨ ਕੀਤਾ ਹੈ। ‘ਕੌਰਵ ਸਭਾ’ ਨਾਵਲ ਦਾ ਸਮੁੱਚਾ ਬਿਰਤਾਂਤ ਪ੍ਰਮੁੱਖ ਤੌਰ ਤੇ ਇਤਿਹਾਸਕ ਕਾਲ ਕ੍ਰਮ ਅਨੁਸਾਰ ਸਿਰਜਿਆ ਗਿਆ ਹੈ। ਇਤਿਹਾਸਕ ਕਾਲ ਕ੍ਰਮ ਵਿਚ ਸਿਰਜੀਆਂ ਗਈਆਂ ਘਟਨਾਵਾਂ ਸਮਾਨੰਤਰ ਤੌਰ ‘ਤੇ ਦੋ ਵਿਰੋਧੀ ਧਿਰਾਂ ਨੂੰ ਪੇਸ਼ ਕਰਦੀਆਂ ਹਨ। ਇਹ ਦੋਵੇਂ ਵਿਰੋਧੀ ਧਿਰਾਂ ਦੋ ਵਿਰੋਧੀ ਵਿਚਾਰਧਾਰਾਵਾਂ ਦਾ ਸਿਰਜਣ ਕਰਦੀਆਂ ਹਨ। ਇਕ ਧਿਰ ਇਨਸਾਫ਼ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ ਤਾਂ ਦੂਜੀ ਧਿਰ ਬੇਇਨਸਾਫ਼ੀ ਕਰਨ ਉਪਰੰਤ ਮਾਇਆ ਦੇ ਜ਼ੋਰ ਨਾਲ ਸਮੁੱਚੇ ਪ੍ਰਬੰਧ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਯਤਨਸ਼ੀਲ ਹੈ। ਦੋਵਾਂ ਧਿਰਾਂ ਦੇ ਇਸ ਸੰਘਰਸ਼ ਨੂੰ ਸਿਰਜਦਾ ਇਹ ਨਾਵਲ ਭਾਰਤੀ ਪੂੰਜੀਵਾਦੀ ਪ੍ਰਬੰਧ ਦੇ ਕਰੂਰ ਯਥਾਰਥ ਨੂੰ ਪ੍ਰਗਟਾਉਂਦਾ ਹੈ।

‘ਕੌਰਵ ਸਭਾ’ ਨਾਵਲ ਦਾ ਮਹੱਤਵ ਇਸ ਗੱਲ ਵਿਚ ਵੀ ਹੈ ਕਿ ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ। ਮਹਾਂਭਾਰਤ ਵਿਚ ਹਸਤਨਾਪੁਰ ਦੀ ਰਾਜ-ਸੱਤਾ ਉੱਤੇ ਕਾਬਜ਼ ਭਾਵੇਂ ਕੌਰਵ ਸਨ ਪਰੰਤੂ ਉਸ ਸਭਾ ਵਿਚ ਭੀਸ਼ਮ ਪਿਤਾਮਾ, ਵਿਦੁਰ, ਕਿਰਪਾਚਾਰੀਆ, ਦਰੋਣਾਚਾਰੀਆ ਅਤੇ ਦਾਨ ਵੀਰ ਕਰਨ ਵਰਗੇ ਯੁੱਗ ਪੁਰਸ਼ ਵੀ ਸ਼ਾਮਲ ਸਨ। ਇਹ ਯੁੱਗ ਪੁਰਸ਼ ਭਾਵੇਂ ਸੱਤਾ ਦਾ ਹਿੱਸਾ ਸਨ ਪਰੰਤੂ ਦਿਲੋਂ ਸੱਤਾ ਦੀ ਬੇਇਨਸਾਫ਼ੀ ਨਾਲ ਸਹਿਮਤ ਨਹੀਂ ਸਨ। ਅਜੋਕੇ ਕੌਰਵ ਸ਼ਾਸਕ ਵਰਗ ਵਿਚ ਅਜਿਹਾ ਕੋਈ ਯੁੱਗ ਪੁਰਸ਼ ਸ਼ਾਮਲ ਨਹੀਂ ਬਲਕਿ ਸਾਰੇ ਕੌਰਵ ਹੀ ਹਨ। ਨਾਵਲਕਾਰ ਨੇ ‘ਕੌਰਵ ਸਭਾ’ ਨਾਵਲ ਵਿਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਮਹਾਂਭਾਰਤ ਦੇ ਯੁੱਧ, ਹਰੇਕ ਮਹਿਕਮੇ ਨੂੰ ਕੌਰਵ ਸਭਾ, ਨਿਆਂ ਪ੍ਰਾਪਤ ਕਰਨ ਵਾਲੇ ਪਾਂਡਵ, ਚੀਰ ਹਰਨ ਵਾਲੀ ਅੱਜ ਦੀ ਨਾਰੀ ਦਰੋਪਤੀ ਤੋਂ ਇਲਾਵਾ ਮਹਾਂਭਾਰਤ ਵਿਚ ਸਾਥ ਦੇਣ ਵਾਲੇ ਭੀਮ, ਅਰਜੁਨ, ਧਰਿਤਰਾਸ਼ਟਰ, ਭੀਸ਼ਮ ਤੇ ਅਭਿਮਨਯੂ ਆਦਿ ਨੂੰ ਪਿਛੋਕੜ ਵਿਚ ਰੱਖ ਕੇ ਅਜੋਕੇ ਭਾਰਤੀ ਸਿਸਟਮ ਦੇ ਕਰੂਰ ਚਿਹਰੇ ਨੂੰ ਰੂਪਮਾਨ ਕੀਤਾ ਹੈ।

ਨਾਵਲ ਦਾ ਅਧਿਐਨ ਕਰਦਿਆਂ ਇਹ ਸਿੱਧ ਹੁੰਦਾ ਹੈ ਜਿਵੇਂ ਮਹਾਂਭਾਰਤ ਵਿਚ ਕੌਰਵ ਅਜਿਹੀ ਧਿਰ ਸਿੱਧ ਹੁੰਦੀ ਹੈ ਜੋ ਪਾਂਡਵਾਂ ਨਾਲ ਜੂਏ ਵਿਚ ਧੋਖਾ ਕਰਕੇ ਉਨ੍ਹਾਂ ਤੋਂ ਸਭ ਕੁਝ ਖੋਹ ਲੈਂਦੇ ਹਨ ਉਸ ਤਰ੍ਹਾਂ ਇਸ ਨਾਵਲ ਵਿਚ ਵੇਦ ਦੇ ਪਰਿਵਾਰ

ਦੀ ਸਹਾਇਤਾ ਨਾਲ ਅਮੀਰ ਬਣੇ ਮੋਹਨ ਦੇ ਬੇਟੇ ਪੰਕਜ ਤੇ ਨੀਰਜ ਪੈਸੇ ਦੀ ਸੁਪਾਰੀ ਦੇ ਕੇ ਭਈਆਂ ਤੋਂ ਆਪਣੇ ਚਾਚੇ ਵੇਦ ਦੇ ਪਰਿਵਾਰ ਦੀ ਤਬਾਹੀ ਕਰਵਾ ਦਿੰਦੇ ਹਨ। ਝਗੜਾ ਸਿਰਫ਼ ਇਕ ਪਲਾਟ ਦਾ ਹੁੰਦਾ ਹੈ। ਜਿਵੇਂ ਕਿ ਮਹਾਂਭਾਰਤ ਵਿਚ ਕੌਰਵ ਜੂਏ ਵਿਚ ਝੂਠੀ ਜਿੱਤ ਕਾਰਨ ਪਾਂਡਵਾਂ ਤੋਂ ਸਭ ਕੁਝ ਖੋਹ ਲੈਂਦੇ ਹਨ। ਇੱਥੋਂ ਤੱਕ ਕਿ ਦਰੋਪਤੀ ਦਾ ਭਰੀ ਸਭਾ ਵਿਚ ਚੀਰ ਹਰਨ ਕਰਨ ਦਾ ਯਤਨ ਕੀਤਾ ਜਾਂਦਾ ਹੈ। ਆਪਣੇ ਹੱਕ ਮੰਗਣ ਤੇ ਇਸ ਇੱਕੋ ਪਰਿਵਾਰ ਕੌਰਵਾਂ ਤੇ ਪਾਂਡਵਾਂ ਵਿਚ ਪੰਜ ਪਿੰਡਾਂ ਦੀ ਵੰਡ ਨੂੰ ਲੈ ਕੇ ਹੋਏ ਝਗੜੇ ਦਾ ਫ਼ੈਸਲਾ ਕੁਰੂਕਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੇ ਯੁੱਧ ਨਾਲ ਹੋਇਆ ਜਿਸ ਵਿਚ ਪਾਂਡਵਾਂ ਦੀ ਜਿੱਤ ਹੋਈ ਸੀ। ਪਾਂਡਵ ਦਰੋਪਤੀ ਦੀ ਕੀਤੀ ਬੇਇੱਜ਼ਤੀ ਤੇ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਂਦੇ ਹਨ। ਜਿਸ ਕਰਕੇ ਕੌਰਵਾਂ ਦੀ ਧਿਰ ਬਦੀ/ਬੁਰਾਈ ਦੀ ਪ੍ਰਤੀਨਿਧ ਹੈ ਤੇ ਜਦਕਿ ਪਾਂਡਵਾਂ ਦੀ ਧਿਰ ਨੇਕੀ/ਚੰਗਿਆਈ ਦੀ ਧਿਰ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਮਹਾਂਭਾਰਤ ਦੇ ਇਸ ਯੁੱਧ ਵਿੱਚ ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਹੁੰਦੀ ਹੈ। ‘ਕੌਰਵ ਸਭਾ’ ਨਾਵਲ ਵਿਚ ਨਾਵਲਕਾਰ ਨੇ ਅਜੋਕੇ ਸਮੇਂ ਵਿਚ ਬਦੀ ਦੀ ਜਿੱਤ ਤੇ ਨੇਕੀ ਦੀ ਹਾਰ ਹੁੰਦੀ ਦਿਖਾਈ ਹੈ, ਜੋ ਅਜੋਕੀ ਵਿਵਸਥਾ ਤੇ ਵਿਅੰਗ ਕੱਸਦੀ ਹੈ ਤੇ ਨੇਕੀ ਦੀ ਹਾਰ ਤੇ ਬਰਬਾਦੀ ਰਾਹੀ ਪਾਠਕ ਵਰਗ ਦੇ ਮਨ ਵਿਚ ਬਦੀ ਪ੍ਰਤੀ ਨਫ਼ਰਤ ਵੀ ਪੈਦਾ ਕਰਦੀ ਹੈ।

ਮਹਾਂਭਾਰਤ ਦੇ ਕਾਲ ਵਿਚ ਬੇਇਨਸਾਫ਼ੀ ਤੇ ਧੱਕੇਸ਼ਾਹੀ ਪੂਰੇ ਜ਼ੋਰਾਂ ਤੇ ਸੀ ਜੋ ਅਜੋਕੇ ਲੋਕਤੰਤਰ ਵਿਚ ਹੈ। ‘ਕੌਰਵ ਸਭਾ’ ਨਾਵਲ ਦੇ ਮੁੱਖ ਪਾਤਰ ਮੋਹਨ ਅਤੇ ਵੇਦ ਦੋਨੋਂ ਭਰਾ ਪੈਸੇ ਕਮਾਉਣ ਲਈ ਜਾਇਜ਼ ਤੇ ਨਜਾਇਜ਼ ਦੋਵੇਂ ਤਰੀਕੇ ਵਰਤਦੇ ਹਨ। ਮਹਾਂਭਾਰਤ ਦੇ ਧਰਿਤਰਾਸ਼ਟਰ ਅਤੇ ਪਾਂਡੂ ਦੀ ਤਰ੍ਹਾਂ ਕਿਉਂਕਿ ਧਰਿਤਰਾਸ਼ਟਰ ਜਨਮ ਤੋਂ ਹੀ ਅੰਨ੍ਹਾ ਹੁੰਦਾ ਹੈ ਪਰ ਮੋਹਨ ਪੈਸੇ ਇਕੱਠੇ ਕਰਨ ਵਿਚ ਅੰਨ੍ਹਾ ਹੋਇਆ ਪਿਆ ਹੈ ਤੇ ਉਸ ਦੀ ਪਤਨੀ ਗਾਂਧਾਰੀ ਦੀ ਤਰ੍ਹਾਂ ਬੇਵੱਸ ਔਰਤ ਹੈ ਜੋ ਵੇਦ ਦੇ ਪਰਿਵਾਰ ਨੂੰ ਪੰਕਜ ਤੇ ਨੀਰਜ ਦੇ ਮਨ ਵਿਚ ਪੈਦਾ ਹੋਈ ਨਫ਼ਰਤ ਬਾਰੇ ਅਗਾਂਹ ਕਰਦੀ ਰਹਿੰਦੀ ਹੈ। ਭਰਾ-ਭਰਾ ਤੇ ਆਪਣੇ ਕਾਰੋਬਾਰ ਨੂੰ ਚਲਾਉਂਦੇ ਰਹਿੰਦੇ ਹਨ ਪਰ ਭਤੀਜਿਆਂ ਦੇ ਹਿਸਾਬ ਮੰਗਣ ਤੇ ਪਿਆਰ ਤਿੜਕ ਜਾਂਦਾ ਹੈ। ਇਕ ਪਲਾਟ ਦੇ ਝਗੜੇ ਨੂੰ ਲੈ ਕੇ ਦੋਵੇਂ ਪਰਿਵਾਰਾਂ ਦਾ ਝਗੜਾ ਉਸ ਸਮੇਂ ਅਦਾਲਤ ਪਹੁੰਚ ਜਾਂਦਾ ਹੈ ਜਦੋਂ ਪੰਕਜ ਤੇ ਨੀਰਜ ਪਰਵਾਸੀ ਮਜ਼ਦੂਰਾਂ ਦੁਆਰਾ ਵੇਦ ਦੇ ਘਰ ਡਾਕਾ ਮਰਵਾ ਦਿੰਦੇ ਹਨ ਜਿਸ ਵਿਚ ਨੇਹਾ ਦਾ ਬਲਾਤਕਾਰ ਹੁੰਦਾ ਹੈ, ਕਮਲ ਦਾ ਕਤਲ, ਵੇਦ ਤੇ ਨੀਲਮ ਨੂੰ ਬੁਰੀ ਤਰ੍ਹਾਂ ਸੱਟਾਂ ਲਗਦੀਆਂ ਹਨ ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਦਾਲਤ ਵਿਚ ਇਨਸਾਫ਼ ਲੈਣ ਲਈ ਮਹਾਂਭਾਰਤ ਦਾ ਯੁੱਧ।

ਇਸ ਪ੍ਰਕਾਰ ਨਾਵਲਕਾਰ ਭਾਰਤੀ ਪਰੰਪਰਾ ਅਨੁਸਾਰ ਮਹਾਂਭਾਰਤ ਨੂੰ ਆਧੁਨਿਕ ਮਹਾਂਭਾਰਤ ਦੇ ਰੂਪ ਵਿਚ ਰੂਪਮਾਨ ਕਰਦਾ ਹੋਇਆ ਇਸ ਪੂਰਵ ਮਨੌਤ ਅੱਗੇ ਪ੍ਰਸ਼ਨ-ਚਿੰਨ੍ਹ ਲਾਉਂਦਿਆਂ ਕੌਰਵ ਸਭਾ ਨਾਵਲ ਵਿਚ ਨੇਕੀ ਅਤੇ ਬਦੀ ਦੀ ਇਸ ਲੜਾਈ ਵਿਚ ਬਦੀ ਨੂੰ ਜਿੱਤਦਾ ਤੇ ਨੇਕੀ ਨੂੰ ਬੁਰੀ ਤਰ੍ਹਾਂ ਹਾਰਦੀ ਦਿਖਾਉਂਦਾ ਹੈ। ਮਹਾਂਭਾਰਤ ਦੀ ਮਿੱਥ ਬਦੀ ਦਾ ਰਾਹ ਤਿਆਗ ਕੇ ਨੇਕੀ ਦੇ ਰਾਹ ਚੱਲਣ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਬਦੀ ਦੇ ਰਾਹ ਤੇ ਬਰਬਾਦੀ ਤੋਂ ਬਿਨਾਂ ਕੁਝ ਵੀ ਹਾਸਿਲ

ਨਹੀਂ ਹੁੰਦਾ। ਪਰ ਨਾਵਲ ਵਿਚ ਨੇਕੀ ਦੀ ਹਾਰ ਤੇ ਬਰਬਾਦੀ ਦਿਖਾ ਕੇ ਨਾਵਲਕਾਰ ਬਦੀ ਪ੍ਰਤੀ ਨਫ਼ਰਤ ਪੈਦਾ ਕਰਨ ਵਿਚ ਸਫਲ ਹੋਇਆ ਹੈ।

ਕਿਸੇ ਵੀ ਰਚਨਾ ਦਾ ਢਾਂਚਾ ਬਣਾਉਣ ਸਮੇਂ ਹੋਰ ਤੱਤਾਂ ਦੀ ਤਰ੍ਹਾਂ ਭਾਸ਼ਾ ਦਾ ਤੱਤ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਾਸ਼ਾ ਸੌਖੀ, ਸਰਲ ਤੇ ਸਪਸ਼ਟ ਹੋਣ ਕਾਰਨ ਹੀ ਰਚਨਾ ਵਿਚ ਰੌਚਿਕਤਾ ਆਉਂਦੀ ਹੈ ਕਿਉਂਕਿ ਪਾਠਕ ਸੌਖ ਨਾਲ ਪੜ੍ਹ ਕੇ ਹੀ ਰਚਨਾ ਦੇ ਵਿਸ਼ੇਸ਼ ਪਾਤਰਾਂ ਅਤੇ ਘਟਨਾਵਾਂ ਨਾਲ ਜੁੜਦਾ ਹੈ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਵੀ ਰਚਨਾ ਖ਼ਾਸ ਕਰਕੇ ਨਾਵਲ ਦੀ ਭਾਸ਼ਾ ਸਾਫ਼-ਸੁਥਰੀ, ਸਰਲ ਅਤੇ ਹਰ ਤਰ੍ਹਾਂ ਦੇ ਪਾਠਕ ਦੇ ਪੱਧਰ ਦੀ ਹੋਵੇ ਤਾਂ ਕਿ ਨਾਵਲ ਨੂੰ ਉਸ ਦੇ ਵਿਸ਼ੇ ਦੀ ਗਹਿਰਾਈ ਤੋਂ ਪੜ੍ਹਿਆ ਜਾ ਸਕਦਾ ਹੋਵੇ।

'ਕੌਰਵ ਸਭਾ' ਮਿੱਤਰ ਸੈਨ ਮੀਤ ਦਾ ਪ੍ਰਸਿੱਧ ਨਾਵਲ ਹੈ, ਜਿੱਥੇ ਇਸ ਨਾਵਲ ਵਿਚ ਨਾਵਲ ਦੇ ਹੋਰ ਅਨੇਕਾਂ ਤੱਤਾਂ ਦੀ ਮੌਜੂਦਗੀ ਪ੍ਰਤੀਤ ਹੁੰਦੀ ਹੈ, ਉੱਥੇ ਇਸ ਨਾਵਲ ਵਿਚ ਭਾਸ਼ਾ ਤੇ ਸ਼ੈਲੀ ਦੇ ਪੱਖ ਤੋਂ ਵੀ ਲੇਖਕ ਨੇ ਬਹੁਤ ਪ੍ਰਯੋਗ ਕੀਤੇ ਹਨ। ਮਿੱਤਰ ਸੈਨ ਮੀਤ ਦੇ ਸਾਰੇ ਨਾਵਲਾਂ ਵਿਚ ਬੋਲੀ ਜਾਂਦੀ ਭਾਸ਼ਾ ਜਿੱਥੇ ਸਹਿਜ, ਸਰਲ ਤੇ ਸੰਖੇਪ ਰੂਪ ਵਾਲੀ ਰਹੀ ਹੈ ਉੱਥੇ ਉਹ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਈ ਰੂਪਾਂ ਨੂੰ ਮੁੱਖ ਤੌਰ 'ਤੇ ਵਰਤਦਾ ਹੋਇਆ ਆਪਣੇ ਨਿੱਜੀ ਅਨੁਭਵ ਤੇ ਆਲੇ-ਦੁਆਲੇ ਦੇ ਅਨੁਭਵ ਰਾਹੀਂ ਸਮੁੱਚੇ ਸਿਸਟਮ ਦੀ ਪੇਸ਼ਕਾਰੀ ਕਰਦਾ ਹੈ। 'ਕੌਰਵ ਸਭਾ' ਵਿਚ ਲੇਖਕ ਨੇ ਕੇਂਦਰੀ ਪੰਜਾਬੀ ਬੋਲੀ ਦਾ ਇਸਤੇਮਾਲ ਕੀਤਾ ਹੈ। ਉਸ ਦੇ ਪਾਤਰ ਆਪਣੇ-ਆਪਣੇ ਕਿੱਤੇ ਤੇ ਸੁਭਾਅ ਮੁਤਾਬਿਕ ਆਪਣੀ ਬੋਲੀ ਵਿਚ ਤਕਨੀਕੀ ਸ਼ਬਦਾਵਲੀ ਦਾ ਇਸਤੇਮਾਲ ਕਰਦੇ ਹਨ।

'ਕੌਰਵ ਸਭਾ' ਵਿਚਲੀ ਤਕਨੀਕੀ ਸ਼ਬਦਾਵਲੀ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡ ਕੇ ਵਰਣਨ ਕੀਤਾ ਹੈ-

1 ਪੁਲਿਸ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ

2 ਨਿਆਇਕ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ

3 ਸਿਹਤ ਸਿਸਟਮ ਵਿਚਲੀ ਤਕਨੀਕੀ ਸ਼ਬਦਾਵਲੀ

ਮਿੱਤਰ ਸੈਨ ਮੀਤ ਦੇ ਨਾਵਲ ਜਗਤ ਵਿਚ ਆਏ ਲੋਕ ਸਾਹਿਤ ਦੇ ਤੱਤਾਂ ਵਿਚੋਂ ਇਕ ਮੁੱਖ ਹੈ ਮੁਹਾਵਰਿਆਂ ਤੇ ਅਖਾਉਤਾਂ ਦੀ ਵਰਤੋਂ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲ ਜਗਤ ਵਿਚ ਮੁੱਢਲੇ ਨਾਵਲ ਭੂਮੀਪਤੀ ਤੇ ਭੂਮੀਹੀਣ ਲੋਕਾਂ ਦੇ ਜੀਵਨ ਤੋਂ ਸ਼ੁਰੂ ਕਰਕੇ ਨਿਆਂਪਾਲਿਕਾ ਦੀਆਂ ਬਹੁ-ਪਸਾਰੀ ਨਹੀਂ ਸਗੋਂ ਅਜੋਕੇ ਸਿਸਟਮ ਵਿਚ ਵਾਪਰਦੀਆਂ ਛੋਟੀਆਂ-ਛੋਟੀਆਂ ਅਨੇਕਾਂ ਘਟਨਾਵਾਂ ਰਾਹੀਂ ਲੋਕਾਂ ਦੀ ਮਾਨਸਿਕ ਅਵਸਥਾ ਨੂੰ ਰੂਪਮਾਨ ਕਰਦਾ ਹੈ। ਕੌਰਵ ਸਭਾ ਵਿਚ ਵੀ ਲੇਖਕ ਨੇ ਬਹੁਤ ਸਾਰੇ ਮੁਹਾਵਰਿਆਂ ਤੇ ਅਖਾਉਤਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਉਸ ਦੇ ਨਾਵਲ ਦੀ ਭਾਸ਼ਾ ਜਿੱਥੇ ਢੁਕਵੀਂ ਲਗਦੀ ਹੈ ਉੱਥੇ ਸੰਖੇਪ ਰੂਪ ਵਿਚ ਬਹੁਤਾ ਕਹਿਣ ਦੇ ਸਮਰੱਥ ਵੀ ਬਣ ਜਾਂਦੀ ਹੈ।

ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਵਿਚ ਜਿੱਥੇ ਭਾਸ਼ਾ ਵੱਲ ਬਹੁਤ ਧਿਆਨ ਦਿੱਤਾ ਹੈ ਉੱਥੇ ਨਾਲ ਹੀ ਉਸ ਨੇ ਨਾਵਲ ਦੀ ਸ਼ੈਲੀ ਵੱਲ ਵੀ ਖ਼ਾਸ ਧਿਆਨ ਦਿੱਤਾ ਹੈ ਕਿਉਂਕਿ ਨਾਵਲ ਵਿਚ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੈ। ਜਿਸ ਨਾਵਲਕਾਰ ਕੋਲ ਦਿਲ-ਖਿੱਚਵੀਂ ਜਾਂ ਉਤਕ੍ਰਿਸ਼ਟ ਸ਼ੈਲੀ ਹੁੰਦੀ ਹੈ ਉਸ ਦੇ ਨਾਵਲ ਪਾਠਕਾਂ ਵਿਚ ਜਲਦੀ ਹੀ ਹਰਮਨ ਪਿਆਰੇ ਅਤੇ ਚਰਚਿਤ ਹੋ ਜਾਂਦੇ ਹਨ। ਨਾਵਲ 'ਕੌਰਵ ਸਭਾ' ਵਿਚ ਲੇਖਕ ਨੇ ਚਾਰ ਮੁੱਖ ਭਾਸ਼ਾ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ-

1 ਵਰਣਨਾਤਮਕ ਜਾਂ ਬਿਆਨੀਆ ਸ਼ੈਲੀ

2 ਫਲੈਸ਼ ਬੈਕ ਜਾਂ ਪਿਛਲ-ਝਾਤ ਸ਼ੈਲੀ

3 ਮਨੋਵਿਸ਼ਲੇਸ਼ਣੀ ਸ਼ੈਲੀ

4 ਵਾਰਤਾਲਾਪ ਵਿਧੀ

ਸੋ ਨਾਵਲਕਾਰ ਨੇ ਨਾਵਲ ਵਿਚ ਭਾਸ਼ਾ ਤੇ ਸ਼ੈਲੀ ਨੂੰ ਅਜਿਹੇ ਤਰੀਕੇ ਨਾਲ ਵਰਤਿਆ ਹੈ ਕਿ ਨਾਵਲ ਦੀ ਬਣਤਰ, ਪਾਤਰ, ਉਨ੍ਹਾਂ ਦੇ ਕਾਰਜ ਅਤੇ ਜੀਵਨ ਦੀਆਂ ਘਟਨਾਵਾਂ, ਆਲੇ-ਦੁਆਲੇ ਦਾ ਵਾਤਾਵਰਣ ਆਦਿ ਉੱਪਰ ਆਧਾਰਿਤ ਦ੍ਰਿਸ਼ ਪਾਠਕ ਦੇ ਸਾਹਮਣੇ ਸਾਕਾਰ ਹੋ ਜਾਂਦੇ ਹਨ। ਲੇਖਕ ਨੂੰ ਆਪਣੇ ਪੇਸ਼ੇ ਕਾਰਨ ਭਾਸ਼ਾ ਦੀ ਵੰਨ-ਸੁਵੰਨਤਾ ਦਾ ਗਹਿਰਾ ਅਨੁਭਵ ਹੈ ਕਿਉਂਕਿ ਉਸ ਦੇ ਪੇਸ਼ੇ ਅਨੁਸਾਰ ਉਸ ਕੋਲ ਹਰ ਪੇਸ਼ੇ ਨਾਲ ਸੰਬੰਧਿਤ ਲੋਕ ਆਉਂਦੇ ਰਹਿੰਦੇ ਹਨ, ਜਿਸ ਕਾਰਨ ਉਸ ਦੇ ਨਾਵਲਾਂ ਦੀ ਭਾਸ਼ਾ ਵਿਸ਼ੇ ਦੇ ਅਨੁਕੂਲ ਸ਼ੁੱਧ, ਸਰਲ ਅਤੇ ਸਹਿਜ ਮਈ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਨਾਵਲ 'ਕੌਰਵ ਸਭਾ' ਵਿਚ ਭਾਸ਼ਾ ਤੇ ਸ਼ੈਲੀ ਜੋ ਕਿ ਪ੍ਰਮੁੱਖ ਗਲਪੀ ਜੁਗਤਾਂ ਹਨ ਦਾ ਪ੍ਰਯੋਗ ਬੜੇ ਹੀ ਸਫਲ ਤਰੀਕੇ ਨਾਲ ਕੀਤਾ ਹੈ।

ਉਪਰੋਕਤ ਖੋਜ ਦੇ ਆਧਾਰ 'ਤੇ ਇਹ ਨਤੀਜਾ ਨਿਕਲਦਾ ਹੈ ਕਿ ਨਾਵਲਕਾਰ ਜਿੱਥੇ ਨਾਵਲ ਵਿਚ ਸਥਾਨਕ ਯਥਾਰਥ ਨੂੰ ਪੇਸ਼ ਕਰਦਾ ਹੈ, ਉੱਥੇ ਯਥਾਰਥ ਵਿਚ ਪੈਦਾ ਹੋਏ ਨਵੇਂ ਵਿਸਤਾਰਾਂ ਦਾ ਵਿਸ਼ਲੇਸ਼ਣ ਵੀ ਉਘਾੜਦਾ ਹੈ। ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦਾ ਆਉਣਾ ਤੇ ਹਰ ਕੰਮ ਕਰਨ ਦੇ ਨਾਲ-ਨਾਲ ਸਿਸਟਮ ਵਿਚ ਪੈਦਾ ਹੋਏ ਕ੍ਰਾਈਮ ਦਾ ਹਿੱਸੇਦਾਰ ਬਣਨਾ, ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ ਦੀ ਤ੍ਰਾਸਦੀ ਅਤੇ ਪੈਸੇ ਦੀ ਪ੍ਰਾਪਤੀ ਲਈ ਟੁੱਟ ਰਹੇ ਖ਼ੂਨ ਦੇ ਰਿਸ਼ਤੇ ਅਤੇ ਪੈਸੇ ਲਈ ਸਮਾਜ ਵਿਚ ਨਿਰੰਤਰ ਵਧ ਰਹੇ ਜੁਰਮ ਆਦਿ ਵਰਗੀਆਂ ਸਮਕਾਲੀ ਸਮੱਸਿਆਵਾਂ ਨੂੰ ਲੈ ਕੇ ਨਾਵਲਕਾਰ ਇਸ ਨਾਵਲ ਦੇ ਬਿਰਤਾਂਤ ਵਿਚ ਸੰਘਣਾਪਣ ਤੇ ਵਾਧਾ ਕਰਦਾ ਹੈ। ਨਾਵਲ ਬਾਰੇ ਕਿਹਾ ਜਾ ਸਕਦਾ ਹੈ ਕਿ ਮੀਤ ਨੇ ਬੜੇ ਇਮਾਨਦਾਰ ਢੰਗ ਨਾਲ ਧਾਰਮਿਕ, ਸਮਾਜਕ ਤੇ ਸਭਿਆਚਾਰਕ ਪੱਖ ਤੋਂ ਵੀ ਯਥਾਰਥਕ ਪ੍ਰਸਥਿਤੀਆਂ ਨੂੰ ਮਿੱਥ ਦੇ ਪਿਛੋਕੜ ਨਾਲ ਬਹੁ-ਪਸਾਰੀ ਬਿੰਬ ਰਾਹੀਂ ਚਿਤਰਿਆ ਹੈ।

ਮਿੱਤਰ ਸੈਨ ਮੀਤ ਨੇ ਨਾਵਲ 'ਕੌਰਵ ਸਭਾ' ਵਿਚ ਮਹਾਂਭਾਰਤ ਦੀ ਮਿੱਥ ਕਥਾ ਨੂੰ ਪਿਛੋਕੜ ਵਿਚ ਰੱਖ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਪ੍ਰਯੋਗ ਕੀਤਾ ਹੈ ਅਤੇ ਸਦੀਆਂ ਤੋਂ ਚਲੀ ਆ ਰਹੀ ਇਸ ਮਿੱਥ ਨੂੰ ਵੀ ਤੋੜਿਆ ਹੈ ਕਿ ਬਦੀ ਅਤੇ ਨੇਕੀ ਦੀ ਲੜਾਈ

ਵਿਚ ਜਿੱਤ ਹਮੇਸ਼ਾ ਨੇਕੀ ਦੀ ਹੀ ਹੁੰਦੀ ਹੈ। ਮਹਾਂਭਾਰਤ ਵਿਚ ਅੰਤ ਉੱਤੇ 'ਨੇਕੀ ਦੀ ਬਦੀ ਉੱਤੇ ਜਿੱਤ ਹੁੰਦੀ ਹੈ' ਪਰੰਤੂ, 'ਕੌਰਵ ਸਭਾ' ਵਿਚ ਨੇਕੀ ਹਾਰਦੀ ਹੈ ਅਤੇ ਬਦੀ ਦੀ ਜਿੱਤ ਹੁੰਦੀ ਹੈ। ਇਸ ਪ੍ਰਕਾਰ ਇਹ ਨਾਵਲ ਬਦੀ 'ਤੇ ਨੇਕੀ ਦੀ ਜਿੱਤ ਦੀ ਮਿੱਥ ਨੂੰ ਤੋੜਦਾ ਹੋਇਆ ਇਹ ਗਿਆਨ ਕਰਵਾਉਂਦਾ ਹੈ ਕਿ ਆਧੁਨਿਕ ਲੋਕਤੰਤਰਿਕ ਪ੍ਰਬੰਧ ਵਿਚ ਬਦੀ ਬੇਅੰਤ ਸ਼ਕਤੀਸ਼ਾਲੀ ਹੈ, ਜਿਸ ਨੂੰ ਹਰਾਉਣ ਲਈ ਅਜੋਕੇ ਸਮਾਜਕ, ਆਰਥਕ, ਰਾਜਨੀਤਕ ਅਤੇ ਨਿਆਇਕ ਸਿਸਟਮ ਨੂੰ ਪੂਰੀ ਤਰ੍ਹਾਂ ਬਦਲਣ ਦੀ ਜ਼ਰੂਰਤ ਹੈ।

ਉਪਰੋਕਤ ਖੋਜ-ਕਾਰਜ ਦੇ ਆਧਾਰ 'ਤੇ ਜੋ ਮੁੱਖ ਸਿੱਟੇ ਨਿਕਲ ਕੇ ਸਾਹਮਣੇ ਆਉਂਦੇ ਹਨ-

1 ਮਿੱਥ ਤੇ ਸਾਹਿਤ ਆਪਸ ਵਿਚ ਬੜੇ ਡੂੰਘੇ ਸੰਬੰਧ ਰੱਖਦੇ ਹਨ। ਇਹੀ ਕਾਰਨ ਹੈ ਕਿ 'ਕੌਰਵ ਸਭਾ' ਨਾਵਲ ਮਹਾਂਭਾਰਤ ਦੀ ਮਿੱਥ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ।

2 ਨਾਵਲ ਵਿਚ ਵਰਣਿਤ ਕਹਾਣੀ ਤੇ ਪਾਤਰਾਂ ਤੋਂ ਦਰਪੇਸ਼ ਮੁਸ਼ਕਲਾਂ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਭ੍ਰਿਸ਼ਟ ਤੰਤਰ ਨੇ ਅਜੋਕੇ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

3 ਮਿੱਤਰ ਸੈਨ ਮੀਤ ਨੇ ਅਜੋਕੇ ਭ੍ਰਿਸ਼ਟ ਤੰਤਰ ਨੂੰ ਉਜਾਗਰ ਕਰਨ ਲਈ ਮਹਾਂਭਾਰਤ ਵਿਚਲੀ ਕੌਰਵ ਸਭਾ ਵਿਚਲੇ ਭ੍ਰਿਸ਼ਟ ਤੰਤਰ ਦੀ ਸਹਾਇਤਾ ਨਾਲ ਅਜੋਕੇ ਭ੍ਰਿਸ਼ਟ ਤੰਤਰ ਨੂੰ ਸਪਸ਼ਟ ਕਰਨ ਲਈ ਕੌਰਵ ਸਭਾ ਦੀ ਮਿੱਥ ਦਾ ਤਾਂ ਨਾਵਲੀ ਰੂਪ ਵਿਚ ਰੂਪਾਂਤਰਨ ਕੀਤਾ ਹੀ ਹੈ ਤੇ ਨਾਲ ਹੀ ਨਾਲ ਉਸ ਨੇ ਮਿਥਿਕ ਪ੍ਰਤੀਕਾਂ ਤੇ ਬਿੰਬਾਂ ਦੀ ਵੀ ਸਫਲਤਾਪੂਰਵਕ ਅਤੇ ਰੂਪਾਂਤਰਿਤ ਰੂਪ ਵਿਚ ਵਰਤੋਂ ਕੀਤੀ ਹੈ।

4 ਬਹੁਤ ਸਾਰੇ ਆਲੋਚਕਾਂ ਨੇ ਮਿੱਤਰ ਸੈਨ ਮੀਤ ਦੇ ਨਾਵਲਾਂ 'ਤੇ ਇਹ ਦੋਸ਼ ਲਾਇਆ ਹੈ ਕਿ ਇਹ ਸਿੱਧੇ ਕਿਸਮ ਦੀ ਰਿਪੋਟਿੰਗ ਹੈ ਪਰ ਕੌਰਵ ਸਭਾ ਦਾ ਗਹਿਨ ਅਧਿਐਨ ਕਰਦਿਆਂ ਇਹ ਨਤੀਜਾ ਨਿਕਲਿਆ ਹੈ ਕਿ ਮਿੱਤਰ ਸੈਨ ਮੀਤ ਨੇ ਇਸ ਨਾਵਲ ਰਾਹੀਂ ਪੰਜਾਬੀ ਪਾਠਕ ਨੂੰ ਨਿਆਇਕ ਪ੍ਰਬੰਧ, ਰਾਜਨੀਤਕ ਪ੍ਰਬੰਧ ਅਤੇ ਪੁਲਿਸ ਪ੍ਰਬੰਧ ਵਿਚਲੇ ਕਾਨੂੰਨੀ ਨੁਕਤਿਆਂ ਤੋਂ ਜਾਣੂ ਕਰਵਾਇਆ ਹੈ ਜੋ ਕਿ ਇਕ ਨਿਵੇਕਲਾ ਵਿਸ਼ਾ ਤਾਂ ਹੈ ਹੀ ਸਗੋਂ ਅੱਜ ਦੇ ਪਾਠਕ ਦੀ ਸਖ਼ਤ ਜ਼ਰੂਰਤ ਵੀ ਹੈ।

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਦਾ ਨਾਵਲ ਇਕ ਮਹੱਤਵਪੂਰਨ ਨਾਵਲ ਹੈ, ਸਮੇਂ ਅਨੁਸਾਰ ਢੁਕਵਾਂ ਹੈ, ਪਾਠਕ ਦੀ ਜ਼ਰੂਰਤ ਅਨੁਸਾਰ ਹੈ ਤੇ ਇਕ ਉਤਕ੍ਰਿਸ਼ਟ ਰਚਨਾ ਹੈ।

## ਮਿੱਤਰ ਸੈਨ ਮੀਤ ਨਾਲ ਮੁਲਾਕਾਤ

**ਪ੍ਰ: ਤੁਸੀਂ ਨਾਵਲ ਲਿਖਣ ਦੀ ਪ੍ਰਕਿਰਿਆ ਦਾ ਕੋਈ ਵਿਸ਼ੇਸ਼ ਸਮਾਂ ਨਿਰਧਾਰਿਤ ਕੀਤਾ ਹੋਇਆ ਹੈ ਜਾਂ ਇਹ ਤੁਹਾਡੇ ਜੀਵਨ ਦੇ ਹੋਰਨਾਂ ਰੁਝੇਵਿਆਂ ਦੇ ਨਾਲ-ਨਾਲ ਹੀ ਕਦਮ ਮੇਚ ਲੈਂਦੇ ਹਨ?**

ਉ: 1968 ਦੇ ਲਗਭਗ ਜਦੋਂ ਮੈ 10 ਦਾ ਵਿਦਿਆਰਥੀ ਸੀ ਓਦੋਂ ਤੋਂ ਮੈ ਲਿਖਣਾ ਸ਼ੁਰੂ ਕੀਤਾ। ਬਾਲ ਸੰਦੇਸ਼ ਦੇ ਵਿਚ ਮੇਰੀ ਪਹਿਲੀ ਕਹਾਣੀ ਛਪੀ ਸੀ ਓਦੋਂ ਨਵਤੇਜ ਸਿੰਘ ਉਸ ਦੀ ਸੰਪਾਦਨਾ ਕਰਦੇ ਸੀ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਮੈ ਇਹ ਕਹਿ ਸਕਦਾ ਹਾਂ ਕਿ ਮੈ ਆਪਣੇ ਜਨਮ ਤੋਂ ਹੀ ਲੇਖਕ ਹਾਂ ਤੇ ਹੁਣ ਜਦੋਂ ਅੱਜ ਦੇ ਦੌਰ ਵਿਚ ਇਕ ਵਕੀਲ, ਸਰਕਾਰੀ ਵਕੀਲ ਹੋਣ ਦੇ ਨਾਤੇ ਜਿਹੜੇ ਪ੍ਰੋਫੈਸ਼ਨਲ ਰੁਝੇਵੇਂ ਉਹ ਬਹੁਤ ਜ਼ਿਆਦਾ ਨੇ ਪਰ ਦੂਜਾ ਮੇਰਾ ਇੱਕ ਇਹ ਵੀ ਵਿਚਾਰ ਹੈ ਕਿ ਕੋਈ ਬਹੁਤਾ ਲਿਖਣ ਨਾਲ ਵੱਡਾ ਲੇਖਕ ਨਹੀਂ ਬਣਦਾ ਲਿਖਿਆ ਕਵਾਲਿਟੀ ਨਾਲ ਜਾਵੇ ਤਾਂ ਵਧੀਆਂ ਗੱਲ ਹੈ। ਮੈ ਇਹ ਸਾਰੀਆਂ ਗੱਲਾ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਵੱਡਾ ਪ੍ਰੋਜੈਕਟ ਬਣਾਇਆ ਹੋਇਆ ਹੈ। ਕਿ ਸਾਰਾ ਕ੍ਰਿਮਨਲ ਜਸਟਿਸ ਸਿਸਟਮ ਹੈ ਜੋ ਉਸ ਦੇ ਯਥਾਰਥ ਨੂੰ ਪੇਸ਼ ਕਰਨਾ ਹੈ। ਕ੍ਰਿਮਨਲ ਜਸਟਿਸ ਸਿਸਟਮ ਦੀਆਂ ਤਿੰਨ ਏਜੰਸੀਆਂ ਹਨ ਪਹਿਲੀ ਪੁਲਿਸ ਹੈ, ਦੂਸਰੀ ਨਿਆਂਪਾਲਿਕਾ ਹੈ ਤੀਸਰੀ ਜੇਲ੍ਹ ਹੈ। ਇਹਨਾਂ ਤਿੰਨਾਂ ਏਜੰਸੀਆਂ ਨਾਲ ਨਿਆਂ ਪ੍ਰਬੰਧ ਬਣਦਾ ਹੈ। ਇਸ ਨਿਆਂ ਪ੍ਰਬੰਧ ਨੂੰ ਪੇਸ਼ ਕਰਨ ਲਈ ਮੈ 1989 ਦੇ ਲਗਭਗ ਪ੍ਰੋਜੈਕਟ ਬਣਾਇਆ ਸੀ। ਪਹਿਲੇ ਪ੍ਰੋਜੈਕਟ ਦੇ ਤੌਰ ਤੇ ਤਫ਼ਤੀਸ਼ ਨਾਵਲ ਜੋ ਪੁਲਿਸ ਦੀ ਕਾਰਗੁਜ਼ਾਰੀ ਨੂੰ ਪੇਸ਼ ਕਰਦਾ ਹੈ ਉਹ ਲਿਖਿਆ ਗਿਆ ਸੀ। ਉਸ ਲਈ ਮੈਨੂੰ 2 ਤੋਂ 3 ਸਾਲ ਲਗਾਤਾਰ ਮਿਹਨਤ ਕਰਨੀ ਪਈ ਸੀ। ਤੱਥ ਇਕੱਠੇ ਕਰਨ ਲਈ, ਲਿਖਣ ਲਈ ਆਦਿ। ਮੇਰਾ ਉਹੀ ਪ੍ਰੋਜੈਕਟ ਚੱਲਿਆ 2006 ਤੱਕ ਜਦੋਂ ਸੁਧਾਰ ਘਰ ਆਇਆ। ਮੈ ਕੋਈ ਵਿਸ਼ੇਸ਼ ਸਮਾਂ ਨਿਸ਼ਚਿਤ ਨਹੀਂ ਕੀਤਾ ਕੀ ਇੰਨੇ ਵਜੇ ਲਿਖਣਾ ਜਾਂ ਇੰਨੇ ਪੰਨੇ ਲਿਖਣੇ ਜਦੋਂ ਮੈ ਨਹੀਂ ਲਿਖਦਾ ਤਾਂ ਮੈ ਦਸ-ਦਸ ਸਾਲ ਨਹੀਂ ਲਿਖਦਾ ਤੇ ਜਦੋਂ ਮੈ ਲਿਖਣ ਲੱਗਦਾ ਤਾਂ ਮੈ ਕਈ ਵਾਰ 100-100 ਪੇਜ 50-50 ਪੇਜ 20-20 ਪੇਜ ਜਿੰਨਾ ਕੁ ਵੀ ਹਫ਼ਤੇ, ਮਹੀਨੇ ਵਿਚ ਕਰ ਦਿੰਦਾ ਹਾਂ। ਇਸ ਕਰਕੇ ਮੇਰਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ ਕਿਉਂਕਿ ਮੈ ਇਸ ਲਈ ਨਹੀਂ ਲਿਖਦਾ ਕੀ ਮੈ ਇੰਨੇ ਪੇਜ ਲਿਖਣੇ ਮੈ ਇਕ ਉਦੇਸ਼ ਦੀ ਪ੍ਰਾਪਤੀ ਲਈ ਲਿਖਦਾ। ਮੈ ਇਕ ਯੋਜਨਾ ਬੰਧ ਢੰਗ ਨਾਲ ਲਿਖਦਾ ਮੈਨੂੰ ਕਿਸੇ ਖ਼ਾਸ ਸਮੇਂ ਜਾਂ ਸਥਾਨ ਦੀ ਜ਼ਰੂਰਤ ਨਹੀਂ ਹੁੰਦੀ ਮੈ ਜਦੋਂ ਵੀ ਲਿਖਾ ਉਸ ਸਮੇਂ ਲਿਖ ਸਕਦਾ। ਇਸ ਕਰਕੇ ਮੈ ਕੋਈ ਵਿਸ਼ੇਸ਼ ਸਮਾਂ ਨਹੀਂ ਰੱਖਿਆ ਕਿ ਇਸ ਸਮੇਂ ਜਾਂ ਇਸ ਮਹੀਨੇ ਲਿਖਣਾ। ਜਦੋਂ ਮੈ ਲਿਖਣਾ ਹੁੰਦਾ ਓਦੋਂ ਮੇਰੇ ਲਈ ਕੋਈ ਰੁਕਾਵਟ ਨਹੀਂ ਬਣਦੀ। ਮੈ ਬਹੁਤਾ ਨਹੀਂ ਲਿਖਦਾ ਮੈ ਸਾਰਿਆ ਰੁਝੇਵਿਆਂ ਨੂੰ ਧਿਆਨ ਵਿਚ ਰੱਖਦਾ ਹਾਂ ਜਿਵੇਂ ਪਰਿਵਾਰ ਨੂੰ ਲੋੜ ਹੈ ਤਾਂ ਪਰਿਵਾਰ ਦੀ ਗੱਲ ਜੇ ਪ੍ਰਫ਼ੈਸ਼ਨ ਨੂੰ ਲੋੜ ਹੈ ਤਾਂ ਪ੍ਰੋਫ਼ੈਸ਼ਨ ਤੇ ਜੇ ਲਿਖਣ ਦੀ ਲੋੜ ਹੈ ਤਾਂ ਲਿਖਣ ਨੂੰ ਪਹਿਲ ਦੇ ਕੇ ਲਿਖਦਾ ਇਸ ਤਰ੍ਹਾਂ ਮੈ ਇਹਨਾਂ ਤਿੰਨਾਂ ਵਿਚ ਆਪਣੀ ਡਿਊਟੀ ਤੇ ਲਿਖਣ

ਦੀ ਪ੍ਰਕਿਰਿਆ ਵਿਚ ਅਤੇ ਆਪਣੇ ਪਰਿਵਾਰ ਨੂੰ ਬਰਾਬਰ ਦੀ ਤਰਜੀਹ ਦੇ ਕੇ ਲਿਖਦਾ। ਇਸ ਲਈ ਕੋਈ ਸਮਾਂ ਨਿਸ਼ਚਿਤ ਨਹੀਂ ਹੈ ਲਿਖਣ ਦਾ ਇਸ ਦੀ ਜਦੋਂ ਵੀ ਲੋੜ ਹੁੰਦੀ ਹੈ ਉਸ ਲੋੜ ਮੁਤਾਬਿਕ ਮੈ ਆਪਣਾ ਸਮਾਂ ਕੱਢ ਕੇ ਲਿਖਦਾ।

**ਪ੍ਰ: ਕੌਰਵ ਸਭਾ ਲਿਖਣ ਦਾ ਮਨੋਰਥ ਜਾਂ ਕਾਰਨ ਕੀ ਹੈ?**

ਉ: ਜਿਵੇਂ ਕਿ ਮੈ ਪਹਿਲਾ ਦਸ ਚੁੱਕਾ ਹਾਂ ਕਿ ਮੈ ਇਕ ਪ੍ਰੋਜੈਕਟ ਬਣਾਇਆ ਹੋਇਆ ਹੈ ਜਿਸ ਦੇ ਅਧੀਨ ਮੈ ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਸਾਰੀਆਂ ਜੋ ਇਕਾਈਆਂ ਨੇ ਉਹਨਾਂ ਨੂੰ ਪੇਸ਼ ਕਰਨਾ ਹੈ ਯਥਾਰਥਕ ਰੂਪ ਵਿਚ ਤਾਂ ਉਸੇ ਕੜੀ ਦੇ ਵਿਚ ਨਿਆਂਪਾਲਿਕਾ ਇਕ ਮੁੱਖ ਏਜੰਸੀ ਹੈ ਜਿਸ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ ਨਿਆਂ ਦੇਣ ਵਿਚ। ਤਾਂ ਇਸ ਏਜੰਸੀ ਦੇ ਇੱਕ ਪੱਖ ਨੂੰ ਪੇਸ਼ ਕਰਨ ਲਈ ਮੈ ਕਟਹਿਰਾ ਲਿਖਿਆ। ਉਸ ਵਿਚ ਜੋ ਨਿਰਦੋਸ਼ ਬੰਦੇ ਹਨ ਉਨ੍ਹਾਂ ਖ਼ਿਲਾਫ਼ ਪੁਲਿਸ ਝੂਠੇ ਸਬੂਤ ਖੜੇ ਕਰ ਦਿੰਦੀ ਹੈ ਤੇ ਉਨ੍ਹਾਂ ਸਬੂਤਾਂ ਨੂੰ ਮੰਨ ਕੇ ਅਦਾਲਤ ਬੇਦੋਸ਼ਿਆਂ ਨੂੰ ਸਜ਼ਾ ਕਰ ਦਿੰਦੀ ਹੈ ਉਸ ਪੱਖ ਨੂੰ ਮੈ ਪੇਸ਼ ਕੀਤਾ ਹੈ ਕਟਹਿਰਾ ਵਿਚ। ਉਸ ਦਾ ਹੀ ਇਕ ਦੂਜਾ ਪੱਖ ਹੈ ਕਿ ਜਿਹੜੇ ਲੋਕ ਤਾਕਤਵਰ ਨੇ ਉਹ ਤਾਕਤ ਪੈਸੇ ਦੀ ਵੀ ਹੋ ਸਕਦੀ ਹੈ, ਰਿਸ਼ਤਿਆਂ ਦੀ ਵੀ ਹੋ ਸਕਦੀ ਹੈ ਤੇ ਰਾਜਨੀਤਕ ਵੀ ਹੋ ਸਕਦੀ ਹੈ। ਉਹ ਲੋਕ ਸਹੀ ਮੁਲਜ਼ਮ ਹੁੰਦੇ ਹੋਏ ਵੀ ਕਾਤਲਾਂ ਦੇ ਮੁਜਰਮ ਹੁੰਦੇ ਹੋਏ ਵੀ ਬਰੀ ਹੋ ਜਾਂਦੇ ਹਨ। ਇਸ ਦੂਜੇ ਪੱਖ ਨੂੰ ਪੇਸ਼ ਕਰਨ ਲਈ ਇਸ ਨਾਵਲ 'ਕੌਰਵ ਸਭਾ' ਨੂੰ ਚੁਣਿਆ। ਇਸ ਵਿਚ ਨਿਆਇਕ ਪ੍ਰਬੰਧ ਇਕ ਸਹੀ ਮੁਜਰਮਾਂ ਨੂੰ ਬਰੀ ਕਰ ਦਿੰਦਾ ਹੈ ਉਨ੍ਹਾਂ ਸਾਰੀਆਂ ਵਧੀਕੀਆਂ ਨੂੰ ਕੌਰਵ ਸਭਾ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਇਸ ਨਾਵਲ ਨੂੰ ਲਿਖਣ ਦਾ ਮੇਰਾ ਮਨੋਰਥ ਉਹੀ ਨਿਆਂ ਪ੍ਰਬੰਧ ਨੂੰ ਪੇਸ਼ ਕਰਨ ਦਾ ਹੈ ਉਸ ਦੀ ਇਕ ਇਕਾਈ ਦੇ ਤੌਰ ਤੇ ਇਸ ਕੌਰਵ ਸਭਾ ਨਾਵਲ ਨੂੰ ਲਿਖਿਆ ਹੈ।

**ਪ੍ਰ: ਕੌਰਵ ਸਭਾ ਸਿਰਲੇਖ ਕਿਵੇਂ ਤੁਹਾਡੇ ਜ਼ਿਹਨ ਵਿਚ ਆਇਆ?**

ਉ: ਮੈ ਮਹਾਂਭਾਰਤ ਤੇ ਗੀਤਾ ਨੂੰ ਆਪਣੇ ਕਲਾਸੀਕਲ ਲਿਟਰੇਚਰ ਦੇ ਤੌਰ ਤੇ ਮੰਨਦਾ। ਮਹਾਂਭਾਰਤ ਦਾ ਮੈ ਬਹੁਤ ਵੱਡਾ ਉਪਾਸ਼ਕ ਹਾਂ ਅਤੇ ਜਿੰਨੀਆਂ ਬਰੀਕੀਆਂ ਉਸ ਮਹਾਂਕਾਵਿ ਵਿਚ ਦਿੱਤੀਆਂ ਹੋਈਆ ਨੇ ਉਹਨੀਆ ਦੁਨੀਆ ਦੇ ਕਿਸੇ ਵੀ ਸਾਹਿਤਕ ਖੇਤਰ ਵਿਚ ਨਹੀਂ ਹਨ। ਮੈ ਬੜੇ ਬਰੀਕੀ ਨਾਲ ਮਹਾਂਭਾਰਤ ਦਾ ਅਧਿਐਨ ਕੀਤਾ ਹੋਇਆ ਹੈ। ਉਸੇ ਚੀਜ਼ ਤੋਂ ਮੈਨੂੰ ਲੱਗਦਾ ਹੈ ਕਿ ਮਹਾਂਭਾਰਤ ਵਾਂਗ ਹੀ ਅਗਰ ਕੋਈ ਹੋ ਸਕੇ ਪਰ ਮੈ ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਉਸ ਦੇ ਨੇੜੇ-ਤੇੜੇ ਸਾਡੇ ਵਰਗਾਂ ਜਾ ਹੋਰ ਕੋਈ ਵੀ ਹੱਲੇ ਇਸ ਸਦੀ ਵਿਚ ਨਹੀਂ ਪਹੁੰਚਣ ਲੱਗਿਆ। ਪਰ ਮੈ ਕਹਿੰਦਾ ਹਾਂ ਕਿ ਉਸ ਦੇ ਨੇੜੇ-ਤੇੜੇ ਹੀ ਉਸ ਨੂੰ ਕਾਪੀ ਹੀ ਕਰ ਲਈਏ ਤਾਂ ਇਸੇ ਉਦੇਸ਼ ਨਾਲ ਮੈ ਜਿਹੜੇ ਚਾਰੇ ਨਾਵਲ ਉਹ ਲਿਖੇ ਹਨ। ਮਹਾਂਭਾਰਤ ਵਾਂਗ ਹੀ ਹਜ਼ਾਰਾਂ ਪਾਤਰ ਲੈ ਕੇ ਉਸੇ ਤਰ੍ਹਾਂ ਹਜ਼ਾਰਾਂ ਪੱਖ ਪੇਸ਼ ਕਰਕੇ ਮੈ ਮਹਾਂਭਾਰਤ ਨੂੰ ਇਕ ਕਿਸਮ ਦਾ ਉਸ ਦੀ ਤਕਨੀਕ ਨੂੰ ਕਾਪੀ ਕਰ ਰਿਹਾ ਹਾਂ। ਕਿਉਂਕਿ ਮਹਾਂਭਾਰਤ ਮੇਰੇ ਜ਼ਿਹਨ ਵਿਚ ਗਹਿਰਾਈ ਨਾਲ ਵਸਿਆ ਹੋਇਆ ਹੈ। ਉਸ ਦੇ ਪਾਤਰ ਉਸ ਦੀਆਂ ਤਕਨੀਕਾਂ ਉਹ ਮੇਰੇ ਜ਼ਿਹਨ ਵਿਚ ਵਸੀਆਂ ਹੋਈਆ ਹਨ। ਇਹ ਨਾਵਲ ਜਦੋਂ ਮੈ ਲਿਖ ਰਿਹਾ ਸੀ 'ਕੌਰਵ ਸਭਾ', ਜਿਹੜੀ

ਕੌਰਵ ਸਭਾ ਹੈ ਉਹ ਕੌਰਵਾਂ ਦੀ ਸਭਾ ਸੀ ਜਿੱਥੇ ਉਸ ਸਮੇਂ ਦੇ ਸਾਰੇ ਕੌਰਵਾਂ ਦੇ ਵੱਡੇ-ਵੱਡੇ ਰਾਜਨੇਤਾ ਸੀ, ਸਲਾਹਕਾਰ ਸੀ ਜਾ ਗੁਰੂ ਸੀ ਉਹ ਸਾਰੇ ਬੈਠੇ ਸੀ ਜਿੱਥੇ ਦਰੋਪਦੀ ਦਾ ਚੀਰ ਹਰਨ ਹੋਇਆ ਜਾਂ ਔਰਤ ਦੀ ਬੇਇੱਜ਼ਤੀ ਹੋਈ ਤਾਂ ਉਹੀ ਕੌਰਵ ਸਭਾ ਮੇਰੇ ਦਿਮਾਗ਼ ਵਿਚ ਘੁੰਮਦੀ ਸੀ ਕਿ ਅੱਜ ਵੀ ਉਸੇ ਤਰ੍ਹਾਂ ਔਰਤ ਦਾ ਅੱਜ ਵੀ ਨਿਰਾਦਰ ਹੋ ਰਿਹਾ ਹੈ ਅਤੇ ਇਹ ਵੀ ਮੇਰੇ ਦਿਮਾਗ਼ ਵਿਚ ਸੀ ਕਿ ਉਸ ਸਮੇਂ ਦੀਆਂ ਅਦਾਲਤਾਂ ਜਿੱਥੇ ਵੱਡੇ-ਵਡੇਰੇ ਬੈਠੇ ਸੀ ਤੇ ਅੱਜ ਦੀਆਂ ਵੀ ਅਦਾਲਤਾਂ ਜੋ ਇਨਸਾਫ਼ ਦੇਣ ਲਈ ਬੈਠੀਆਂ ਹਨ ਉਹ ਸਾਰੀਆਂ ਇਨਸਾਫ਼ ਨਹੀਂ ਦੇ ਰਹੀਆਂ ਉਲਟਾ ਬੇਇਨਸਾਫ਼ੀ ਹੋ ਰਹੀ ਹੈ ਹਰ ਇਕ ਵਿਕਟਮ ਨਾਲ। ਇਹ ਮੇਰੇ ਜ਼ਿਹਨ ਦੇ ਵਿਚ ਸੀ ਇਸ ਕਰਕੇ ਮੈ ਇਸ ਨਾਵਲ ਦਾ ਨਾਮ ਕੌਰਵ ਸਭਾ ਰੱਖਿਆ। ਅੱਜ ਵੀ ਜਿਹੜੀ ਉਹ ਕੌਰਵ ਸਭਾ ਸੀ ਜੋ ਸਾਡੇ ਮਹਾਂਭਾਰਤ ਦੇ ਵਿਚ ਮੌਜੂਦ ਹੈ ਅੱਜ ਵੀ ਉਹ ਇੱਥੇ ਹਾਜ਼ਰ ਹੈ ਅਤੇ ਬੇਇਨਸਾਫ਼ੀ ਕਰ ਰਹੀ ਹੈ। ਇਕ ਹੋਰ ਪੱਖ ਹੈ ਕਿ ਜਿਹੜੇ ਕਾਲੇ ਕੋਟ ਹਨ ਉਸ ਸਮੇਂ ਵੀ ਕੌਰਵਾਂ ਦੀ ਵਰਦੀ ਕਾਲੇ ਕੱਪੜਿਆਂ ਦੀ ਸੀ ਤੇ ਅੱਜ ਵੀ ਇਹ ਅਚੇਤ ਹੈ ਜਾ ਸਚੇਤ ਹੈ ਕਿ ਵਕੀਲ ਅਤੇ ਜੱਜਾਂ ਦੀ ਵਰਦੀ ਵੀ ਕਾਲੀ ਹੀ ਹੈ। ਇਸ ਤਰ੍ਹਾਂ ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਅੱਜ ਦੇ ਵੀ ਵਕੀਲ ਜਾ ਜੱਜ ਨੇ ਉਹ ਉਹੀ ਕਾਲੇ ਕੱਪੜਿਆਂ ਵਾਲੇ ਕੌਰਵ ਹਨ ਅਤੇ ਜੋ ਅਦਾਲਤਾਂ ਹਨ ਉਹ ਕੌਰਵ ਸਭਾ ਹੀ ਹਨ। ਇਹ ਸਾਰਾ ਕੁਝ ਮੇਲ ਖਾਂਦਾ ਹੋਇਆ ਨਜ਼ਰ ਆਉਣ ਕਰਕੇ ਮੈ ਨਾਵਲ ਦਾ ਨਾਮ ਇਸੇ ਨੂੰ ਹੀ ਚੁਣਿਆ ਅਤੇ ਅੱਜ ਵੀ ਮੈਨੂੰ ਲੱਗਦਾ ਹੈ ਕਿ ਇਸ ਤੋਂ ਵਧੀਆ ਚੋਣ ਇਸ ਨਾਵਲ ਦੇ ਨਾਮ ਦੀ ਨਹੀਂ ਹੋ ਸਕਦੀ ਸੀ ਇਹੀ ਕਾਰਨ ਹੈ ਕਿ ਮੈ ਕੌਰਵ ਸਭਾ ਨਾਮ ਇਸ ਪ੍ਰੇਰਨਾ ਤੇ ਰੱਖਿਆ।

**ਪ੍ਰ: ਕੌਰਵ ਸਭਾ ਦੀ ਰਚਨਾ ਤਰਤੀਬ ਜਾਂ ਜੁਗਤਾਂ ਸੁਚੇਤ ਰੂਪ ਵਿਚ ਲਈਆਂ ਜਾਂ ਇਹ ਸੁੱਤੇ ਸਿੱਧ ਹੀ ਹੋਂਦ ਗ੍ਰਹਿਣ ਕਰ ਗਈਆਂ? ਜੇਕਰ ਇਹ ਸੁਚੇਤ ਰੂਪ ਵਿਚ ਲਈਆਂ ਗਈਆਂ ਤਾਂ ਕਿਸ ਤੋਂ ਪ੍ਰਭਾਵਿਤ ਹੋ ਕੇ?**

ਉ: ਮੈ ਇੱਕ ਵਾਰ ਫੇਰ ਦੱਸ ਰਿਹਾ ਹਾਂ ਕਿ ਮੇਰੇ ਨਾਵਲ ਇੱਕ ਯੋਜਨਾਬੱਧ ਢੰਗ ਨਾਲ ਇੱਕ ਪ੍ਰੋਜੈਕਟ ਬਣਾ ਕੇ ਇੱਕ ਵਿਸ਼ੇਸ਼ ਚੋਣ ਅਧੀਨ ਲਿਖੇ ਗਏ ਹਨ। ਇਸ ਨਾਵਲ ਦੀਆਂ ਜਿਹੜੀਆਂ ਵੀ ਘਟਨਾਵਾਂ ਨੇ, ਪਾਤਰ ਨੇ ਉਹ ਸਾਰੇ ਸੁਚੇਤ ਰੂਪ ਨਾਲ ਇੱਕ ਯੋਜਨਾ ਅਧੀਨ ਨੇ। ਜਿਹੜੇ ਇਸ ਨਾਵਲ ਵਿਚ ਚਾਰ ਵੱਡੇ ਜੁਰਮ ਵਿਖਾਏ ਗਏ ਹਨ ਜਿਸ ਵਿਚ ਕਤਲ, ਰੇਪ, ਡਕੈਤੀ ਅਤੇ ਲੱਤਾਂ ਬਾਂਹਾਂ ਤੋੜਨ ਦੀ ਗੱਲ ਆਉਂਦੀ ਹੈ। ਇਹ ਸੱਟਾਂ ਵੀ ਗੰਭੀਰਤਾ ਨਾਲ ਹੋਈਆ ਨੇ ਜਿਵੇਂ ਜੇ ਦਿਮਾਗ਼ੀ ਸੱਟ ਹੋਵੇ ਉਹ ਸਭ ਤੋਂ ਖ਼ਤਰੇ ਵਾਲੀ ਹੁੰਦੀ ਹੈ। ਇਸ ਤੋਂ ਇਲਾਵਾ ਲੱਤਾਂ ਬਾਂਹਾਂ ਦੀਆਂ ਸੱਟਾਂ ਨੂੰ ਵੀ ਖ਼ਤਰੇ ਵਾਲੀਆਂ ਮੰਨਿਆ ਜਾਂਦਾ ਹੈ। ਇਹ ਜੋ ਚਾਰੇ ਘਟਨਾਵਾਂ ਇਸ ਨਾਵਲ ਵਿਚ ਵਾਪਰਦੀਆਂ ਨੇ ਕਤਲ ਵੀ ਹੁੰਦਾ ਹੈ ਰੇਪ ਵੀ ਹੁੰਦਾ, ਗੰਭੀਰ ਸੱਟਾਂ ਵੀ ਮਾਰੀਆਂ ਜਾਂਦੀਆਂ ਨੇ ਅਤੇ ਡਕੈਤੀ ਵੀ ਹੁੰਦੀ ਹੈ। ਇਹਨਾਂ ਚਾਰੇ ਜੁਰਮਾਂ ਦੀ ਭਿਆਨਕਤਾ ਤੇ ਉਸ ਦੇ ਕੀ ਪ੍ਰਭਾਵ ਪੈਂਦੇ ਹਨ ਵਿਕਟਮ ਤੇ ਉਨ੍ਹਾਂ ਸਾਰੀਆਂ ਗੱਲਾਂ ਨੂੰ ਗਹਿਰਾਈ ਨਾਲ ਚਿਤਰਨ ਲਈ ਚਾਰੇ ਘਟਨਾਵਾਂ ਚੁਣੀਆਂ ਉਨ੍ਹਾਂ ਮੁਤਾਬਿਕ ਪਾਤਰ ਚੁਣੇ ਅੱਗੇ ਇਹਨਾਂ ਦੀਆਂ ਗਹਿਰਾਈਆਂ ਨੇ ਅਤੇ ਪ੍ਰਤੀਕ ਵੀ ਨੇ ਜਿਵੇਂ ਲੱਤਾਂ ਬਾਂਹਾਂ ਤੋੜਨ ਦਾ ਮਤਲਬ ਹੁੰਦਾ ਹੈ ਕਿ ਬੰਦਾ ਆਰਥਿਕ

ਤੋਰ ਤੇ ਲੱਤਾਂ ਟੁੱਟਣ ਬਾਂਹਾਂ ਟੁੱਟਣ ਤੇ ਬੰਦੇ ਦੀ ਆਰਥਿਕਤਾ ਟੁੱਟ ਜਾਂਦੀ ਹੈ। ਉਹ ਬੰਦਾ ਬਿਸਤਰ ਤੇ ਪੈ ਕੇ ਆਰਥਿਕ ਤੋਰ ਤੇ ਕਮਜ਼ੋਰ ਹੋ ਜਾਂਦਾ ਹੈ। ਇਹ ਸਾਰੀਆਂ ਗੱਲਾਂ ਲੈ ਕੇ ਮੈ ਪੂਰੀ ਯੋਜਨਾਬੱਧ ਢੰਗ ਨਾਲ ਇਸ ਦੀਆਂ ਘਟਨਾਵਾਂ ਚੁਣੀਆਂ ਨੇ, ਪਾਤਰ ਚੁਣੇ ਹਨ। ਪਾਤਰ ਦੀ ਗੱਲ ਕਰਦੇ ਹਾਂ ਕਿ ਜਿਹੜੀ ਰੇਪ ਹੈ ਉਹ ਦੋ ਪਾਤਰਾਂ ਜੋ ਉਸ ਸਮੇਂ ਘਰ ਵਿਚ ਸਨ ਇੱਕ ਨੀਲਮ ਹੈ ਜੋ ਨੇਹਾ ਦੀ ਮਾਂ ਹੈ, ਇੱਕ ਨੇਹਾ ਹੈ ਪਰ ਜੇ ਰੇਪ ਨੇਹਾ ਨਾਲ ਹੋਈ ਹੈ ਤਾਂ ਉਸ ਦੇ ਬਹੁਤ ਭਿਆਨਕ ਸਿੱਟੇ ਨਿਕਲਦੇ ਨੇ ਜਿਵੇਂ ਉਸ ਦਾ ਵਿਆਹ ਟੁੱਟ ਜਾਂਦਾ ਹੈ। ਉਹ ਕਦੇ ਸੂ ਸਾਈਡ ਕਰਨ ਬਾਰੇ ਸੋਚਦੀ ਹੈ। ਜੇ ਕਦੇ ਇਹੀ ਰੇਪ ਨੀਲਮ ਨਾਲ ਹੋਇਆ ਹੁੰਦਾ ਤਾਂ ਉਸ ਨਾਲ ਇੰਨੀ ਗੰਭੀਰਤਾ ਪੈਦਾ ਨਹੀਂ ਹੋਣੀ ਸੀ। ਇਸੇ ਤਰ੍ਹਾਂ ਜਿਹੜਾ ਕਤਲ ਇੱਕ ਮੁੰਡੇ ਦਾ ਹੁੰਦਾ ਹੈ ਜੋ ਘਰ ਦਾ ਚਿਰਾਗ਼ ਹੈ। ਜੋ ਉਸ ਘਰ ਦੀ ਆਸ ਹੈ ਕਤਲ ਵੀ ਉਸੇ ਦਾ ਹੁੰਦਾ ਹੈ। ਕਤਲ ਵੀ ਕਿਸੇ ਹੋਰ ਮੈਂਬਰ ਦਾ ਵੀ ਹੋ ਸਕਦਾ ਸੀ ਜਿਵੇਂ ਉਸ ਦੇ ਪਿਤਾ ਵੇਦ ਦਾ ਪਰ ਇੰਨਾ ਗੰਭੀਰ ਅਸਰ ਨਾ ਹੁੰਦਾ। ਇਸ ਕਰਕੇ ਹਰ ਇੱਕ ਗੱਲ ਇੱਥੋਂ ਤੱਕ ਕਿ ਇੱਕ-ਇੱਕ ਅੱਖਰ ਵੀ ਮੈ ਸੋਚ ਕੇ ਲਿਖਦਾ ਅਤੇ ਇੱਕ ਪ੍ਰਯੋਜਨ ਦੇ ਮੁਤਾਬਿਕ ਇੱਕ ਗੱਲ ਕਹਿਣ ਲਈ ਲਿਖਦਾ ਮੈ ਉਸੇ ਯੋਜਨਾ ਦੇ ਤਹਿਤ ਇਸ ਨਾਵਲ ਦੀਆਂ ਘਟਨਾਵਾਂ ਚੁਣੀਆਂ ਨੇ ਕੋਈ ਘਟਨਾ ਸੁਭਾਵਕ ਨਹੀਂ ਆਉਂਦੀ। ਮੈਨੂੰ ਨਹੀਂ ਲੱਗਦਾ ਕਿ ਉਹ ਲੇਖਕ ਜੋ ਕਹਿੰਦੇ ਹਨ ਕਿ ਅਸੀ ਚੱਲ ਪਏ ਲਿਖਣ ਤੇ ਆਪਣੇ ਆਪ ਨਾਵਲ ਚੱਲਦਾ ਰਿਹਾ ਮੈਨੂੰ ਨਹੀਂ ਸਮਝ ਕਿ ਉਹ ਕਿੱਦਾਂ ਲਿਖ ਲੈਂਦੇ ਨੇ ਜਾਂ ਫਿਰ ਉਨ੍ਹਾਂ ਨਾਵਲਾਂ ਦਾ ਕੋਈ ਉਦੇਸ਼ ਕੀ ਹੈ। ਮੈ ਤਾਂ ਪਹਿਲੇ ਦੋ-ਦੋ, ਤਿੰਨ-ਤਿੰਨ ਸਾਲ ਯੋਜਨਾ ਬਣਾਉਂਦਾ ਹਾਂ ਪਹਿਲੇ ਅੱਖਰ ਤੋਂ ਲੈ ਕੇ ਨਾਵਲ ਦੇ ਆਖ਼ਰੀ ਅੱਖਰ ਤੱਕ ਮੇਰੀ ਲਿਖਣ ਤੋਂ ਪਹਿਲਾ ਦੀ ਯੋਜਨਾ ਹੁੰਦੀ ਹੈ। ਥੋੜ੍ਹੀ ਬਹੁਤ ਚੇਂਜ ਆਉਂਦੀ ਹੈ ਲੋੜ ਮੁਤਾਬਿਕ ਪਰ ਮੇਜਰ ਚੇਂਜ ਨਹੀਂ ਆਉਂਦੀ ਮੈ ਯੋਜਨਾ ਮੁਤਾਬਿਕ ਹੀ ਚੱਲਦਾ ਹਾਂ। ਇਸ ਲੀਹ ਦੇ ਵਿਚ ਕੁਝ ਵੀ ਅਚੇਤ ਨਹੀਂ ਹੋਇਆ ਸਾਰਾ ਕੁਝ ਸੁਚੇਤ ਹੈ ਇੱਕ-ਇੱਕ ਅੱਖਰ ਸੁਚੇਤ ਹੈ ਕੌਰਵ ਸਭਾ ਨਾਵਲ ਦਾ।

**ਪ੍ਰ: ਕੌਰਵ ਸਭਾ ਨਾਵਲ ਦਾ ਨਾਇਕ ਕੌਣ ਹੈ, ਜੇ ਨਹੀਂ ਤਾਂ ਕਿਉਂ, ਕੀ ਇਹ ਸਚੇਤ ਰੂਪ ਵਿਚ ਨਾਇਕ ਵਿਹੂਣਾ ਨਾਵਲ ਹੈ ਜਾਂ ਨਹੀਂ?**

ਉ: ਅੱਜ ਦਾ ਦੌਰ ਨਾਇਕ ਖਲਨਾਇਕ ਦਾ ਨਹੀਂ ਹੈ ਇੱਕੋ ਸਮੇਂ ਇੱਕ ਵਿਅਕਤੀ ਨਾਇਕ ਵੀ ਹੁੰਦਾ ਅਤੇ ਖਲਨਾਇਕ ਵੀ ਹੁੰਦਾ ਹੈ। ਕਿਸੇ ਲਈ ਕੋਈ ਵਿਅਕਤੀ ਨਾਇਕ ਹੁੰਦਾ ਹੈ ਕਿਸੇ ਲਈ ਕੋਈ ਵਿਅਕਤੀ ਖਲਨਾਇਕ ਹੁੰਦਾ ਹੈ। ਮੈ ਆਪਣੀ ਹੀ ਉਦਾਹਰਨ ਦਿੰਦਾ ਹਾਂ ਕਿ ਮੈ ਸਰਕਾਰੀ ਵਕੀਲ ਸੀ। ਕਿਸੇ ਸਮੇਂ ਜੇ ਮੈਨੂੰ ਇਹ ਲੱਗਦਾ ਹੈ ਕਿ ਇਹ ਮੁਲਜ਼ਮ ਜੋ ਬਣਾਇਆ ਹੋਇਆ ਹੈ ਪਰ ਇਹ ਅਸਲ ਵਿਚ ਮੁਲਜ਼ਮ ਨਹੀਂ ਹੈ। ਜਿਵੇਂ ਮੈ ਕਿਹਾ ਕਿ ਕੌਰਵ ਸਭਾ ਵਿਚ ਅਸਲੀ ਮੁਲਜ਼ਮ ਬਰੀ ਹੋ ਜਾਂਦੇ ਹਨ ਅਤੇ ਨਿਰਦੋਸ਼ਾਂ ਨੂੰ ਸਜ਼ਾ ਹੋ ਜਾਂਦੀ ਹੈ। ਜੇ ਮੈਨੂੰ ਲੱਗਦਾ ਸੀ ਕਿ ਆਪਣੀ ਪ੍ਰੈਕਟੀਕਲ ਜ਼ਿੰਦਗੀ ਵਿਚ ਵੀ ਕਿ ਇਹ ਬੰਦਾ ਸਹੀ ਮੁਲਜ਼ਮ ਹੈ ਤਾਂ ਮੇਰਾ ਪੂਰਾ ਜ਼ੋਰ ਲੱਗਿਆ ਹੁੰਦਾ ਸੀ ਕਿ ਉਸ ਨੂੰ ਸਜ਼ਾ ਹੋਵੇ। ਉਸ ਲਈ ਮੈ ਖਲਨਾਇਕ ਸੀ। ਜੇ ਮੇਰੇ ਮਨ ਵਿਚ ਇਹ ਗੱਲ ਹੈ ਕਿ ਉਹ ਬੰਦਾ ਨਿਰਦੋਸ਼ ਹੈ ਝੂਠਾਂ ਫਸਾਇਆ ਹੋਇਆ ਹੈ ਤਾਂ ਮੇਰਾ ਯਤਨ ਹੁੰਦਾ ਸੀ ਕਿ ਉਹ

ਬਰੀ ਹੋ ਜਾਵੇ ਤਾਂ ਉਸ ਲਈ ਮੈ ਨਾਇਕ ਸੀ। ਅੱਜ ਇੱਕੋ ਸਮੇਂ ਵਿਚ ਬੰਦਾ ਨਾਇਕ ਵੀ ਹੁੰਦਾ ਤੇ ਖਲਨਾਇਕ ਵੀ ਹੁੰਦਾ ਹੁਣ ਉਹ ਪੁਰਾਣਾ ਨਹੀਂ ਹੈ ਕਿ ਨਾਇਕ ਖਲਨਾਇਕ ਵਾਲਾ। ਇਸ ਲਈ ਅੱਜ ਦੇ ਨਾਵਲ ਵਿਚ ਇਸ ਗੱਲ ਦੀ ਆਸ ਰੱਖਣੀ ਕਿ ਕੌਣ ਨਾਇਕ ਤੇ ਕੌਣ ਖਲਨਾਇਕ ਹੈ ਤਾਂ ਇਹ ਯਥਾਰਥਕ ਗੱਲ ਨਹੀਂ ਹੈ। ਜੇ ਇਸ ਨਾਵਲ ਦੀ ਗੱਲ ਕਰੀਏ ਤਾਂ ਇਸ ਨਾਵਲ ਵਿਚ ਵੀ ਜੋ ਸਿਸਟਮ ਹੈ ਉਹ ਨਾਇਕ ਹੈ ਮੈ ਆਪਣੇ ਚਾਰੇ ਨਾਵਲਾਂ ਵਿਚ ਇਕ ਸਿਸਟਮ ਨੂੰ ਲੈ ਕੇ ਚੱਲਿਆ। ਸੁਧਾਰ ਘਰ ਵਿਚ ਜੇਲ੍ਹ ਪ੍ਰਬੰਧ ਨਾਇਕ ਖਲਨਾਇਕ ਹੈ। ਤਫ਼ਤੀਸ਼ ਵਿਚ ਪੁਲਿਸ ਨਾਇਕ ਖਲਨਾਇਕ ਹੈ। ਜੇ ਫਿਰ ਵੀ ਆਪਾਂ ਵੇਖੀਏ ਤਾਂ ਮੈ ਸਮਝਦਾ ਹਾਂ ਕਿ ਕੌਰਵ ਸਭਾ ਦਾ ਮਹਾਂ ਨਾਇਕ ਜਿਵੇਂ ਮਹਾਂਭਾਰਤ ਵਿਚ ਕ੍ਰਿਸ਼ਨ ਮਹਾਂ ਨਾਇਕ ਸੀ ਅਰਜੁਨ ਨਾਇਕ ਸੀ। ਇਸੇ ਤਰ੍ਹਾਂ ਜੇ ਕੌਰਵ ਸਭਾ ਵਿਚ ਵੇਖਣਾ ਹੀ ਹੈ ਕਿ ਨਾਇਕ ਖਲਨਾਇਕ ਕੌਣ ਹੈ ਤਾਂ ਹਰੀਸ਼ ਇਸ ਨਾਵਲ ਦਾ ਮਹਾਂ ਨਾਇਕ ਹੈ। ਜੋ ਰਾਮ ਨਾਥ ਹੈ ਉਹ ਨਾਇਕ ਹੈ। ਵੈਸੇ ਮੈ ਇਹਨਾਂ ਪਾਤਰਾਂ ਨੂੰ ਨਾ ਨਾਇਕ ਮੰਨਦਾ ਤੇ ਨਾ ਹੀ ਖਲਨਾਇਕ ਮੰਨਦਾ ਅਸਲੀ ਤਾਂ ਨਾਇਕ ਖਲਨਾਇਕ ਪ੍ਰਬੰਧ ਹੈ ਨਿਆਂ ਪ੍ਰਬੰਧ ਹੈ ਇਸ ਨਾਵਲ ਦਾ। ਨਿਆਂ ਪ੍ਰਬੰਧ ਨੂੰ ਤੁਸੀਂ ਨਾਇਕ ਕਹਿ ਲੋ ਜਾਂ ਖਲਨਾਇਕ ਕਹਿ ਲੋ ਜੇ ਇਹ ਪ੍ਰਬੰਧ ਇਨਸਾਫ਼ ਦਿੰਦਾ ਹੈ ਤਾਂ ਨਾਇਕ ਹੈ ਜੇ ਨਹੀਂ ਦਿੰਦਾ ਤਾਂ ਖਲਨਾਇਕ ਹੈ ਤੇ ਖਲਨਾਇਕ ਦਾ ਚਿਤਰਨ ਅੱਜ ਦੇ ਸਾਹਿਤ ਦੀ ਇਹ ਮੁੱਖ ਲੋੜ ਹੈ ਜੋ ਮੈ ਪੂਰੀ ਕੀਤੀ ਹੈ।

**ਪ੍ਰ: ਨਾਵਲ ਵਿਚ ਤੁਸੀਂ ਪਰਵਾਸੀ ਮਜ਼ਦੂਰਾਂ ਹੱਥੋਂ ਜ਼ੁਲਮ ਕਰਵਾਇਆ, ਕੀ ਉਹ ਪੰਜਾਬ ਵਿਚ ਵੱਧ ਰਹੇ ਜ਼ੁਲਮ ਦੇ ਇੱਕ ਕਾਰਨ ਵਜੋਂ ਪੇਸ਼ ਹੋਇਆ ਹੈ?**

ਉ: ਇਹ ਇੱਕ ਬੜਾ ਮਹੱਤਵਪੂਰਨ ਸਵਾਲ ਹੈ। ਪਰਵਾਸੀ ਜਿਹੜੇ ਸਾਡੇ ਪੰਜਾਬ ਵਿਚ ਨੇ ਉਹ ਹੁਣ ਇੱਕ ਜਮਾਤ ਦੀ ਪ੍ਰਤੀਨਿਧਤਾ ਕਰਦੇ ਹਨ। ਜਿਹੜੀ ਹੇਠਲੀ ਜਮਾਤ ਹੈ ਜੋ ਮਿਹਨਤਕਸ਼ ਵੀ ਹੈ ਅਤੇ ਜਿਹੜੀ ਸਾਧਨ ਹੀਣ ਹੈ। ਮਿਹਨਤ ਕਰਨ ਦੇ ਬਾਵਜੂਦ ਵੀ ਜਿਨ੍ਹਾਂ ਲੋਕਾਂ ਨੂੰ ਆਪਣਾ ਢਿੱਡ ਭਰਨ ਲਈ ਰੋਟੀ ਵੀ ਨਹੀਂ ਮਿਲਦੀ ਮੈ ਉਨ੍ਹਾਂ ਨੂੰ ਲੈ ਕੇ ਦੇਖਿਆ ਤੇ ਮੈ ਇਹ ਨਹੀਂ ਕਿਹਾ ਕਿ ਇਹ ਪਰਵਾਸੀ ਆ ਗਏ ਇਸ ਕਰਕੇ ਕ੍ਰਾਈਮ ਵੱਧ ਰਿਹਾ। ਮੈ ਤਾਂ ਉਨ੍ਹਾਂ ਦੀ ਦਸ਼ਾ ਨੂੰ ਪੇਸ਼ ਕੀਤਾ। ਇੱਕ ਮੈ ਉਦਾਹਰਨ ਦਿੰਦਾ ਹਾਂ ਕਿ ਜਿਹੜਾ ਪਰਵਾਸੀ ਨੇਹਾ ਦਾ ਜਦੋਂ ਬਲਾਤਕਾਰ ਕਰਦਾ ਹੈ ਤਾਂ ਮੈ ਉਸ ਪਰਵਾਸੀ ਦੀ ਮਾਨਸਿਕਤਾ ਨੂੰ ਲਿਆ ਹੈ ਕਿ ਇੱਕ ਜੋ ਗ਼ਰੀਬ ਹੈ ਸਾਧਨ ਹੀਣ ਹੈ ਉਸ ਦੀ ਮਾਨਸਿਕਤਾ ਕੀ ਹੈ। ਜਦੋਂ ਇੱਕ ਲੜਕੀ ਜੋ ਬਹੁਤ ਸੁੰਦਰ ਵੀ ਹੈ ਅਤੇ ਅੱਧ ਨਗਨ ਅਵਸਥਾ ਵਿਚ ਹੈ ਜਵਾਨ ਲੜਕੀ ਹੈ ਤਾਂ ਉਸ ਬੰਦੇ ਨੇ ਕਦੇ ਇਸ ਤਰ੍ਹਾਂ ਦੀ ਔਰਤ ਵੇਖੀ ਨਹੀਂ ਤਾਂ ਕੁਦਰਤੀ ਤੌਰ ਤੇ ਉਸ ਅੰਦਰਲੀ ਲੋੜ ਜਾਂ ਕਮੀ ਉਹ ਜਾਗਦੀ ਹੈ ਤੇ ਉਹ ਬੰਦਾ ਆਪਣੀਆਂ ਸਾਰੀਆਂ ਹਦਾਇਤਾਂ ਨੂੰ ਪਾਸੇ ਕਰਕੇ ਨੇਹਾ ਨਾਲ ਬਲਾਤਕਾਰ ਕਰਦਾ ਹੈ। ਉਸ ਅੰਦਰ ਇੱਕ ਭੁੱਖ ਹੈ ਸੈਕਸ ਦੀ ਜਾਂ ਉਸ ਦੀ ਬਾਈਲੋਜੀਕਲ ਲੋੜ ਹੈ ਸੈਕਸ ਨੂੰ ਪੂਰਾ ਕਰਨ ਦੀ ਜਿਹੜੀ ਉਸ ਦੀ ਨਹੀਂ ਪੂਰੀ ਹੁੰਦੀ ਆਮ ਹਾਲਾਤਾਂ ਵਿਚ ਤੇ ਫਿਰ ਇਕ ਇਨਸਾਨ ਦੀ ਹੁੰਦੀ ਹੈ ਕਿ ਇੱਕ ਬਹੁਤ ਹੀ ਸੁੰਦਰ ਲੜਕੀ ਅਰਧ ਨਗਨ ਅਵਸਥਾ ਵਿਚ ਤੇ ਤੁਹਾਡੇ ਕੋਲ ਇਸ ਤਰ੍ਹਾਂ ਦਾ

ਮੌਕਾ ਬਣਦਾ ਹੋਵੇ ਕੀ ਤੁਸੀਂ ਉਸ ਆਪਣੀ ਬਾਈਲੋਜੀਕਲ ਲੋੜ ਨੂੰ ਜਾਂ ਸੈਕਸ ਦੀ ਪੂਰਤੀ ਕਰ ਸਕੋ ਤਾਂ ਉਹ ਕਰਦਾ ਹੈ। ਮੈ ਤਾਂ ਇਸ ਗੱਲ ਨੂੰ ਪੇਸ਼ ਕੀਤਾ ਹੈ ਕਿ ਜੋ ਆਮ ਲੋਕ ਨੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤੇ ਜਦੋਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਜੁਰਮ ਵੱਲ ਆਉਂਦੇ ਨੇ। ਉਨ੍ਹਾਂ ਨੂੰ ਜੁਰਮ ਵੱਲ ਆਉਣ ਦਾ ਕਾਰਨ ਉਨ੍ਹਾਂ ਦੀਆਂ ਆਰਥਿਕ ਜਾਂ ਬਾਈਲੋਜੀਕਲ ਲੋੜਾਂ ਦਾ ਪੂਰਾ ਨਾ ਹੋਣਾ ਹੈ। ਨਾ ਕੀ ਇਸ ਲਈ ਕਿ ਉਹ ਪਰਵਾਸੀ ਨੇ। ਪਰਵਾਸ ਤਾਂ ਆ ਗਏ ਨੇ ਇੱਥੇ ਆ ਕੇ ਉਹਨਾ ਦਾ ਫਿਰ ਉਹੀ ਹਾਲ ਹੈ ਤੇ ਜਿਹੜੇ ਸੈੱਟ ਹੋ ਗਏ ਜਿਵੇਂ ਨਾਵਲ ਦਾ ਪਾਤਰ ਠੇਕੇਦਾਰ ਹੈ। ਉਹ ਸੈੱਟ ਵੀ ਹੋ ਗਏ ਨੇ ਤੇ ਸਾਡੀ ਅਰਥਵਿਵਸਥਾ ਵਿਚ ਕੰਮ ਕਰਕੇ ਸਾਨੂੰ ਸਹਿਯੋਗ ਵੀ ਦੇ ਰਹੇ ਹਨ। ਕੋਈ ਉਨ੍ਹਾਂ ਦਾ ਪਰਵਾਸੀ ਹੋਣਾ ਮੈ ਪੇਸ਼ ਨਹੀਂ ਕੀਤਾ ਮੈ ਤਾਂ ਇਹ ਪੇਸ਼ ਕੀਤਾ ਹੈ ਕਿ ਪੰਜਾਬ ਵਿਚ ਜੋ ਪਰਵਾਸੀ ਆ ਗਿਆ ਵੱਡੀ ਗਿਣਤੀ ਵਿਚ ਉਹ ਹਾਲੇ ਵੀ ਸਾਧਨ ਹੀਣ ਹੈ। ਉਨ੍ਹਾਂ ਦੇ ਵਿਚ ਜੋ ਕ੍ਰਾਈਮ ਦੀ ਪ੍ਰਵਿਰਤੀ ਹੈ ਉਹ ਜ਼ਿਆਦਾ ਹੈ ਕਿਉਂਕਿ ਕ੍ਰਾਈਮ ਥਿਊਰੀ ਇਹ ਹੈ ਕਿ ਜਿੰਨਾ ਬੰਦਾ ਸਾਧਨ ਸੰਪੰਨ ਹੁੰਦਾ ਜਾਂਦਾ ਹੈ ਓਨਾ ਉਹ ਸਰੀਰਕ ਜੁਰਮ ਨਹੀਂ ਕਰਦਾ। ਸਰੀਰਕ ਜੁਰਮ ਜੋ ਸਾਧਨ ਹੀਣ ਹੈ ਉਹ ਕਰਦਾ ਹੈ ਤੇ ਇਹ ਲੋਕ ਜਿਹੜੇ ਸਾਧਨ ਹੀਣ ਨੇ। ਤੁਸੀਂ ਵੀ ਵੇਖਿਆ ਹੋਣਾ ਹੈ ਜਿਹੜੇ ਪਰਵਾਸੀ ਭਈਏ ਹੀ ਕਹਿ ਲੋ ਜੇ ਕਿਤੇ ਇਹਨਾਂ ਨੂੰ ਆਪਣੀ ਔਰਤ ਦਾ ਪਤਾ ਲੱਗ ਜਾਵੇ ਕਿ ਇਸ ਦੇ ਬਾਹਰ ਕਿਤੇ ਸੰਬੰਧ ਨੇ ਤਾਂ ਇਹ ਉਸ ਔਰਤ ਦੀ ਗਰਦਨ ਵੱਢ ਦਿੰਦੇ ਹਨ। ਤੇ ਅਸੀ ਲੋਕ ਜਿਹੜੇ ਸਾਧਨ ਸੰਪੰਨ ਲੋਕ ਉਹ ਤਲਾਕ ਲੈ ਲੈਂਦੇ ਹਨ ਤੇ ਕਿਤੇ ਹੋਰ ਵਿਆਹ ਕਰਵਾ ਲੈਂਦੇ ਹਨ। ਉਹ ਲੋਕ ਇਸ ਤਰ੍ਹਾਂ ਦੇ ਹਿੰਸਕ ਜੁਰਮ ਨਹੀਂ ਕਰਦੇ। ਇਹ ਚੀਜ਼ ਮੈ ਪੇਸ਼ ਕੀਤੀ ਹੈ ਕਿ ਜਿਹੜੀ ਇਹ ਜਮਾਤ ਹੈ ਹੁਣ ਇਹ ਪੰਜਾਬ ਵਿਚ ਸਾਡਾ ਜੋ ਪੁਰਾਣਾ ਪੰਜਾਬੀ ਕਿਰਸਾਨੀ ਜਾਂ ਪੰਜਾਬੀ ਮਜ਼ਦੂਰ ਹੈ ਉਹ ਖਿੰਡ ਪੁੰਡ ਗਿਆ ਹੈ ਜਾਂ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹੈ। ਪਰ ਜਿਹੜੀ ਇਹ ਜਮਾਤ ਆ ਗਈ ਹੈ ਭਈਆ ਦੀ ਇਹ ਡਾਉਨਟਰੋਡਨ ਹੈ ਤੇ ਇਹਨਾਂ ਵਿਚ ਜੋ ਕ੍ਰਾਈਮ ਦੀ ਪ੍ਰਵਿਰਤੀ ਹੈ ਮੈ ਉਸ ਨੂੰ ਪੇਸ਼ ਕੀਤਾ ਹੈ ਨਾ ਕਿ ਇਹ ਕੀ ਇਹ ਜਿਹੜੀ ਜਮਾਤ ਹੈ ਪੰਜਾਬ ਵਿਚ ਆ ਕੇ ਜੁਰਮ ਕਰ ਰਹੀ ਹੈ। ਮੈ ਜਸਟੀਫਾਈ ਕੀਤਾ ਹੈ ਕਿ ਉਹਨਾ ਦੀਆਂ ਮਜਬੂਰੀਆਂ ਨੇ ਜਿਹੜੀਆਂ ਉਹਨਾ ਨੂੰ ਜੁਰਮ ਲਈ ਪ੍ਰੇਰਿਤ ਕਰਦੀਆਂ ਨੇ ਨਾ ਕਿ ਉਹ ਮੁਲਜ਼ਮ ਨੇ ਇਸ ਕਰਕੇ ਮੈ ਇਹਨਾਂ ਨੂੰ ਪੇਸ਼ ਕੀਤਾ ਹੈ।

**ਪ੍ਰ: ਕੌਰਵ ਸਭਾ ਨਾਵਲ ਵਿਚ ਸਭ ਤੋਂ ਵੱਧ ਦੁਖਾਂਤ ਔਰਤ ਦੇ ਹਿੱਸੇ ਆਉਂਦਾ ਹੈ, ਇਸ ਕਥਨ ਨਾਲ ਤੁਸੀਂ ਕਿਥੋਂ ਤੱਕ ਸਹਿਮਤ ਹੋ?**

ਉ: ਇਹ ਗੱਲ ਠੀਕ ਹੈ ਕਿ ਔਰਤ ਨੂੰ ਬਰਾਬਰ ਦਾ ਸਥਾਨ ਸਾਡੇ ਸਮਾਜ ਵਿਚ ਨਹੀਂ ਦਿੱਤਾ ਗਿਆ। ਔਰਤ ਨਾਲ ਜੇਕਰ ਛੋਟੀ ਜਿਹੀ ਘਟਨਾ ਵੀ ਵਾਪਰ ਜਾਂਦੀ ਹੈ ਤਾਂ ਉਸ ਦੀ ਸਜ਼ਾ ਜ਼ਿਆਦਾ ਭੁਗਤਣੀ ਪੈਂਦੀ ਹੈ। ਇੱਕ ਕਹਾਵਤ ਹੈ ਕਿ ਇੱਕ ਕੁਆਰੀ ਕੁੜੀ ਦੀ ਕੋਈ ਬਦਨਾਮੀ ਹੁੰਦੀ ਹੈ ਤਾਂ ਉਹ ਉਸ ਦੀ ਮੜ੍ਹੀ ਤੱਕ ਉਸ ਦਾ ਜ਼ਿਕਰ ਹੁੰਦਾ ਹੈ। ਬੰਦੇ ਦੇ ਜੁਰਮ ਜਾਂ ਉਸ ਦੀਆਂ ਗ਼ਲਤੀਆਂ ਸਮਾਜ ਦੇ ਲੋਕ ਉਸ ਨੂੰ ਭੁਲਾ ਦਿੰਦੇ ਹਨ। ਉਸ ਨੂੰ ਅਸੀ ਇੱਕ ਮੁਹਾਵਰੇ ਦੇ ਤੋਰ ਤੇ 'ਨਾਤਾ ਘੋੜਾ' ਕਹਿ

ਦਿੰਦੇ ਹਾਂ। ਇਸ ਲਈ ਮੇਰਾ ਇਹ ਵੀ ਇੱਕ ਉਦੇਸ਼ ਹੈ ਕਿ ਜਿਹੜੀਆਂ ਔਰਤਾਂ ਨੇ ਉਨ੍ਹਾਂ ਉੱਤੇ ਜੁਰਮ ਦਾ ਜ਼ਿਆਦਾ ਪ੍ਰਭਾਵ ਪੈਂਦਾ ਹੈ ਤੇ ਉਹ ਜ਼ਿਆਦਾ ਨੁਕਸਾਨ ਚੱਲਦੀਆਂ ਨੇ ਮਰਦਾ ਦੇ ਮੁਕਾਬਲੇ। ਇਸ ਨਾਵਲ ਦੀ ਗੱਲ ਕਰੀਏ ਤਾਂ ਇਸ ਦੇ ਚਾਰ ਪਾਤਰ ਮੁੱਖ ਨੇ ਜਿਹੜੇ ਵਿਕਟਮ ਨੇ ਜਿਹਨਾ ਉੱਤੇ ਸੱਟਾਂ ਫੇਟਾਂ ਤੇ ਜੁਰਮਾਂ ਦਾ ਅਸਰ ਹੁੰਦਾ ਹੈ। ਇੱਕ ਕਮਲ ਹੈ ਉਸ ਦਾ ਬਾਪ ਵੇਦ ਹੈ ਇੱਕ ਨੇਹਾ ਹੈ ਤੇ ਉਸ ਦੀ ਮਾਂ ਨੀਲਮ ਹੈ। ਜੇ ਗਹਿਰਾਈ ਨਾਲ ਵੇਖਿਆ ਜਾਵੇ ਤਾਂ ਚਾਰੇ ਪਾਤਰ ਪ੍ਰਭਾਵਿਤ ਨੇ। ਜਿਵੇਂ ਕਮਲ ਦਾ ਕਤਲ ਹੋ ਗਿਆ ਸਭ ਤੋਂ ਵੱਡਾ ਜੁਰਮ ਤਾਂ ਉਸ ਦੇ ਖ਼ਿਲਾਫ਼ ਹੋਇਆ। ਉਹ ਤਾਂ ਐਲੀਮੀਨੇਟ ਹੀ ਹੋ ਗਿਆ। ਹੁਣ ਵੇਖਣ ਵਾਲੇ ਨੂੰ ਲੱਗਦਾ ਹੈ ਕਿ ਕਮਲ ਦਾ ਤਾਂ ਜ਼ਿਕਰ ਹੀ ਨਹੀਂ ਹੈ ਕਿਉਂਕਿ ਕਮਲ ਦਾ ਕਤਲ ਹੋ ਗਿਆ ਉਹ ਨਾਵਲ ਦੇ ਵਿਚ ਆ ਹੀ ਨਹੀਂ ਸਕਦਾ। ਇਸ ਲਈ ਸਭ ਤੋਂ ਜ਼ਿਆਦਾ ਧੱਕਾ ਜਾਂ ਜੁਰਮ ਤਾਂ ਕਮਲ ਨਾਲ ਹੋਇਆ। ਇਸੇ ਤਰ੍ਹਾਂ ਵੇਦ ਦੇ ਸੱਟਾਂ ਵੀ ਨੀਲਮ ਜਿੰਨੀਆਂ ਹੀ ਲੱਗਦੀਆਂ ਨੇ ਉਸ ਦੇ ਹੱਥ ਪੈਰ ਟੁੱਟ ਜਾਂਦੇ ਨੇ ਉਹ ਨਕਾਰਾ ਹੋ ਜਾਂਦਾ ਹੈ ਉਸ ਦਾ ਜਬਾੜਾ ਟੁੱਟ ਜਾਂਦਾ ਹੈ। ਉਹ ਬੋਲਣ ਜੋਗਰਾ ਨੀ, ਖਾਣ ਜੋਗਰਾ ਨੀ, ਕੰਮ ਕਰਨ ਜੋਗਰਾ ਨੀ, ਤੁਰਨ ਫਿਰਨ ਜੋਗਰਾ ਨੀ। ਇਹ ਸਾਰੀਆਂ ਇੰਜ਼ਰੀਆਂ ਪ੍ਰਤੀਕ ਵੀ ਨੇ ਕਿ ਉਹ ਆਰਥਿਕ ਤੋਰ ਤੇ ਟੁੱਟ ਜਾਂਦਾ ਹੈ, ਘਰ ਬੈਠ ਜਾਂਦਾ ਹੈ ਤੇ ਕੁੜ੍ਹਨ ਤੋਂ ਬਿਨਾਂ ਕੁਝ ਨਹੀਂ ਕਰਦਾ। ਦੂਜੇ ਪਾਸੇ ਨੀਲਮ ਦੇ ਹੈੱਡ ਇੰਜਰੀ ਹੈ ਉਹ ਤਾਂ ਡੈੱਡ ਹੋ ਗਈ ਹੈ ਉਸ ਨੂੰ ਕੋਈ ਦੁੱਖ-ਸੁੱਖ ਦਾ ਤਾਂ ਪਤਾ ਹੀ ਨਹੀਂ ਕਿ ਕੀ ਵਾਪਰ ਰਿਹਾ ਹੈ ਉਹ ਸ਼ਾਂਤ ਹੈ ਇੱਕ ਕਿਸਮ ਦੀ ਪਰ ਇੱਧਰ ਬੰਦਾ ਦੁੱਖ ਭੋਗ ਰਿਹਾ ਜਿਹੜੀ ਮਾਨਸਿਕ ਚੋਟ ਹੈ ਜਾਂ ਮਾਨਸਿਕ ਦੁੱਖ ਹੈ ਉਹ ਵੇਦ ਭੁਗਤ ਰਿਹਾ ਹੈ। ਇੱਕ ਮਰਦ ਪਾਤਰ ਖ਼ਤਮ ਹੋ ਗਿਆ ਦੂਜਾ ਮਰਦ ਪਾਤਰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੈ ਤੇ ਉਹ ਕੁਝ ਨਹੀਂ ਕਰ ਸਕਦਾ ਨਿਹੱਥਾ ਹੋ ਕੇ ਪਿਆ ਹੈ ਜਿਹੜੇ ਜੁਰਮ ਹੋਏ ਨੇ ਉਹਨਾ ਕਰਕੇ। ਇਸ ਤਰ੍ਹਾਂ ਚਾਰੇ ਪਾਤਰ ਬਰਾਬਰ ਨੇ ਦੋ-ਦੋ ਦੀ ਅਨੁਪਾਤ ਵਿਚ ਨੇ। ਇਹ ਠੀਕ ਹੈ ਕਿ ਨੇਹਾ ਮੁੱਖ ਪਾਤਰ ਹੋਣ ਕਾਰਨ ਨਾਵਲ ਦੀ ਕਹਾਣੀ ਨਾਲ ਚੱਲਦੀ ਹੈ ਇਸ ਲਈ ਲੱਗਦਾ ਅਤੇ ਮੈ ਕਰਨਾ ਵੀ ਸੀ ਪੇਸ਼ ਕਿਸੇ ਪਾਤਰ ਰਾਹੀਂ ਸਾਰਾ ਦੁਖਾਂਤ ਪੇਸ਼ ਕਰਨਾ ਹੁੰਦਾ ਹੈ। ਵੈਸੇ ਇਹ ਨਹੀਂ ਹੈ ਕਿ ਔਰਤਾਂ ਨਾਲ ਧੱਕਾ ਜ਼ਿਆਦਾ ਹੁੰਦਾ ਹੈ। ਉਸ ਦਾ ਅਸਰ ਜ਼ਿਆਦਾ ਹੁੰਦਾ ਹੈ। ਸਮਾਜ ਜੁਰਮ ਦੇ ਮਿਕਦਾਰ ਨੂੰ ਵਧਾ ਦਿੰਦੀ ਹੈ ਬੰਦੇ ਦੇ ਨਿਸਬਤ ਇਸ ਕਰਕੇ ਇਕੱਲਾ ਇਹ ਨਹੀਂ ਹੈ ਕਿ ਔਰਤਾਂ ਦਾ ਹਾਂ ਠੀਕ ਹੈ ਕਿ ਨਾਵਲ ਵਿਚ ਹੋਰ ਵੀ ਕਈ ਪਾਤਰ ਆਉਂਦੇ ਨੇ ਜੋ ਰੇਪ ਵਿਕਟਮ ਹੋ ਜਾਂਦੇ ਹਨ ਤਾਂ ਉਨ੍ਹਾਂ ਨਾਲ ਡਿਵੋਰਸ ਵੀ ਹੋ ਜਾਂਦੇ ਹਨ ਇਸ ਵਿਚ ਨੇਹਾ ਦਾ ਵੀ ਪ੍ਰੇਮ ਟੁੱਟ ਜਾਂਦਾ ਹੈ। ਨਾਵਲ ਵਿਚਲੀ ਧਾਰਮਿਕ ਸੰਸਥਾ ਵੀ ਉਸ ਨੂੰ ਇਗਨੋਰ ਕਰਦੀ ਹੈ। ਮੈ ਨਾਵਲ ਰਾਹੀਂ ਇਹ ਪੇਸ਼ ਕੀਤਾ ਹੈ ਕਿ ਸਾਡਾ ਸਮਾਜ ਬਹੁਤ ਪਿੱਛੇ ਹੈ। ਕਹਿਣ ਨੂੰ ਅਸੀ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਦੇ ਦਿੱਤੇ ਹਨ ਪਰ ਪ੍ਰੈਕਟੀਕਲੀ ਅਸੀ ਬਹੁਤ ਪਿੱਛੇ ਹਾਂ। ਇੱਥੋਂ ਤੱਕ ਕਿ ਜੋ ਪੜ੍ਹੀਆਂ ਲਿਖੀਆਂ ਜਮਾਤਾਂ ਅਖਵਾਉਂਦੀਆਂ ਨੇ ਉਹ ਵੀ ਔਰਤ ਨੂੰ ਹਾਲੇ ਪੁਰਾਣੀ ਦ੍ਰਿਸ਼ਟੀ ਨਾਲ ਹੀ ਵੇਖਦੀਆਂ ਨੇ। ਇਸ ਕਰਕੇ ਮੈ ਇਹ ਵੀ ਪੇਸ਼ ਕੀਤਾ ਹੈ ਔਰਤ ਉੱਪਰ ਜੁਰਮ ਦਾ ਜ਼ਿਆਦਾ ਪ੍ਰਭਾਵ ਪੈਂਦਾ ਹੈ ਨਿਸਬਤ ਮਰਦ ਦੇ। ਇਹ ਹੈ ਇਸ ਨਾਵਲ ਦੀ ਡੂੰਘਾਈ ਦੀ ਗੱਲ

ਵੈਸੇ ਇਹ ਗੱਲ ਠੀਕ ਵੀ ਹੈ ਕਿ ਔਰਤਾਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਨੇ ਪਰ ਮੈ ਕੋਈ ਚੇਤਨ ਤੋਰ ਤੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਪੇਸ਼ ਕੀਤੀ ਕਿ ਔਰਤਾਂ ਦੀ ਤਰਾਸਦੀ ਜ਼ਿਆਦਾ ਹੈ ਇਸ ਕਰਕੇ ਉਸ ਨੂੰ ਪੇਸ਼ ਕੀਤਾ ਹੋਵੇ।

**ਪ੍ਰ: ਕੌਰਵ ਸਭਾ ਨਾਵਲ ਵਿਚ ਮਹਾਂਭਾਰਤ ਦੀ ਮਿੱਥ ਨੂੰ ਨਾਵਲੀ ਰੂਪ ਦੇਣਾ ਕਿੰਨਾ ਕੁ ਮੁਸ਼ਕਿਲ ਕੰਮ ਲੱਗਿਆ?**

ਉ: ਮਹਾਂਭਾਰਤ ਵਿਚ ਬਹੁਤ ਸਾਰੇ ਪੱਖ ਲਏ ਗਏ ਨੇ ਉਸ ਸਮੇਂ ਦੇ ਮਹਾਨ ਲੇਖਕਾਂ ਨੇ। ਮੈਨੂੰ ਲੱਗਦਾ ਹੈ ਕਿ ਓਨੀ ਹੀ ਭਿਆਨਕ ਸਥਿਤੀ ਸਾਡੀ ਅੱਜ ਦੀ ਸਥਿਤੀ ਹੈ ਭਾਰਤ ਦੇ ਵਿਚ। ਮੈ ਉਸ ਮਿੱਥ ਨੂੰ ਉਸੇ ਤਰ੍ਹਾਂ ਆਧੁਨਿਕ ਰਣ ਕਰਕੇ ਪੇਸ਼ ਕੀਤਾ ਹੈ। ਮਹਾਂਭਾਰਤ ਜਿਹੇ ਮਹਾਂਕਾਵਿ ਨੂੰ ਪੇਸ਼ ਕਰਨ ਲੱਗੇ ਕੋਈ ਦਿੱਕਤ ਮਹਿਸੂਸ ਨਹੀਂ ਹੋਈ ਕਿਉਂਕਿ ਹੁਣ ਵੀ ਹਾਲਾਤ ਉਸੇ ਤਰ੍ਹਾਂ ਦੇ ਹਨ। ਨਾ ਇਨਸਾਫ਼ ਮਿਲਦਾ ਹੈ ਨਾ ਰਾਜ ਕਰ ਰਹੀ ਜਮਾਤ ਉਹ ਕੋਈ ਇਨਸਾਫ਼ ਦਿੰਦੀ ਹੈ ਨਾ ਹੀ ਨਿਆਂਪਾਲਿਕਾ ਕੋਲੋਂ ਇਨਸਾਫ਼ ਮਿਲਦਾ ਨਾ ਹੀ ਸਿਹਤ ਸਹੂਲਤਾਂ ਚੰਗੀ ਤਰ੍ਹਾਂ ਮਿਲਦੀਆਂ ਨੇ। ਕਿਸੇ ਵੀ ਪਾਸੇ ਕੋਈ ਵੀ ਰਾਜ ਦੀ ਏਜੰਸੀ ਉਹ ਇਨਸਾਫ਼ ਨਹੀਂ ਦਿੰਦੀ ਲੋਕਾਂ ਨੂੰ ਤਾਂ ਇਸ ਕਰਕੇ ਮੈਨੂੰ ਬਹੁਤੀ ਦਿੱਕਤ ਨਹੀਂ ਆਈ। ਦੂਜਾ ਮੈ ਬਹੁਤ ਗਹਿਰਾਈ ਨਾਲ ਉਸ ਐਪਿਕ ਦਾ ਅਧਿਐਨ ਵੀ ਕੀਤਾ ਹੋਇਆ ਹੈ। ਉਸ ਵਿਚ ਵੀ ਪਾਤਰ ਬਹੁਤ ਨੇ ਇਸ ਵਿਚ ਵੀ ਪਾਤਰ ਬਹੁਤ ਨੇ। ਉਸ ਵਿਚ ਵੀ ਘਟਨਾਵਾਂ ਬਹੁਤ ਨੇ ਇਸ ਵਿਚ ਵੀ ਕਾਫ਼ੀ ਘਟਨਾਵਾਂ ਲਈਆਂ ਹਨ। ਇਸ ਕਰਕੇ ਉਹ ਮੇਰਾ ਪ੍ਰੇਰਨਾ ਸਰੋਤ ਬਣਿਆ ਤੇ ਮੈਨੂੰ ਇਸ ਨਾਵਲ ਦੀ ਥੀਮ ਦੀ ਪੇਸ਼ਕਾਰੀ ਵਿਚ ਮੈਨੂੰ ਸਹਾਈ ਹੋਇਆ, ਦਿੱਕਤ ਮੈਨੂੰ ਕੋਈ ਪੇਸ਼ ਨਹੀਂ ਹੋਈ। ਇਸ ਤਰ੍ਹਾਂ ਬਾਅਦ ਵਿਚ ਵੀ ਮੈਨੂੰ ਇਹ ਖ਼ੁਸ਼ੀ ਵਾਲਾ ਅਹਿਸਾਸ ਹੈ ਕਿ ਮੈ ਇਸ ਨਾਵਲ ਦੀ ਪੇਸ਼ਕਾਰੀ ਉਸ ਅਨੁਸਾਰ ਕੀਤੀ ਅਤੇ ਉਸ ਦਾ ਕੁਝ ਅੰਸ਼ ਗ੍ਰਹਿਣ ਕਰਕੇ ਉਸ ਐਪਿਕ ਨੂੰ ਤਾਂ ਇੰਟਰਨੈਸ਼ਨਲ ਲੈਵਲ ਦਾ ਮਾਣ ਪ੍ਰਾਪਤ ਹੈ ਤੇ ਇਸ ਨਾਵਲ ਨੂੰ ਵੀ ਪੰਜਾਬੀ ਵਿਚ ਮਾਣ ਪ੍ਰਾਪਤ ਹੋਇਆ ਹੈ।

## ਪੁਸਤਕ ਸੂਚੀ

**ਪੰਜਾਬੀ ਪੁਸਤਕਾਂ**


- ਐੱਸ. ਤਰਸੇਮ(ਸੰਪਾ.), ਰਵੀ ਰਵਿੰਦਰ(ਸ.ਸੰਪਾ.), ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ ਦਰ ਸੰਵਾਦ, ਮਲੇਰਕੋਟਲਾ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, 2008
- ਸਿੰਘ, ਹਰਿਭਜਨ, ਸਾਹਿਤ ਸ਼ਾਸਤਰ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2002
- ਸਿੰਘ, ਕੁਲਵੰਤ, ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2014
- ਸਿੰਘ, ਜਸਵਿੰਦਰ, ਸਭਿਆਚਾਰ ਅਤੇ ਕਿੱਸਾ ਕਾਵਿ, ਪਟਿਆਲਾ, ਸੇਧ ਪ੍ਰਕਾਸ਼ਨ, 1985
- ਸਿੰਘ, ਪਿਆਰਾ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ, ਨਿਊ ਬੁੱਕ ਕੰਪਨੀ, 2012
- ਸਿੰਘ, ਪਿਆਰਾ, ਖੋਜ ਸਿਧਾਂਤ ਤੇ ਵਿਹਾਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2011
- ਸਿੰਘ, ਮਨਜੀਤ, ਜਨਮ ਸਾਖੀ / ਮਿੱਥ ਵਿਗਿਆਨ, ਦਿੱਲੀ, ਚਾਂਦਨੀ ਚੌਂਕ, 2005
- ਕੌਰ, ਪਰਦੀਪ, ਮਿੱਥ ਵਿਗਿਆਨ ਅਤੇ ਸਾਹਿਤ (ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਨਾਵਲਾਂ ਦੇ ਸੰਦਰਭ ਵਿਚ), ਲੁਧਿਆਣਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2014
- ਕੌਰ, ਸਿਮਰਜੀਤ, ਮਿੱਤਰ ਸੈਨ ਮੀਤ ਨਾਵਲ ਰਚਨਾ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2015
- ਕੌਰ, ਸਿਮਰਜੀਤ, ਨਾਵਲਕਾਰ ਮਿੱਤਰ ਸੈਨ ਮੀਤ ਵਿਚਾਰਧਾਰਾਈ ਆਧਾਰ ਅਤੇ ਕਲਾਤਮਕ-ਜੁਗਤਾਂ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2015
- ਖਾਹਰਾ, ਸੁਖਦੇਵ ਸਿੰਘ, ਨਾਵਲਕਾਰ ਮਿੱਤਰ ਸੈਨ ਮੀਤ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 2005
- ਖਾਹਰਾ, ਸੁਖਦੇਵ ਸਿੰਘ, ਕੌਰਵ ਸਭਾ: ਆਲੋਚਨਾਤਮਿਕ ਵਿਸ਼ਲੇਸ਼ਣ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2014
- ਗਰੇਵਾਲ, ਅਮਰਜੀਤ ਸਿੰਘ, ਪ੍ਰਸੰਗ ਕੌਰਵ ਸਭਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2014
- ਢੀਂਡਸਾ, ਮਾਨ ਸਿੰਘ, ਪੰਜਾਬੀ ਨਾਵਲ: ਪਰੰਪਰਾ ਅਤੇ ਪ੍ਰਵਾਹ, ਜਲੰਧਰ, ਸ਼ਿਵ ਪ੍ਰਕਾਸ਼ਨ 984, ਮਾਡਲ ਹਾਊਸ
- ਧਾਲੀਵਾਲ, ਬਲਦੇਵ ਸਿੰਘ, ਪੰਜਾਬੀ ਬਿਰਤਾਂਤਿਕ ਪ੍ਰਵਚਨ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2011
- ਪੂਨੀ, ਬਲਬੀਰ ਸਿੰਘ, ਪੰਜਾਬੀ ਲੋਕ-ਧਾਰਾ ਅਤੇ ਸਭਿਆਚਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2014
- ਭਾਟੀਆ, ਹਰਿਭਜਨ ਸਿੰਘ, ਮਿੱਤਰ ਸੈਨ ਮੀਤ ਦੇ ਨਾਵਲ ਕੌਰਵ ਸਭਾ ਦੀਆਂ ਪਰਤਾਂ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2006
- ਮੀਤ, ਮਿੱਤਰ ਸੈਨ, ਤਫ਼ਤੀਸ਼, ਬਰਗਾੜੀ (ਫ਼ਰੀਦਕੋਟ), ਪੀਪਲਜ਼ ਫੋਰਮ, 2014
- ਮੀਤ, ਮਿੱਤਰ ਸੈਨ, ਕਟਹਿਰਾ, ਬਰਗਾੜੀ (ਫ਼ਰੀਦਕੋਟ), ਪੀਪਲਜ਼ ਫੋਰਮ, 2014

- ਮੀਤ, ਮਿੱਤਰ ਸੈਨ, ਕੌਰਵ ਸਭਾ, ਬਰਗਾੜੀ (ਫ਼ਰੀਦਕੋਟ), ਪੀਪਲਜ਼ ਫੋਰਮ, 2015
- ਮੀਤ, ਮਿੱਤਰ ਸੈਨ, ਸੁਧਾਰ ਘਰ, ਅੰਮ੍ਰਿਤਸਰ, ਭਾ. ਚਤਰ ਸਿੰਘ ਜੀਵਨ ਸਿੰਘ (ਬਜ਼ਾਰ ਮਾਈ ਸੇਵਾ), 2012

**ਅੰਗਰੇਜ਼ੀ ਪੁਸਤਕਾਂ**

- Frye, Northrop, Anatomy of Criticism, New Jersey, Princeton University Press, 1973
- Handy, William J., Westbrook Max(ed.), Twentieth Century Criticism: The Major Statement, New Delhi, Light and Life Publishers, 1974
- Lal, D.K, Myth and Mythical Concept in O'Neil's Plays, New Delhi, Atlantic Publishers and Distributors, 1992
- Vico, Gaimbattista, 'The New Science', Cornell University Press, Ithaca, New York, 1948

**ਖੋਜ-ਪ੍ਰਬੰਧ**

- ਕੌਰ, ਵੀਰਪਾਲ, ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਮਿੱਥ, ਰੀਤ ਅਤੇ ਯਥਾਰਥ ਦੇ ਅੰਤਰ-ਸੰਬੰਧਾਂ ਵਿਚੋਂ ਉੱਭਰਦੇ ਪੈਟਰਨ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2005
- ਕੌਰ, ਸਿਮਰਜੀਤ, ਮਿੱਤਰ ਸੈਨ ਮੀਤ ਦਾ ਨਾਵਲ ਜਗਤ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2011
- ਕੁਮਾਰ, ਵਿਨੀਤ, ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਨਿਆਇ ਦਾ ਸੰਕਲਪ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2013
- ਕੌਰ, ਪ੍ਰਦੀਪ, ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਮਿੱਥ ਰੂਪਾਂਤਰਨ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2014

**ਰਸਾਲੇ**

- ਔਲਖ, ਸਤਿੰਦਰ, ਖੋਜ ਦਰਪਣ (ਲੋਕ-ਧਾਰਾ ਵਿਸ਼ੇਸ਼ ਅੰਕ), ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 2003, ਪੰਨਾ-35-51-99-145

# Mitter Sain Meet De Novel 'Kaurav Sabha' 'ch Myth Rupantarn